@Qpatrika @qaumipatrika punjabi instagram.com/qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
Qaumi Patrika NO.1
Punjabi National Daily
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Tuesday, 8 July 2025
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਮੰਗਲਵਾਰ 8 ਜੁਲਾਈ 2025, 24 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 238, qpatrika@gmail.com ਫੋਨ : 9971359517 www.qaumipatrika.org

## ਪੰਜਾਬ 'ਚ ਹੋਵੇਗੀ ਅਧਿਆਪਕਾਂ ਦੀ ਭਰਤੀ, ਸਰਕਾਰ ਨੇ ਕਰ'ਤਾ ਐਲਾਨ !

ਪੰਜਾਬ ਡੈਸਕ , 7 ਜੁਲਾਈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਅੱਜ ਹੋਈ ਪੰਜਾਬ ਕੈਬਨਿਟ ਮੀਟਿੰਗ ਵਿੱਚ ਕਈ ਅਹਿਮ ਫੈਸਲੇ ਲਏ ਗਏ। ਪ੍ਰੈਸ ਕਾਨਫਰੰਸ ਕਰਕੇ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਜਿਸ ਵਿਚ ਦੱਸਿਆ ਕਿ '373 ਤੇ ਰਿਆਤ ਬਹਾਰਾ ਨੂੰ ਯੂਨੀਵਰਸਿਟੀ ਦਾ ਦਰਜਾ ਮਿਲੇਗਾ।



ਕਿਲ੍ਹਾ ਰਾਏਪੁਰ ਦੀਆਂ ਖੇਡਾਂ ਨੂੰ ਲੈ ਕੇ ਵੀ ਵੱਡਾ ਫੈਸਲਾ ਲਿਆ ਗਿਆ ਹੈ। ਬੈਲ ਗੱਡੀਆਂ ਦੀਆਂ ਦੌੜਾਂ ਮੁੜ ਸ਼ੁਰੂ ਹੋਣਗੀਆਂ। ਇਸ ਤੋਂ ਇਲਾਵਾ ਪੰਜਾਬ 'ਚ 3600 ਅਧਿਆਪਕ ਭਰਤੀ ਕੀਤੇ ਜਾਣਗੇ। ਅਧਿਆਪਕ ਸਪੈਸ਼ਲ ਬੱਚਿਆਂ ਨੂੰ ਪੜਾਉਣਗੇ। 22$2 ਤੇ CISF ਦੀ ਨਿਯੁਕਤੀ ਲਈ ਦਿੱਤੀ ਸਹਿਮਤੀ ਰੱਦ ਕੀਤੀ ਗਈ ਹੈ। ਚੰਨੀ ਸਰਕਾਰ ਨੇ 2021 'ਚ ਨਿਯੁਕਤੀ ਲਈ ਮਨਜ਼ੂਰੀ ਦਿੱਤੀ ਸੀ। ਡੈਮਾਂ ਦੀ ਸੁਰੱਖਿਆ ਪੰਜਾਬ ਪੁਲਸ ਕਰੇਗੀ। ਇਸ ਤੋਂ ਇਲਾਵਾ 'ਬੇਅਦਬੀ ਮਾਮਲਿਆਂ 'ਚ ਸਖ਼ਤ ਸਜ਼ਾ ਲਈ ਕਾਨੂੰਨ' ਲਿਆਂਦਾ ਜਾਵੇਗਾ।

# ਸ਼ਾਂਤੀ ਦਾ ਸਮਾਂ ਸਿਰ.ਫ ਇੱਕ ਭਰਮ, ਹੋਰ ਕੁਝ ਨਹੀਂ : ਰਾਜਨਾਥ ਸਿੰਘ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ , 7 ਜੁਲਾਈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ 'ਆਪ੍ਰੇਸ਼ਨ ਸਿੰਦੂਰ' ਦੌਰਾਨ ਹਥਿਆਰਬੰਦ ਬਲਾਂ ਦੁਆਰਾ ਦਿਖਾਈ ਗਈ ਬਹਾਦਰੀ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸ਼ਾਂਤੀ ਦਾ ਸਮਾਂ ਇੱਕ ਭਰਮ ਤੋਂ ਇਲਾਵਾ ਕੁਝ ਹੋਰ ਨਹੀਂ ਹੈ। ਭਾਰਤ ਨੂੰ ਮੁਕਾਬਲਤਨ ਸ਼ਾਂਤੀਪੂਰਨ ਸਮੇਂ ਦੌਰਾਨ ਅਨਿਸ਼ਚਿਤਤਾ ਲਈ ਤਿਆਰ ਰਹਿਣਾ ਚਾਹੀਦਾ ਹੈ। ਇੱਕ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਸਿੰਘ ਨੇ ਕਿਹਾ ਕਿ ਆਪ੍ਰੇਸ਼ਨ ਵਿੱਚ ਸਵਦੇਸ਼ੀ ਤੌਰ 'ਤੇ ਨਿਰਮਿਤ ਉਪਕਰਣਾਂ ਅਤੇ ਪ੍ਰਣਾਲੀਆਂ ਦੇ ਪ੍ਰਦਰਸ਼ਨ ਨੇ ਭਾਰਤ ਵਿੱਚ ਬਣੇ ਫੌਜੀ ਉਤਪਾਦਾਂ ਦੀ ਵਿਸ਼ਵਵਿਆਪੀ ਮੰਗ ਨੂੰ ਵਧਾ ਦਿੱਤਾ ਹੈ। ਉਨ੍ਹਾਂ ਕਿਹਾ, ਦੁਨੀਆ ਸਾਡੇ ਰੱਖਿਆ ਖੇਤਰ ਨੂੰ ਨਵੇਂ ਸਤਿਕਾਰ ਨਾਲ ਦੇਖ ਰਹੀ ਹੈ। ਵਿੱਤੀ ਪ੍ਰਕਿਰਿਆਵਾਂ ਵਿੱਚ ਇੱਕ ਵੀ ਦੇਰੀ ਜਾਂ ਗਲਤੀ ਸਿੱਧੇ ਤੌਰ 'ਤੇ ਕਾਰਜਸ਼ੀਲ ਤਿਆਰੀ ਨੂੰ ਪ੍ਰਭਾਵਿਤ ਕਰ ਸਕਦੀ ਹੈ। ਸਿੰਘ ਨੇ ਕਿਹਾ, ਜ਼ਿਆਦਾਤਰ ਉਪਕਰਨ ਜੋ ਅਸੀਂ ਪਹਿਲਾਂ ਆਯਾਤ ਕਰਦੇ ਸੀ, ਹੁਣ ਭਾਰਤ ਵਿੱਚ ਬਣਾਏ ਜਾ ਰਹੇ ਹਨ। ਸਾਡੇ ਸੁਧਾਰ ਉੱਚ ਪੱਧਰ 'ਤੇ ਸਪੱਸ਼ਟ ਦ੍ਰਿਸ਼ਟੀਕੋਣ ਅਤੇ ਵਚਨਬੱਧਤਾ ਕਾਰਨ ਸਫਲ ਹੋ ਰਹੇ ਹਨ। ਰੱਖਿਆ ਮੰਤਰੀ ਡਿਫੈਂਸ ਅਕਾਊਂਟਸ ਡਿਪਾਰਟਮੈਂਟ (ਡੀਏਡੀ) ਦੇ ਕੰਟਰੋਲਰਾਂ ਦੀ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਰੱਖਿਆ ਵਿਭਾਗ ਨੂੰ ਰੱਖਿਆ ਵਿੱਚ ਨਿੱਜੀ ਖੇਤਰ ਦੀ ਵਧਦੀ



ਭਾਗੀਦਾਰੀ ਦੇ ਨਾਲ ਇੱਕ ਕੰਟਰੋਲਰ ਤੋਂ ਸਹੂਲਤ ਦੇਣ ਵਾਲੇ ਵਿੱਚ ਬਦਲਣ ਦਾ ਸੱਦਾ ਦਿੱਤਾ। ਵਿਆਪਕ ਭੂ-ਰਾਜਨੀਤਿਕ ਸਥਿਤੀ 'ਤੇ ਰੌਸ਼ਨੀ ਪਾਉਂਦੇ ਹੋਏ ਰੱਖਿਆ ਮੰਤਰੀ ਨੇ ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਦੇ ਇੱਕ ਵਿਸ਼ਲੇਸ਼ਣ ਦਾ ਹਵਾਲਾ ਦਿੱਤਾ, ਜਿਸ ਵਿੱਚ ਕਿਹਾ ਗਿਆ ਹੈ ਕਿ 2024 ਵਿੱਚ ਵਿਸ਼ਵਵਿਆਪੀ ਫੌਜੀ ਖਰਚ 2.7 ਲੱਖ ਕਰੋੜ ਅਮਰੀਕੀ ਡਾਲਰ ਤੱਕ ਪਹੁੰਚਣ ਦਾ ਅਨੁਮਾਨ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਭਾਰਤ ਦੇ ਸਵਦੇਸ਼ੀ ਰੱਖਿਆ ਉਦਯੋਗਾਂ ਲਈ ਬਹੁਤ ਸਾਰੇ ਮੌਕੇ ਖੁੱਲ੍ਹਣਗੇ। ਰੱਖਿਆ ਮੰਤਰੀ ਨੇ ਰੱਖਿਆ ਵਿਭਾਗ ਦੇ ਨਵੇਂ ਆਦਰਸ਼ ਚੇਤਾਵਨੀ, ਕਿਰਿਆਸ਼ੀਲ, ਅਨੁਕੂਲ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਸਿਰਫ਼ ਸ਼ਬਦ ਨਹੀਂ ਹਨ ਸਗੋਂ ਅੱਜ ਦੇ ਤੇਜ਼ੀ ਨਾਲ ਵਿਕਸਤ ਹੋ ਰਹੇ ਰੱਖਿਆ ਵਾਤਾਵਰਣ ਵਿੱਚ ਲੋੜੀਂਦੇ ਕਾਰਜ ਸੱਭਿਆਚਾਰ ਦਾ ਪ੍ਰਤੀਬਿੰਬ ਹਨ। ਉਨ੍ਹਾਂ ਨੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਸਿਰਫ਼ ਬਾਹਰੀ ਆਡਿਟ ਜਾਂ ਸਲਾਹਕਾਰਾਂ 'ਤੇ ਨਿਰਭਰ ਕਰਨ ਦੀ ਬਜਾਏ ਆਤਮ-ਨਿਰੀਖਣ ਰਾਹੀਂ ਅੰਦਰੂਨੀ ਸੁਧਾਰ ਕਰਨ। ਸਿੰਘ ਨੇ ਕਿਹਾ ਕਿ ਅੰਦਰੂਨੀ ਮੁਲਾਂਕਣ ਰਾਹੀਂ ਕੀਤੇ ਸੁਧਾਰ ਇੱਕ ਜੀਵੰਤ ਸੰਗਠਨ ਬਣਾਉਂਦੇ ਹਨ ਅਤੇ ਇਹ ਸੁਧਾਰ ਘੱਟ ਰੁਕਾਵਟਾਂ ਦੇ ਨਾਲ ਵਧੇਰੇ ਟਿਕਾਊ ਹੁੰਦੇ ਹਨ। ਉਨ੍ਹਾਂ ਕਿਹਾ, ਸ਼ਾਂਤੀ ਦਾ ਸਮਾਂ ਇੱਕ ਭਰਮ ਤੋਂ ਇਲਾਵਾ ਕੁਝ ਨਹੀਂ ਹੈ। ਮੁਕਾਬਲਤਨ ਸ਼ਾਂਤ ਸਮੇਂ ਦੌਰਾਨ ਸਾਨੂੰ ਅਨਿਸ਼ਚਿਤਤਾ ਲਈ ਤਿਆਰ ਰਹਿਣਾ ਚਾਹੀਦਾ ਹੈ। ਅਚਾਨਕ ਵਿਕਾਸ ਸਾਡੀ ਵਿੱਤੀ ਅਤੇ ਕਾਰਜਸ਼ੀਲ ਸਥਿਤੀ ਨੂੰ ਪੂਰੀ ਤਰ੍ਹਾਂ ਬਦਲ ਸਕਦਾ ਹੈ। ਮੰਤਰੀ ਨੇ ਕਿਹਾ, ਚਾਹੇ ਇਹ ਸਾਜ਼ੋ-ਸਾਮਾਨ ਦੇ ਉਤਪਾਦਨ ਨੂੰ ਵਧਾਉਣਾ ਹੋਵੇ ਜਾਂ ਵਿੱਤੀ ਪ੍ਰਕਿਰਿਆਵਾਂ ਨੂੰ ਅਨੁਕੂਲ ਬਣਾਉਣਾ, ਸਾਨੂੰ ਹਰ ਸਮੇਂ ਨਵੀਨਤਾਕਾਰੀ ਤਕਨਾਲੋਜੀਆਂ ਅਤੇ ਪ੍ਰਣਾਲੀਆਂ ਨਾਲ ਤਿਆਰ ਰਹਿਣਾ ਚਾਹੀਦਾ ਹੈ। ਉਨ੍ਹਾਂ ਨੇ ਡੀਏਡੀ ਨੂੰ ਇਸ ਮਾਨਸਿਕਤਾ ਨੂੰ ਆਪਣੀ ਯੋਜਨਾਬੰਦੀ, ਬਜਟ ਅਤੇ ਫ਼ੈਸਲਾ ਲੈਣ ਪ੍ਰਣਾਲੀਆਂ ਵਿੱਚ ਸ਼ਾਮਲ ਕਰਨ ਲਈ ਕਿਹਾ। ਰੱਖਿਆ ਖੇਤਰ ਦੀ ਵਧਦੀ ਰਣਨੀਤਕ ਅਤੇ ਆਰਥਿਕ ਮਹੱਤਤਾ ਨੂੰ ਉਜਾਗਰ ਕਰਦੇ ਸਿੰਘ ਨੇ ਰੱਖਿਆ ਖ਼ਰਚ ਦੀ ਧਾਰਨਾ ਨੂੰ ਸਿਰਫ਼ ਇੱਕ ਖ਼ਰਚੇ ਵਜੋਂ ਵਿਚਾਰਨ ਤੋਂ ਬਦਲ ਕੇ ਇੱਕ ਗੁਣਾਤਮਕ ਪ੍ਰਭਾਵ ਵਾਲੇ ਆਰਥਿਕ ਨਿਵੇਸ਼ ਵਿੱਚ ਬਦਲਣ ਦਾ ਸੱਦਾ ਦਿੱਤਾ। ਉਹਨਾਂ ਕਿਹਾ, ਹਾਲ ਹੀ ਤੱਕ, ਰੱਖਿਆ ਬਜਟ ਨੂੰ ਰਾਸ਼ਟਰੀ ਅਰਥਵਿਵਸਥਾ ਦਾ ਹਿੱਸਾ ਨਹੀਂ ਮੰਨਿਆ ਜਾਂਦਾ ਸੀ। ਅੱਜ ਇਹ ਵਿਕਾਸ ਦੇ ਚਾਲਕ ਹਨ। ਰੱਖਿਆ ਮੰਤਰੀ ਨੇ ਰੱਖਿਆ ਵਿਭਾਗ ਨੂੰ ਆਪਣੀ ਯੋਜਨਾਬੰਦੀ ਅਤੇ ਮੁਲਾਂਕਣ ਵਿੱਚ ਰੱਖਿਆ ਅਰਥਸ਼ਾਸਤਰ ਨੂੰ ਸ਼ਾਮਲ ਕਰਨ ਦੀ ਅਪੀਲ ਕੀਤੀ, ਜਿਸ ਵਿੱਚ ਖੋਜ ਅਤੇ ਵਿਕਾਸ ਪ੍ਰੋਜੈਕਟਾਂ ਅਤੇ ਦੋਹਰੀ-ਵਰਤੋਂ ਵਾਲੀਆਂ ਤਕਨਾਲੋਜੀਆਂ ਦੇ ਸਮਾਜਿਕ ਪ੍ਰਭਾਵ ਵਿਸ਼ਲੇਸ਼ਣ ਸ਼ਾਮਲ ਹਨ।

# ਵਿਧਾਨ ਸਭਾ ਦੇ ਸਪੀਕਰ ਵਿਜੇਂਦਰ ਗੁਪਤਾ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ

ਕੌਮੀ ਪਤ੍ਰਿਕਾ

ਨਵੀਂ ਦਿੱਲੀ, 7 ਜੁਲਾਈ: ਦਿੱਲੀ ਵਿਧਾਨ ਸਭਾ ਦੇ ਸਪੀਕਰ ਵਿਜੇਂਦਰ ਗੁਪਤਾ ਨੇ ਅੱਜ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਇਸ ਮੌਕੇ ਗੁਪਤਾ ਨੇ ਕੇਂਦਰੀ ਮੰਤਰੀ ਨੂੰ ਦਿੱਲੀ ਵਿਧਾਨ ਸਭਾ ਵਿੱਚ ਚੱਲ ਰਹੇ ਕਈ ਇਤਿਹਾਸਕ ਅਤੇ ਪਰਿਵਰਤਨਸ਼ੀਲ ਯਤਨਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਗੁਪਤਾ ਨੇ ਵਿਧਾਨ ਸਭਾ ਨੂੰ ਪੂਰੀ ਤਰ੍ਹਾਂ ਡਿਜੀਟਲ ਬਣਾਉਣ ਲਈ ਚੱਲ ਰਹੇ ਯਤਨਾਂ ਬਾਰੇ ਜਾਣਕਾਰੀ ਦਿੱਤੀ, ਜੋ ਕਿ ਰਾਸ਼ਟਰੀ ਈ-ਵਿਧਾਨ ਐਪਲੀਕੇਸ਼ਨ (NeVA) ਦੇ ਤਹਿਤ ਕੀਤੇ ਜਾ ਰਹੇ ਹਨ। ਇਹ ਕਾਗਜ਼ ਰਹਿਤ ਪ੍ਰਣਾਲੀ ਪਾਰਦਰਸ਼ਤਾ ਨੂੰ ਉਤਸ਼ਾਹਿਤ ਕਰੇਗੀ, ਕੁਸ਼ਲਤਾ ਵਧਾਏਗੀ ਅਤੇ ਮੈਂਬਰਾਂ ਵਿਚਕਾਰ ਸੰਚਾਰ ਨੂੰ ਹੋਰ ਸੁਚਾਰੂ



ਬਣਾਏਗੀ। ਇਸ ਤੋਂ ਇਲਾਵਾ, ਗੁਪਤਾ ਨੇ ਅਸੈਂਬਲੀ ਕੰਪਲੈਕਸ ਨੂੰ ਪੂਰੀ ਤਰ੍ਹਾਂ ਸੂਰਜੀ ਊਰਜਾ 'ਤੇ ਚਲਾਉਣ ਦੀ ਯੋਜਨਾ ਬਾਰੇ ਵੀ ਜਾਣਕਾਰੀ ਦਿੱਤੀ। ਇਹ ਟੀਚਾ 500 ਕਿਲੋਵਾਟ ਸੂਰਜੀ ਊਰਜਾ ਪ੍ਰੋਜੈਕਟ ਰਾਹੀਂ ਪ੍ਰਾਪਤ ਕੀਤਾ ਜਾ ਰਿਹਾ ਹੈ, ਜੋ ਵਾਤਾਵਰਣ ਸੁਰੱਖਿਆ ਪ੍ਰਤੀ ਇੱਕ ਪ੍ਰੇਰਨਾਦਾਇਕ ਉਦਾਹਰਣ ਸਥਾਪਤ ਕਰੇਗਾ। ਇਹ ਕਦਮ ਵਾਤਾਵਰਣ ਜ਼ਿੰਮੇਵਾਰੀ ਪ੍ਰਤੀ ਅਸੈਂਬਲੀ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਗੁਪਤਾ ਨੇ ਮਾਨਯੋਗ ਕੇਂਦਰੀ ਗ੍ਰਹਿ ਮੰਤਰੀ ਨੂੰ ਦਿੱਲੀ ਵਿਧਾਨ ਸਭਾ ਨੂੰ ਇੱਕ ਸੱਭਿਆਚਾਰਕ ਵਿਰਾਸਤ ਸਥਾਨ ਵਜੋਂ ਵਿਕਸਤ ਕਰਨ ਬਾਰੇ ਵੀ ਜਾਣੂ ਕਰਵਾਇਆ। ਇਹ ਪਹਿਲਕਦਮੀ ਨਾ ਸਿਰਫ਼ ਰਾਜਧਾਨੀ ਦੀ ਅਮੀਰ ਵਿਧਾਨਕ ਪਰੰਪਰਾ ਨੂੰ ਸੁਰੱਖਿਅਤ ਰੱਖੇਗੀ ਬਲਕਿ ਇੱਕ ਆਧੁਨਿਕ ਕੰਪਲੈਕਸ ਵੀ ਬਣਾਏਗੀ ਅਤੇ ਇਸਨੂੰ ਜਨਤਕ ਭਾਗੀਦਾਰੀ, ਨਾਗਰਿਕ ਸਿੱਖਿਆ ਅਤੇ ਲੋਕਤੰਤਰੀ ਸੰਵਾਦ ਦੇ ਇੱਕ ਜੀਵੰਤ ਕੇਂਦਰ ਵਿੱਚ ਬਦਲ ਦੇਵੇਗੀ।

## ਨਿਆਂਪਾਲਿਕਾ ਦੀ ਆਜ਼ਾਦੀ ਨਾਲ ਸਮਝੌਤਾ ਨਹੀਂ ਕੀਤਾ ਜਾਣਾ ਚਾਹੀਦਾ : ਚੀ.ਫ ਜਸਟਿਸ ਗਵਈ

ਮੁੰਬਈ, 7 ਜੁਲਾਈ। ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਭੂਸ਼ਣ ਰਾਮਕ੍ਰਿਸ਼ਨ ਗਵਈ ਨੇ ਕਿਹਾ ਕਿ ਕਾਨੂੰਨ ਜਾਂ ਸੰਵਿਧਾਨ ਦੀ ਵਿਆਖਿਆ 'ਅਮਲੀ' ਤੇ ਸਮਾਜ ਦੀਆਂ ਲੋੜਾਂ ਅਨੁਸਾਰ ਹੋਣੀ ਚਾਹੀਦੀ ਹੈ। ਜਸਟਿਸ ਗਵਈ ਨੇ ਇੱਥੇ ਬੰਬੇ ਹਾਈ ਕੋਰਟ ਵੱਲੋਂ ਆਪਣੇ ਮਾਨ 'ਚ ਆਯੋਜਿਤ ਇਕ ਸਮਾਗਮ 'ਚ ਕਿਹਾ ਕਿ ਉਨ੍ਹਾਂ ਨੂੰ 'ਕੁਝ ਸਹਿਯੋਗੀਆਂ' ਦੇ ਰੁੱਖੇ ਵਤੀਰੇ ਬਾਰੇ ਸ਼ਿਕਾਇਤਾਂ ਮਿਲੀਆਂ ਹਨ। ਉਨ੍ਹਾਂ ਜੱਜਾਂ ਨੂੰ ਸੰਸਥਾ ਦੀ ਸਾਖ ਦੀ ਰੱਖਿਆ ਕਰਨ ਦੀ ਅਪੀਲ ਕੀਤੀ। ਸੁਪਰੀਮ ਕੋਰਟ ਦੇ ਇਕ ਪੁਰਾਣੇ ਫੈਸਲੇ ਦਾ ਹਵਾਲਾ ਦਿੰਦੇ ਹੋਏ ਜਸਟਿਸ ਗਵਈ ਨੇ ਕਿਹਾ ਕਿ ਕਿਸੇ ਵੀ ਕਾਨੂੰਨ ਜਾਂ ਸੰਵਿਧਾਨ ਦੀ ਵਿਆਖਿਆ ਮੌਜੂਦਾ ਪੀੜ੍ਹੀ ਨੂੰ ਦਰਪੇਸ਼ ਸਮੱਸਿਆਵਾਂ ਦੇ ਸੰਦਰਭ 'ਚ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੱਜਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੀ ਜ਼ਮੀਰ ਤੇ ਕਾਨੂੰਨ ਅਨੁਸਾਰ ਕੰਮ ਕਰਨ ਪਰ 'ਕੇਸ ਦਾ ਫੈਸਲਾ ਹੋਣ ਤੋਂ ਬਾਅਦ ਉਨ੍ਹਾਂ ਨੂੰ ਕਦੇ ਵੀ ਭਟਕਣਾ ਨਹੀਂ ਚਾਹੀਦਾ। ਜੱਜਾਂ ਦੀ ਨਿਯੁਕਤੀ ਬਾਰੇ ਗੱਲ ਕਰਦੇ ਹੋਏ ਚੀਫ਼ ਜਸਟਿਸ ਨੇ ਕਿਹਾ ਕਿ ਨਿਆਂਪਾਲਿਕਾ ਦੀ ਆਜ਼ਾਦੀ ਨਾਲ ਕਿਸੇ ਵੀ ਕੀਮਤ 'ਤੇ ਸਮਝੌਤਾ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਜਾਂ ਹਾਈ ਕੋਰਟਾਂ ਵਿੱਚ ਨਿਯੁਕਤੀਆਂ ਕਰਦੇ ਸਮੇਂ ਕੋਲੇਜੀਅਮ ਇਹ ਯਕੀਨੀ ਬਣਾਉਂਦੀ ਹੈ ਕਿ ਯੋਗਤਾ ਬਣਾਈ ਰੱਖੀ ਜਾਵੇ।

## ਏਅਰ ਇੰਡੀਆ ਦੀ ਫਲਾਈਟ ਹੋਈ ਡਾਈਵਰਟ ! ਯਾਤਰੀਆਂ ਨੂੰ ਜਹਾਜ਼ ਛੱਡ ਬੱਸਾਂ 'ਚ ਕਰਨਾ ਪਿਆ ਸ.ਫਰ

ਨੈਸ਼ਨਲ ਡੈਸਕ , 7 ਜੁਲਾਈ। ਉੱਤਰੀ ਭਾਰਤ 'ਚ ਮਾਨਸੂਨ ਪੂਰੇ ਜ਼ੋਰਾਂ 'ਤੇ ਹੈ, ਜਿਸ ਕਾਰਨ ਕਈ ਸੂਬਿਆਂ 'ਚ ਲਾਗਾਤਾਰ ਬਾਰਿਸ਼ ਕਾਰਨ ਹੜ੍ਹ ਵਾਲੀ ਸਥਿਤੀ ਬਣੀ ਹੋਈ ਹੈ ਤੇ ਨਾਲ ਹੀ ਹਰ ਸਮੇਂ ਬਾਰਿਸ਼ ਵਾਲਾ ਮੌਸਮ ਬਣਿਆ ਹੋਇਆ ਹੈ। ਇਸੇ ਦੌਰਾਨ ਸਾਊਦੀ ਅਰਬ ਦੇ ਰਿਆਧ ਸ਼ਹਿਰ ਤੋਂ ਨਵੀਂ ਦਿੱਲੀ ਆ ਰਹੀ ਏਅਰ ਇੰਡੀਆ ਦੀ ਫਲਾਈਟ ਏ.ਆਈ.926 ਨੂੰ ਖ਼ਰਾਬ ਮੌਸਮ ਕਾਰਨ ਜੈਪੁਰ ਡਾਇਵਰਟ ਕਰ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਏਅਰ ਇੰਡੀਆ ਦੀ ਇਹ ਫਲਾਈਟ ਐਤਵਾਰ ਰਾਤ ਰਿਆਧ ਤੋਂ ਉੱਡੀ ਸੀ ਤੇ ਇਸ ਨੇ ਨਵੀਂ ਦਿੱਲੀ ਏਅਰਪੋਰਟ 'ਤੇ ਲੈਂਡ ਹੋਣਾ ਸੀ, ਪਰ ਰਾਜਧਾਨੀ ਦੇ ਖ਼ਰਾਬ ਮੌਸਮ ਕਾਰਨ ਪਾਇਲਟ ਨੇ ਇਸ ਨੂੰ ਜੈਪੁਰ ਏਅਰਪੋਰਟ 'ਤੇ ਲੈਂਡ ਕਰਵਾ ਲਿਆ ਹੈ। ਹਾਲਾਂਕਿ ਇਸ ਤੋਂ ਬਾਅਦ ਏਅਰਲਾਈਨ ਨੇ ਯਾਤਰੀਆਂ ਦੇ ਦਿੱਲੀ ਜਾਣ ਲਈ ਬਦਲਵੀਂ ਫਲਾਈਟ ਦਾ ਵੀ ਇੰਤਜ਼ਾਮ ਕੀਤਾ ਸੀ, ਪਰ ਜ਼ਿਆਦਾਤਰ ਯਾਤਰੀਆਂ ਨੇ ਫਲਾਈਟ ਦੀ ਜਗਹਾ ਬੱਸਾਂ ਤੇ ਟੈਕਸੀਆਂ ਰਾਹੀਂ ਸ.ਫਰ ਕਰਨਾ ਮੁਨਾਸਿਬ ਸਮਝਿਆ।

## 1984 ਸਿੱਖ ਵਿਰੋਧੀ ਦੰਗੇ : ਸੱਜਣ ਕੁਮਾਰ ਦਾ ਕੋਰਟ 'ਚ ਦਾਅਵਾ, ਕਿਹਾ- 'ਮੈਂ ਤਾਂ....'

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ , 7 ਜੁਲਾਈ। ਦਿੱਲੀ ਦੀ ਇਕ ਕੋਰਟ ਨੇ ਸੋਮਵਾਰ ਨੂੰ 1984 ਸਿੱਖ ਵਿਰੋਧੀ ਦੰਗਿਆਂ ਦੌਰਾਨ ਰਾਜਧਾਨੀ ਦੇ ਜਨਕਪੁਰੀ ਅਤੇ ਵਿਕਾਸਪੁਰੀ ਇਲਾਕਿਆਂ 'ਚ ਹੋਈ ਹਿੰਸਾ ਦੇ ਮਾਮਲੇ ਵਿਚ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਦਾ ਬਿਆਨ ਦਰਜ ਕੀਤਾ ਹੈ। ਸੱਜਣ ਕੁਮਾਰ ਨੇ ਕੋਰਟ ਵਿਚ ਦਾਅਵਾ ਕੀਤਾ ਹੈ ਕਿ ਉਹ ਬੇਕਸੂਰ ਹੈ। ਮੇਰੇ ਖਿਲਾ.ਫ ਇਕ ਵੀ ਸਬੂਤ ਨਹੀਂ ਹੈ। ਵਿਸ਼ੇਸ਼ ਜੱਜ ਦਿਗ ਵਿਨਯ ਸਿੰਘ ਨੇ ਸੱਜਣ ਦਾ ਬਿਆਨ ਦਰਜ ਕੀਤਾ ਹੈ। ਸੱਜਣ ਕੁਮਾਰ ਨੇ ਅੱਗੇ ਕਿਹਾ ਕਿ ਨਿਰਪੱਖ ਜਾਂਚ ਨਹੀਂ ਕੀਤੀ ਗਈ ਸੀ ਅਤੇ ਉਨ੍ਹਾਂ ਨੂੰ ਬੇਬੁਨਿਆਦ ਦੋਸ਼ਾਂ ਨਾਲ ਫਸਾਇਆ ਜਾ ਰਿਹਾ। ਕਿਸੇ ਵੀ ਗਵਾਹ ਨੇ ਮੇਰਾ ਨਾਂ ਨਹੀਂ ਲਿਆ। ਦਹਾਕਿਆਂ ਬਾਅਦ ਮੇਰਾ ਨਾਂ ਲਿਆ ਗਿਆ। ਮੇਰੇ ਖਿਲਾ.ਫ ਕੇਸ ਝੂਠਾ ਅਤੇ ਸਿਆਸਤ ਤੋਂ ਪ੍ਰੇਰਿਤ ਹੈ। ਸੱਜਣ ਨੇ ਕਿਹਾ ਕਿ ਮੇਰਾ ਲਾਈਫ ਡਿਟੈਕਟਰ ਟੈਸਟ ਕੀਤਾ ਗਿਆ, ਜਿੱਥੇ ਮੈਂ ਖੁਦ ਨੂੰ ਬੇਕਸੂਰ ਸਾਬਤ ਕਰਨ ਲਈ ਸਵੈ-ਇੱਛਾ ਨਾਲ ਹਿੱਸਾ ਲਿਆ। ਹਾਲਾਂਕਿ ਸੱਜਣ ਕੁਮਾਰ ਵਲੋਂ ਬਿਆਨ ਦਰਜ ਕਰਨ ਮਗਰੋਂ ਕੋਰਟ ਨੇ ਸੁਣਵਾਈ ਮਗਰੋਂ ਅਗਲੀ ਤਾਰੀਖ਼ 29 ਜੁਲਾਈ ਨੂੰ ਸੁਣਵਾਈ ਕਰਨ ਲਈ ਮੁਕਰਰ ਕੀਤੀ ਹੈ। ਦੱਸ ਦੇਈਏ ਕਿ ਫਰਵਰੀ 2015 ਵਿਚ ਇਕ ਵਿਸ਼ੇਸ਼ ਜਾਂਚ ਟੀਮ ਨੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਇਲਾਕਿਆਂ ਵਿਚ ਹਿੰਸਾ ਦੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਕੁਮਾਰ ਵਿਰੁੱਧ ਦੋ FIR ਦਰਜ ਕੀਤੀਆਂ। ਪਹਿਲੀ FIR ਜਨਕਪੁਰੀ ਵਿਚ ਹੋਈ ਹਿੰਸਾ ਨੂੰ ਲੈ ਕੇ ਸੀ, ਜਿੱਥੇ 1 ਨਵੰਬਰ, 1984 ਨੂੰ ਦੋ ਵਿਅਕਤੀਆਂ ਸੋਹਣ ਸਿੰਘ ਅਤੇ ਉਸ ਦੇ ਜਵਾਈ ਅਵਤਾਰ ਸਿੰਘ ਦਾ ਕਤਲ ਕਰ ਦਿੱਤਾ ਗਿਆ ਸੀ। ਦੂਜੀ FIR ਗੁਰਚਰਨ ਸਿੰਘ ਦੇ ਮਾਮਲੇ ਵਿਚ ਦਰਜ ਕੀਤੀ ਗਈ ਸੀ, ਜਿਸ ਨੂੰ 2 ਨਵੰਬਰ, 1984 ਨੂੰ ਵਿਕਾਸਪੁਰੀ ਵਿਚ ਕਥਿਤ ਤੌਰ 'ਤੇ ਅੱਗ ਲਗਾ ਦਿੱਤੀ ਗਈ ਸੀ।

# ਕਪਿਲ ਮਿਸ਼ਰਾ ਨੇ ਜਲ ਬੋਰਡ ਦੇ ਅਧਿਕਾਰੀਆਂ ਨਾਲ ਇੱਕ ਮਹੱਤਵਪੂਰਨ ਸਮੀਖਿਆ ਮੀਟਿੰਗ ਕੀਤੀ

ਕੌਮੀ ਪਤ੍ਰਿਕਾ

ਨਵੀਂ ਦਿੱਲੀ: 7 ਜੁਲਾਈ: ਦਿੱਲੀ ਸਰਕਾਰ ਦੇ ਵਿਕਾਸ ਮੰਤਰੀ ਅਤੇ ਖੇਤਰੀ ਵਿਧਾਇਕ ਕਪਿਲ ਮਿਸ਼ਰਾ ਨੇ ਕੱਲ੍ਹ ਕਰਾਵਲ ਨਗਰ ਵਿਧਾਨ ਸਭਾ ਹਲਕੇ ਵਿੱਚ ਪਾਣੀ ਦੀ ਸਪਲਾਈ ਅਤੇ ਸੀਵਰੇਜ ਪ੍ਰਣਾਲੀ ਨਾਲ ਸਬੰਧਤ ਸਮੱਸਿਆਵਾਂ ਨੂੰ ਹੱਲ ਕਰਨ ਲਈ ਦਿੱਲੀ ਜਲ ਬੋਰਡ ਦੇ ਇੰਜੀਨੀਅਰਿੰਗ ਸੈਕਸ਼ਨ ਦੇ ਸੀਨੀਅਰ ਅਧਿਕਾਰੀਆਂ ਨਾਲ ਇੱਕ ਮਹੱਤਵਪੂਰਨ ਮੀਟਿੰਗ ਕੀਤੀ। ਮੀਟਿੰਗ ਵਿੱਚ, ਕਰਾਵਲ ਨਗਰ ਵਿਧਾਨ ਸਭਾ ਵਿੱਚ ਨਵੀਆਂ ਪਾਣੀ ਦੀਆਂ ਪਾਈਪਲਾਈਨਾਂ ਵਿਛਾਉਣ, ਪੀਣ ਵਾਲੇ ਪਾਣੀ ਦੀ ਸਪਲਾਈ ਵਿੱਚ ਬੇਨਿਯਮੀਆਂ ਅਤੇ ਪ੍ਰਦੂਸ਼ਿਤ ਪਾਣੀ ਦੀਆਂ ਸ਼ਿਕਾਇਤਾਂ ਦੇ ਹੱਲ ਬਾਰੇ ਅਧਿਕਾਰੀਆਂ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰੇ ਤੋਂ ਬਾਅਦ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ। ਮੀਟਿੰਗ ਵਿੱਚ ਕਪਿਲ ਮਿਸ਼ਰਾ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਕਾਲੀ ਘਾਟਾ ਰੋਡ, ਪੱਛਮੀ ਕਰਾਵਲ ਨਗਰ, ਸਦਾਤਪੁਰ, ਦਿਆਲਪੁਰ ਵਿੱਚ ਦੂਸ਼ਿਤ ਪਾਣੀ ਦੀ ਸਮੱਸਿਆ ਹੈ, ਜਿਸ 'ਤੇ ਅਧਿਕਾਰੀਆਂ ਨੇ ਕਿਹਾ ਕਿ ਕਾਲੀ ਘਾਟਾ ਰੋਡ 'ਤੇ ਐਮਸੀਡੀ ਵੱਲੋਂ ਗੰਦਗੀ ਕੱਢਣ ਕਾਰਨ ਪਾਣੀ ਪ੍ਰਦੂਸ਼ਿਤ ਹੋ ਗਿਆ ਹੈ, ਇਸ ਸਮੱਸਿਆ ਨੂੰ ਠੀਕ ਕੀਤਾ ਜਾ ਰਿਹਾ ਹੈ। ਇਸ



ਦੇ ਨਾਲ ਹੀ ਪਾਈਪਲਾਈਨ ਨੂੰ ਸ਼ਿਫਟ ਕਰਨ ਅਤੇ ਮੁਰੰਮਤ ਕਰਨ ਦਾ ਕੰਮ ਵੀ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ ਅਤੇ 10 ਦਿਨਾਂ ਦੇ ਅੰਦਰ ਪਾਈਪਲਾਈਨ ਤੋਂ ਆਉਣ ਵਾਲੇ ਗੰਦੇ ਪਾਣੀ ਦੀ ਸਮੱਸਿਆ ਪੂਰੀ ਤਰ੍ਹਾਂ ਖਤਮ ਹੋ ਜਾਵੇਗੀ। ਪਾਣੀ ਦੀ ਨਿਰਵਿਘਨ ਸਪਲਾਈ ਲਈ ਸਲੂਇਸ ਵਾਲਵ ਨੂੰ ਨਿਯਮਤ ਕਰਨ ਦਾ ਕੰਮ ਵੀ ਕੀਤਾ ਜਾ ਰਿਹਾ ਹੈ। ਮੰਤਰੀ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਕਰਾਵਲ ਨਗਰ ਖੇਤਰ ਦੀ ਆਬਾਦੀ ਲਗਭਗ 5 ਲੱਖ ਹੈ ਅਤੇ ਇੱਥੇ ਪਾਣੀ ਦੀ ਮੰਗ ਲਗਭਗ 25 ਐਮਜੀਡੀ ਹੈ। ਮਾਨਯੋਗ ਮੰਤਰੀ ਨੇ ਮੌਜੂਦਾ 5 ਐਮਜੀਡੀ ਦੀ ਸਪਲਾਈ ਦੀ ਬਜਾਏ 8 ਐਮਜੀਡੀ ਪਾਣੀ ਸਪਲਾਈ ਕਰਨ ਬਾਰੇ ਵੀ ਗੱਲ ਕੀਤੀ। ਕਪਿਲ ਮਿਸ਼ਰਾ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਵਿਧਾਨ ਸਭਾ ਹਲਕੇ ਵਿੱਚ ਭਗਤ ਸਿੰਘ ਕਲੋਨੀ, ਅੰਕੁਰ ਐਨਕਲੇਵ ਸਮੇਤ ਕਈ ਖੇਤਰ ਹਨ ਜਿੱਥੇ ਪਾਣੀ ਦੀ ਸਪਲਾਈ ਦਾ ਸੰਕਟ ਹੈ ਜਾਂ ਪਾਣੀ ਦੀ ਗੁਣਵੱਤਾ ਮਾੜੀ ਹੈ। ਉਨ੍ਹਾਂ ਕਿਹਾ ਕਿ ਪਾਣੀ ਵਰਗੀਆਂ ਮੁੱਢਲੀਆਂ ਸਹੂਲਤਾਂ ਪ੍ਰਦਾਨ ਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਵਿਧਾਨ ਸਭਾ ਹਲਕੇ ਦੇ ਉਨ੍ਹਾਂ ਖੇਤਰਾਂ ਵਿੱਚ ਨਵੀਆਂ ਸੀਵਰੇਜ ਲਾਈਨਾਂ ਵਿਛਾਉਣ ਦੇ ਕੰਮ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਨ ਦੇ ਵੀ ਨਿਰਦੇਸ਼ ਦਿੱਤੇ ਜਿੱਥੇ ਸੀਵਰੇਜ ਸਿਸਟਮ ਮੌਜੂਦ ਨਹੀਂ ਹਨ।

Contd.............. page-12



# ਕੁਦਰਤੀ ਖੇਤੀ ਨਾਲ ਤਿਆਰ ਫਸਲ ਨੂੰ ਖਰੀਦਣ ਲਈ ਸਰਕਾਰ ਨੇ ਗੁਰੂਗ੍ਰਾਮ ਵਿੱਚ ਸਥਾਪਿਤ ਕੀਤੀ ਅਨਾਜ ਮੰਡੀ - ਸ਼ਿਆਮ ਸਿੰਘ ਰਾਣਾ

**ਕੌਮੀ ਪਤ੍ਰਿਕਾ**

ਚੰਡੀਗੜ੍ਹ, 7 ਜੁਲਾਈ: ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਕੁਦਰਤੀ ਖੇਤੀ ਨਾਲ ਕਿਸਾਨਾਂ ਵੱਲੋਂ ਪੈਦਾ ਕੀਤੀ ਫਸਲ ਨੂੰ ਖਰੀਦਣ ਲਈ ਸੂਬਾ ਸਰਕਾਰ ਨੇ ਗੁਰੂਗ੍ਰਾਮ ਵਿੱਚ ਅਨਾਜ ਮੰਡੀ ਤਿਆਰ ਕੀਤੀ ਹੈ। ਅਨਾਜ ਮੰਡੀ ਵਿੱਚ ਫਸਲ ਦੀ ਕੁਆਲਿਟੀ ਚੈਕ ਕਰਨ ਲਈ ਇੱਕ ਲੈਬ ਸਥਾਪਿਤ ਕੀਤੀ ਗਈ ਹੈ। ਲੈਬ ਵਿੱਚ ਕੁਆਲਿਟੀ ਤੈਅ ਹੋਣ ਦੇ ਬਾਅਦ ਗਠਨ ਕੀਤੀ ਗਈ ਕਮੇਟੀ ਵੱਲੋਂ ਫਸਲ ਦਾ ਭਾਅ ਤੈਅ ਕਰ ਉਸ ਨੂੰ ਖਰੀਦਿਆ ਜਾਵੇਗਾ। ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਐਤਵਾਰ ਨੂੰ ਸਬ ਟ?ਰੋਪਿਕਲ ਫੱਲ ਸੈਂਟਰ, ਲਾਡਵਾ ਵਿੱਚ ਆਯੋਜਿਤ 7ਵੇਂ ਫੱਲ ਉਤਸਵ ਮੇਲੇ ਵਿੱਚ ਬਤੌਰ ਮੁੱਖ ਮਹਿਮਾਨ ਸੰਬੋਧਿਤ ਕਰ ਰਹੇ ਸਨ। ਉਨ੍ਹਾਂ ਨੇ ਦੀਪ ਪ੍ਰਜਵਲੱਤ ਕਰ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਫੱਲ ਕੇਂਦਰ ਪਰਿਸਰ ਵਿੱਚ ਅੰਬ ਦਾ ਪੌਧਾ ਲਗਾਇਆ। ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਨੇ ਬਾਗਬਾਨੀ ਖੇਤਰ ਦੇ ਪ੍ਰਗਤੀਸ਼ੀਲ 10 ਕਿਸਾਨਾਂ ਨੂੰ 5100 ਰੁਪਏ, ਟ?ਰਾਫੀ ਅਤੇ ਪ੍ਰਤਿਭਾ ਪੱਤਰ ਦੇ ਕੇ ਸਨਮਾਨਿਤ ਕੀਤਾ। ਨਾਲ ਹੀ ਮੇਲੇ ਵਿੱਚ ਲਗਾਏ ਗਏ ਸਟਾਲ ਦਾ ਨਿਰੀਖਣ ਕਰ ਅੰਬ ਦੀ ਕਿਸਮ ਦੇ ਬਾਰੇ ਵਿੱਚ ਮਾਹਰ ਤੋਂ ਜਾਣਕਾਰੀ ਹਾਸਲ ਕੀਤੀ। ਖੇਤੀਬਾੜੀ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦਾ ਟੀਚਾ ਹੈ ਕਿ ਸੂਬੇ ਵਿੱਚ ਇੱਕ ਲੱਖ ਏਕੜ ਵਿੱਚ ਕੁਦਰਤੀ ਖੇਤੀ ਕਰ ਕੇ ਫਸਲਾਂ ਨੂੰ ਤਿਆਰ ਕੀਤਾ ਜਾ ਸਕੇ। ਹੁਣ ਤੱਕ 10 ਹਜਾਰ ਏਕੜ ਵਿੱਚ ਕਿਸਾਨਾਂ ਵੱਲੋਂ ਕੁਦਰਤੀ ਖੇਤੀ ਕੀਤੀ ਜਾ ਰਹੀ ਹੈ, ਇਹ ਰੋਜਾਨਾ ਵੱਧਦੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਸਾਲ 2016 ਵਿੱਚ ਲਾਡਵਾ ਵਿੱਚ ਇੰਡੋ ਇਜ਼ਰਾਇਲ ਤਕਨੀਕ ਦੇ ਤਹਿਤ ਸਬ ਟ?ਰੋਪਿਕਲ ਫਰੂਟ ਸੈਂਟਰ ਸਥਾਪਿਤ ਕੀਤਾ ਗਿਆ ਸੀ। ਇਸ ਸੈਂਟਰ ਦੀ 10 ਹਜਾਰ ਪੌਧਿਆਂ ਨਾਲ ਸ਼ੁਰੂਆਤ ਹੋਈ ਸੀ, ਹੁਣ ਪਤੀਸਾਲ 1 ਲੱਖ ਪੌਧੇ ਕਿਸਾਨਾਂ ਲਈ ਤਿਆਰ ਕੀਤੇ ਜਾ ਰਹੇ ਹਨ। ਨਾਲ ਹੀ ਅੰਬ, ਲੀਚੀਠ ਨਾਸ਼ਪਤੀ, ਆੜੂ ਤੇ ਚੀਕੂ ਸਮੇਤ ਛੇ ਫਸਲਾਂ 'ਤੇ ਖੋਜ ਕੀਤੀ ਜਾ ਰਹੀ ਹੈ। ਇਸ ਦੇ ਫੱਲ ਸੈਂਟਰ ਵਿੱਚ ਵਿਗਿਆਨਕਾਂ ਵੱਲੋਂ ਇੱਕ ਅਜਿਹੀ ਅੰਬ ਦਾ ਪੇੜ ਤਿਆਰ ਕੀਤਾ ਜਾ ਰਿਹਾ ਹੈ, ਜਿਸ ਦੇ ਫੱਲ ਦੀ ਮਾਰਕਿਟ ਵਿੱਚ ਕਰੀਬ 1 ਲੱਖ ਰੁਪਏ ਪ੍ਰਤੀ ਕਿਲੋ ਕੀਮਤ ਮਿਲ ਸਕਦੀ ਹੈ। ਨਾਂਲ ਹੀ ਇੱਕ ਪੌਧੇ ਨੂੰ ਛੇ ਕਲਮਾਂ ਨਾਲ ਤਿਆਰ ਕਰ ਕੇ ਛੇ ਤਰ੍ਹਾਂ ਦੇ ਫੱਲ ਇੱਕਠੇ ਹੀ ਪੇੜ ਤੋਂ ਪ੍ਰਾਪਤ ਕੀਤੇ ਜਾ ਰਹੇ ਹਨ। ਸ੍ਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਕਿਸਾਨਾਂ ਦੀ ਆਮਦਨੀ ਵਧਾਉਣ ਅਤੇ ਰਿਵਾਇਤੀ ਖੇਤੀ ਵਿੱਚ ਬਦਲਾਅ ਲਿਆਉਣ ਲਈ ਸੂਬੇ ਵਿੱਚ ਅਜਿਹੇ 17 ਕੇਂਦਰ ਖੋਲੇ ਜਾਣੇ ਹਨ, ਜਿਨ੍ਹਾਂ ਵਿੱਚੋਂ 11 ਬਣ ਕੇ ਤਿਆਰ ਹੋ ਚੁੱਕੇ ਹਨ। ਜਲਦੀ ਹੀ ਅੰਬਾਲਾ ਵਿੱਚ ਲੀਚੀ ਅਤੇ ਸਟ?ਰਾਅਬੇਰੀ ਲਈ ਯਮੁਨਾਨਗਰ ਵਿੱਚ ਸਬ-ਸੈਂਟਰ ਸਥਾਪਿਤ ਕੀਤਾ ਜਾਵੇਗਾ। ਕਿਸਾਨਾਂ ਲਈ ਕਣਕ ਅਤੇ ਝੋਨਾ ਦੀ ਫਸਲ ਤੋਂ ਇਲਾਵਾ ਬਾਗਬਾਨੀ, ਮੱਛੀ ਪਾਲਣ, ਮਧੂਮੱਖੀ ਪਾਲਣ, ਡੇਅਰੀ ਤੇ ਹੋਰ ਫਸਲਾਂ ਨੂੰ ਅਪਨਾਉਣ ਦੀ ਜਰੂਰਤ ਹੈ। ਖੇਤੀਬਾੜੀ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਲਗਾਤਾਰ ਕਿਸਾਨਾਂ ਲਈ ਯੋਜਨਾਵਾਂ ਬਣਾ ਰਹੀ ਹੈ। ਯੋਜਨਾ ਬਨਣ ਦੇ ਬਾਅਦ ਕਿਸਾਨਾਂ ਵੱਲੋਂ ਜੋ ਸਮਸਿਆ, ਮੁਸ਼ਕਲ ਸਾਹਮਣੇ ਆਉਂਦੀ ਹੈ, ਉਸ ਨੂੰ ਉਸੀ ਹਿਸਾਰ ਨਾਲ ਯੋਜਨਾ ਵਿੱਚ ਬਦਲਾਅ ਕਰ ਕੇ ਕਿਸਾਨਾਂ ਨੂੰ ਲਾਭ ਦਿੱਤਾ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਦੇਸ਼ ਵਿੱਚ ਕਿਸਾਨ ਮਹਤੱਵਪੂਰਣ ਕੜੀ ਹੈ। ਮੌਜੂਦਾ ਸਥਿਤੀ ਨੂੰ ਦੇਖਦੇ ਹੋਏ ਕਿਸਾਨਾਂ ਨੂੰ ਆਪਣੀ ਰਿਵਾਇਤੀ ਖੇਤੀ ਵਿੱਚ ਬਦਲਾਅ ਕਰਦੇ ਹੋਏ ਖੇਤੀਬਾੜੀ ਤੇ ਖੇਤਰ ਨੂੰ ਅੱਗੇ ਵਧਾਉਣ ਦੀ ਜਰੂਰਤ ਹੈ। ਸਰਕਾਰ ਵੱਲੋਂ ਕਿਸਾਨਾਂ ਦੀ ਫਸਲ ਦਾ ਮਾਰਕਿਟ ਵਿੱਚ ਐਮਐਸਪੀ ਤੋਂ ਘੱਟ ਭਾਅ ਮਿਲਣ 'ਤੇ ਭਾਵਾਂਤਰ ਭਰਪਾਈ ਯੋਜਨਾ ਤਹਿਤ ਨੁਕਸਾਨ ਪੂਰਾ ਕੀਤਾ ?ਂਦਾ ਹੈ। ਕਿਸਾਨਾਂ ਦੇ ਘਾਟੇ ਨੂੰ ਸਰਕਾਰ ਭੁਗਤਾਨ ਕਰਦੀ ਹੈ। ਉਨ੍ਹਾਂ ਨੇ ਕਿਹਾ ਕਿ ਖਨਨ ਤੋਂ ਹੋਣ ਵਾਲੇ ਗੱਡਿਆਂ ਦੀ ਵਰਤੋ ਮੱਛੀ ਪਾਲਣ ਲਈ ਕੀਤੀ ਜਾਵੇਗੀ। ਨਵੀਂ ਯੋਜਨਾਵਾਂ ਨਾਲ ਹਰ ਵਰਗ ਦੀ ਆਮਦਨੀ ਨੂੰ ਵਧਾ ਕੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਸਾਲ 2027 ਤੱਕ ਸਾਡਾ ਦੇਸ਼ ਵਿਸ਼ਵ ਦੀ ਤੀਜੀ ਵੱਡੀ ਸ਼ਕਤੀ ਬਣ ਜਾਵੇਗਾ। ਇਸ ਮੌਕੇ 'ਤੇ ਚੇਅਰਮੈਨ ਸ੍ਰੀ ਧਰਮਵੀਰ ਮਿਰਜਾਪੁਰ ਸਮੇਤ ਪੂਰੇ ਸੂਬੇ ਤੋਂ ਆਏ ਕਿਸਾਨ ਮੌਜੂਦ ਰਹੇ।

## ਗਲੋਬਲ ਵਾਰਮਿੰਗ ਦੇ ਕਾਰਨ ਤੇਜੀ ਨਾਲ ਵੱਧ ਰਿਹਾ ਪ੍ਰਿਥਵੀ ਦਾ ਤਾਪਮਾਨ, ਲੋਕਾਂ ਵਿੱਚ ਜਾਗਰੁਕਤਾ ਬੇਹੱਦ ਜਰੂਰੀ - ਹਰਵਿੰਦਰ ਕਲਿਆਣ

ਚੰਡੀਗੜ੍ਹ, 7 ਜੁਲਾਈ: ਹਰਿਆਣਾ ਵਿਧਾਨਸਭਾ ਸਪੀਕਰ ਸ੍ਰੀ ਹਰਵਿੰਦਰ ਕਲਿਆਣ ਨੇ ਕਿਹਾ ਕਿ ਗਲੋਬਲ ਵਾਰਮਿੰਗ ਕਾਰਨ ਅੱਜ ਪ੍ਰਿਥਵੀ ਦਾ ਔਸਤ ਤਾਪਮਾਨ ਵੱਧ ਰਿਹਾ ਹੈ ਜਿਸ ਦੇ ਕਾਰਨ ਲੋਕਾਂ ਨੂੰ ਕਿਤੇ ਹੜ੍ਹ ਤਾਂ ਕਿਤੇ ਸੁੱਖੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਮਾਜ ਨੂੰ ਮਿਲ ਕੇ ਅਜਿਹੀ ਚਨੌਤੀਆਂ ਦਾ ਸਾਹਮਣਾ ਕਰਨਾ ਹੋਵੇਗਾ। ਇਸ ਦੇ ਲਈ ਲੋਕਾਂ ਵਿੱਚ ਜਾਗਰੁਕਤਾ ਜਰੂਰੀ ਹੈ। ਵਿਧਾਨਸਭਾ ਸਪੀਕਰ ਸ੍ਰੀ ਹਰਵਿੰਦਰ ਕਲਿਆਣ ਐਤਵਾਰ ਨੂੰ ਕਰਨਾਲ ਵਿੱਚ ਮਹਾਰਾਜਾ ਅਗਰਸੇਨ ਭਵਨ ਵਿੱਚ ਜੇਸੀਆਈ ਇੰਡੀਆ ਜੋਨ 10 ਗੋਲਡ ਮਿਡਕਾਨ 2025 ਮਹੋਤਸਵ ਵਿੱਚ ਬਤੌਰ ਮੁੱਖ ਮਹਿਮਾਨ ਬੋਲ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਜੇਸੀਆਈ ਦੇ ਪ੍ਰੋਗਰਾਮਾਂ ਨਾਲ ਉਨ੍ਹਾਂ ਦਾ ਪੁਰਾਣ ਜੁੜਾਵ ਹੈ। ਸਮਾਜ ਹਿੱਤ ਵਿੱਚ ਕੀਤੇ ਜਾ ਰਹੇ ਕੰਮਾਂ ਲਈ ਉਨ੍ਹਾਂ ਨੇ ਜੇਸੀਆਈ ਮੈਂਬਰਾਂ ਨੂੰ ਸ਼ੁਭਕਾਮਨਾਵਾਂ ਤੇ ਵਧਾਈ ਦਿੱਤੀ। ਉਨ੍ਹਾਂ ਨੇ ਕਿਹਾ ਕਿ ਜਿਸ ਵੀ ਵਿਅਕਤੀ ਵਿੱਚ ਸਮਾਜ ਅਤੇ ਗਰੀਬ ਦੇ ਲਈ ਕੁੱਝ ਕਰਨ ਦਾ ਭਾਵ ਜਾਗਦਾ ਹੈ ਤਾਂ ਇਹ ਉਨ੍ਹਾਂ ਦਾ ਉਥਾਨ (ਰਾਇਜ਼ ਅੱਪ) ਹੈ। ਅਗਵਾਈ ਦੇ ਗੁਣ ਹਰ ਵਿਅਕਤੀ ਵਿੱਚ ਹੁੰਦੇ ਹਨ ਪਰ ਲੀਡਰ ਉਹੀ ਹੈ ਜੋ ਕਿਸੇ ਵੀ ਚਨੌਤੀ ਨੂੰ ਪਾਰ ਕਰਨ ਦੀ ਪਹਿਲ ਕਰੇ। ਜੇਸੀਆਈ ਮੈਂਬਰ ਸਿਹਤ ਜਾਗਰੁਕਤਾ, ਵਿਅਕਤੀ ਨਿਰਮਾਣ, ਵਾਤਾਵਰਣ, ਮੈਡੀਕਲ ਕੈਂਪਾਂ ਦਾ ਪ੍ਰਬੰਧ ਵਰਗੇ ਖੇਤਰਾਂ ਵਿੱਚ ਸ਼ਲਾਘਾਯੋਗ ਕੰਮ ਕਰ ਰਹੇ ਹਨ।

# ਇੰਗਲੈਂਡ ਭੇਜਣ ਦਾ ਸੁਫ਼ਨਾ ਦਿਖਾ ਕੇ ਕੁੜੀ ਨਾਲ ਮਾਰੀ 3.75 ਲੱਖ ਦੀ ਠੱਗੀ

**ਕੌਮੀ ਪਤ੍ਰਿਕਾ**

ਲੁਧਿਆਣਾ 7 ਜੁਲਾਈ। ਵਿਦੇਸ਼ ਭੇਜਣ ਦੇ ਨਾਂ 'ਤੇ ਇਕ ਲੜਕੀ ਨਾਲ ਲੱਖਾਂ ਰੁਪਏ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਅਮਰਪੁਰਾ ਮੁਹੱਲਾ ਦੇ ਰਹਿਣ ਵਾਲੇ ਗੁਰਮੀਤ ਸਿੰਘ ਦੀ ਸ਼ਿਕਾਇਤ 'ਤੇ ਸਦਰ ਥਾਣਾ ਪੁਲਸ ਨੇ ਇਕ ਮਹਿਲਾ ਵਿਰੁੱਧ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਹੈ। ਸ਼ਿਕਾਇਤਕਰਤਾ ਦਾ ਦੋਸ਼ ਹੈ ਕਿ ਉਕਤ ਮਹਿਲਾ ਨੇ ਉਸਦੀ ਧੀ ਨੂੰ ਇੰਗਲੈਂਡ ਭੇਜਣ ਦੇ ਨਾਂ 'ਤੇ ਉਸ ਨਾਲ 3.75 ਲੱਖ ਰੁਪਏ ਦੀ ਠੱਗੀ ਮਾਰੀ ਹੈ। ਜਾਣਕਾਰੀ ਅਨੁਸਾਰ ਸ਼ਿਕਾਇਤਕਰਤਾ ਗੁਰਮੀਤ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਮੁਲਜ਼ਮ ਅਵਰੀਨ ਸ਼ਰਮਾ ਨੇ ਉਸ ਦੀ ਧੀ ਤੰਜ਼ੀਰ ਕੌਰ ਨੂੰ ਵਿਦੇਸ਼ (ਇੰਗਲੈਂਡ) ਭੇਜਣ ਦੀ ਪੇਸ਼ਕਸ਼ ਕੀਤੀ ਸੀ। ਔਰਤ ਨੇ ਖੁਦ ਨੂੰ ਵੀਜ਼ਾ ਏਜੰਟ ਅਤੇ ਅੰਤਰਰਾਸ਼ਟਰੀ ਸੰਪਰਕਾਂ ਵਾਲੇ ਵਿਅਕਤੀ ਵਜੋਂ ਪੇਸ਼ ਕੀਤਾ ਸੀ। ਉਸ ਦੇ ਜਾਲ ਵਿਚ ਫਸ ਕੇ ਗੁਰਮੀਤ ਸਿੰਘ ਨੇ ਉਸ ਨੂੰ ਕੁੱਲ 3 ਲੱਖ 75 ਹਜ਼ਾਰ ਰੁਪਏ ਨਕਦ ਦਿੱਤੇ ਤਾਂ ਜੋ ਉਹ ਆਪਣੀ ਧੀ ਲਈ ਵੀਜ਼ਾ ਅਤੇ ਟਿਕਟ ਦੀ ਪ੍ਰਕਿਰਿਆ ਸ਼ੁਰੂ ਕਰ ਸਕੇ। ਹਾਲਾਂਕਿ ਪੈਸੇ ਲੈਣ ਤੋਂ ਬਾਅਦ ਮੁਲਜ਼ਮ ਨੇ ਨਾ ਤਾਂ ਕੋਈ ਵੀਜ਼ਾ ਪ੍ਰਕਿਰਿਆ ਸ਼ੁਰੂ ਕੀਤੀ ਅਤੇ ਨਾ ਹੀ ਕੋਈ ਦਸਤਾਵੇਜ਼ ਸੌਂਪੇ। ਜਦੋਂ ਸ਼ਿਕਾਇਤਕਰਤਾ ਨੇ ਵਾਰ-ਵਾਰ ਸੰਪਰਕ ਕੀਤਾ ਤਾਂ ਉਹ ਬਚਦੀ ਰਹੀ। ਅੰਤ 'ਚ ਉਸ ਨੂੰ ਅਹਿਸਾਸ ਹੋਇਆ ਕਿ ਉਸ ਨਾਲ ਧੋਖਾ ਹੋਇਆ ਹੈ। ਮਾਮਲੇ ਦੀ ਜਾਣਕਾਰੀ ਮਿਲਣ 'ਤੇ ਥਾਣਾ ਸਦਰ ਦੀ ਪੁਲਸ ਨੇ ਸ਼ਿਕਾਇਤ ਦੇ ਆਧਾਰ 'ਤੇ ਮਾਮਲਾ ਦਰਜ ਕਰ ਲਿਆ ਹੈ। ਪੁਲਸ ਅਨੁਸਾਰ ਮੁਲਜ਼ਮ ਦੀ




ਪਛਾਣ ਅਵਰੀਨ ਸ਼ਰਮਾ ਵਜੋਂ ਹੋਈ ਹੈ, ਜੋ ਸੁਗੰਧ ਵਿਹਾਰ, ਏ-12 ਗਰਾਊਂਡ ਫਲੋਰ ਗ੍ਰੈਂਡ ਪਲਾਜ਼ਾ ਕੀਜ਼ ਹੋਟਲ ਨੇੜੇ ਦੁੱਗਰੀ ਲੁਧਿਆਣਾ ਵਜੋਂ ਹੋਈ ਹੈ। ਇਸ ਵੇਲੇ ਮੁਲਜ਼ਮ ਫਰਾਰ ਦੱਸੀ ਜਾ ਰਹੀ ਹੈ। ਪੁਲਸ ਨੇ ਕਿਹਾ ਕਿ ਉਸਦੀ ਗ੍ਰਿਫ਼ਤਾਰੀ ਲਈ ਸੰਭਾਵਿਤ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਮੋਬਾਈਲ ਨਿਗਰਾਨੀ ਰਾਹੀਂ ਉਸ ਦੀ ਸਥਿਤੀ ਦਾ ਵੀ ਪਤਾ ਲਗਾਇਆ ਜਾ ਰਿਹਾ ਹੈ।

## ਇਕੱਠਿਆਂ ਪੀਤੀ ਸ਼ਰਾਬ, ਫਿਰ ਤੇਜ਼ਧਾਰ ਹਥਿਆਰ ਨਾਲ ਦੋਸਤ ਦਾ ਕਰ ਦਿੱਤਾ ਕਤਲ

ਬਠਿੰਡਾ 7 ਜੁਲਾਈ। ਸ਼ਰਾਬ ਦੇ ਨਸ਼ੇ 'ਚ ਬੀਤੀ ਰਾਤ ਕੁੱਝ ਨੌਜਵਾਨਾਂ ਨੇ ਆਪਣੇ ਇਕ ਦੋਸਤ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ। ਪੁਲਸ ਮੁਲਜ਼ਮ ਦੀ ਭਾਲ ਕਰ ਰਹੀ ਹੈ। ਪੁਲਸ ਅਤੇ ਮ੍ਰਿਤਕ ਦੇ ਦੋਸਤਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਮਰੋਜ਼ ਸਿੰਘ (22) ਪੁੱਤਰ ਬਲਜਿੰਦਰ ਸਿੰਘ




ਵਾਸੀ ਲਾਲਬਾਈ ਬੀਤੀ ਸ਼ਾਮ ਅਜੀਤ ਰੋਡ 'ਤੇ ਸਥਿਤ ਇਕ ਪੀ. ਜੀ. ਸੈਂਟਰ 'ਚ ਆਪਣੇ ਦੋਸਤਾਂ ਨੂੰ ਮਿਲਣ ਆਇਆ ਸੀ। ਇੱਥੇ ਉਸਦੇ 10-12 ਦੋਸਤ ਮੌਜੂਦ ਸਨ। ਸਾਰੇ ਦੋਸਤਾਂ ਨੇ ਇਕੱਠੇ ਸ਼ਰਾਬ ਪੀਤੀ। ਇਸ ਤੋਂ ਬਾਅਦ ਅਜੀਤ ਰੋਡ ਤੋਂ ਇਹ ਸਾਰੇ ਲੋਕ ਦਾਦੀ ਪੋਟੀ ਪਾਰਕ ਦੇ ਸਾਹਮਣੇ ਮਾਡਲ ਟਾਊਨ ਫੇਜ਼-3 ਦੇ ਬਜ਼ਾਰ 'ਚ ਗਏ। ਉੱਥੇ ਉਕਤ ਨੌਜਵਾਨਾਂ ਦੀ ਇਮਰੋਜ਼ ਨਾਲ ਝੜਪ ਹੋ ਗਈ। ਇਸ ਦੌਰਾਨ 4-5 ਨੌਜਵਾਨਾਂ ਨੇ ਮਿਲ ਕੇ ਇਮਰੋਜ਼ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਸ ਨੂੰ ਗੰਭੀਰ ਜ਼ਖਮੀ ਕਰ ਦਿੱਤਾ। ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਸੋਮਵਾਰ ਨੂੰ ਪਿੰਡ ਲਾਲਬਾਈ ਦੀ ਪੰਚਾਇਤ ਅਤੇ ਮ੍ਰਿਤਕ ਨੌਜਵਾਨ ਦੇ ਪਰਿਵਾਰ ਨੇ ਸਿਵਲ ਲਾਈਨ ਥਾਣੇ ਪਹੁੰਚ ਕੇ ਮੁਲਜ਼ਮ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕੀਤੀ। ਡੀ. ਐੱਸ. ਪੀ. ਸਿਟੀ ਸਰਬਜੀਤ ਸਿੰਘ ਨੇ ਦੱਸਿਆ ਕਿ ਸ਼ਰਾਬ ਦੇ ਨਸ਼ੇ 'ਚ ਮਾਮੂਲੀ ਝਗੜਾ ਵੱਧ ਗਿਆ, ਜਿਸ ਤੋਂ ਬਾਅਦ 4-5 ਨੌਜਵਾਨਾਂ ਨੇ ਇਮਰੋਜ਼ ਦਾ ਕਤਲ ਕਰ ਦਿੱਤਾ ਅਤੇ ਭੱਜ ਗਏ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਦੀ ਪਛਾਣ ਕਰ ਲਈ ਗਈ ਹੈ ਅਤੇ ਜਲਦੀ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਵੱਖ-ਵੱਖ ਥਾਵਾਂ ਤੋਂ ਪੁਲਸ ਵੱਲੋਂ ਨਸ਼ੀਲੀਆਂ ਗੋਲੀਆਂ ਸਮੇਤ 2 ਨੂੰ ਕੀਤਾ ਕਾਬੂ

ਦੀਨਾਨਗਰ 7 ਜੁਲਾਈ। ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਐਲਾਨੇ "ਯੁੱਧ ਨਸ਼ੇ ਦੇ ਵਿਰੁੱਧ"ਮੁਹਿੰਮ ਤਹਿਤ ਮਾਨਯੋਗ ਡਾਇਰੈਕਟਰ ਜਨਰਲ ਪੁਲਸ ਪੰਜਾਬ ਅਤੇ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਸ, ਬਾਰਡਰ ਰੇਂਜ, ਅੰਮ੍ਰਿਤਸਰ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਥਾਣਾ ਬਹਿਰਾਮਪੁਰ ਅਤੇ ਦੌਰਾਗਲਾ ਪੁਲਸ ਵੱਲੋਂ ਵੱਖ-ਵੱਖ ਥਾਵਾਂ 'ਤੇ 91 ਨਸ਼ੀਲੀਆਂ ਗੋਲੀਆਂ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਪੁਲਸ ਦੇ ਜਾਂਚ ਅਧਿਕਾਰੀ ਰਮਨ ਕੁਮਾਰ ਅਤੇ ਜਸਵਿੰਦਰ ਸਿੰਘ ਦੇ ਮੁਤਾਬਕ ਇਨ੍ਹਾਂ ਦੋਨਾਂ ਵਿਅਕਤੀਆਂ ਨੂੰ ਵੱਖ-ਵੱਖ ਥਾਵਾਂ ਤੋਂ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਗਿਆ ਹੈ। ਪੁਲਸ ਅਨੁਸਾਰ ਮੁਲਜ਼ਮਾਂ ਦੀ ਪਛਾਣ ਰਜੀਵ ਕੁਮਾਰ ਵਾਸੀ ਰਾਏਪੁਰ ਕੋਲੋਂ 46 ਨਸ਼ੀਲੀਆ ਗੋਲੀਆਂ ਬਰਾਮਦ ਹੋਈਆਂ ਅਤੇ ਸਾਹਿਲ ਕੁਮਾਰ ਵਾਸੀ ਬਾਊਪੁਰ ਜੱਟਾ ਕੋਲੋਂ 45 ਨਸ਼ੀਲੀਆਂ ਗੋਲੀਆਂ ਪ੍ਰਾਪਤ ਕੀਤੀਆਂ ਗਈਆਂ। ਇਨ੍ਹਾਂ ਦੋਵਾਂ ਵਿਰੁੱਧ ਵੱਖ-ਵੱਖ ਧਾਰਾ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ।

## ਜਾਅਲੀ ਜਨਮ ਸਰਟੀਫ਼ਕੇਟ ਬਣਵਾ ਕੇ ਕੀਤਾ ਧੋਖਾ !

ਲੁਧਿਆਣਾ 7 ਜੁਲਾਈ। ਥਾਣਾ ਜੋਧੇਵਾਲ ਦੀ ਪੁਲਸ ਨੇ ਦੋ ਮੁਲਜ਼ਮਾਂ ਦੇ ਖ਼ਲਾਫ਼ ਸਾਜ਼ਿਸ਼ ਤਹਿਤ ਧੋਖਾਧੜੀ ਕਰ ਕੇ ਜਾਅਲੀ ਦਸਤਾਵੇਜ਼ ਤਿਆਰ ਕਰ ਕੇ ਕੁੜੀ ਦੇ ਨਾਂ ਦਾ ਜਨਮ ਸਰਟੀਫ਼?ਕੇਟ ਬਣਾਉਣ ਦੇ ਦੋਸ਼ ਵਿਚ 2 ਮੁਲਜ਼ਮਾਂ ਦੇ ਖ਼?ਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਥਾਣੇਦਾਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਚਿੰਕੀ ਪਤਨੀ ਮਨਜੀਤ ਸਿੰਘ ਵਾਸੀ ਮੋਹਾਲੀ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕੀਤਾ ਹੈ। ਸ਼ਿਕਾਇਤ ਕਰਤਾ ਨੇ ਕਿਹਾ ਹੈ ਕਿ ਮੁਲਜ਼ਮ ਜਸਵੀਰ ਸਿੰਘ ਤੇ ਸੁਨੀਲ ਕੁਮਾਰ ਨੇ ਆਪਸੀ ਮਿਲੀਭੁਗਤ ਨਾਲ ਉਸ ਦੀ ਧੀ ਦੇ ਨਾਂ ਦਾ ਜਾਅਲੀ ਸਰਟੀਫ਼?ਕੇਟ ਤਿਆਰ ਕਰਕੇ ਸਕੂਲ ਵਿਚ ਦਾਖ਼ਲਾ ਕਰਵਾਇਆ ਹੈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਮੁਲਜ਼ਮਾਂ ਦੇ ਖ਼?ਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਨੇ ਅੱਖਾਂ ਦੇ ਮਾਹਿਰ ਡਾ. ਐਸ. ਰਾਜਨ ਨੂੰ ਕੀਤਾ ਸਨਮਾਨਤ

ਫਗਵਾੜਾ: ਲਾਇਨਜ਼ ਇੰਟਰਨੈਸ਼ਨਲ 321-ਡੀ ਦੀ ਮੋਹਰੀ ਸੰਸਥਾ ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਨੇ ਕਲੱਬ ਪ੍ਰਧਾਨ ਲਾਇਨ ਸੰਜੀਵ ਸੂਰੀ ਦੀ ਅਗਵਾਈ ਹੇਠ ਅੱਖਾਂ ਦੇ ਮਾਹਿਰ ਅਤੇ ਡਾ. ਰਾਜਨ ਆਈ ਕੇਅਰ ਦੇ ਮੈਨੇਜਿੰਗ ਡਾਇਰੈਕਟਰ ਡਾ. ਐਸ. ਰਾਜਨ ਨੂੰ ਰਾਸ਼ਟਰੀ ਡਾਕਟਰ ਦਿਵਸ ਦੇ ਸਬੰਧ 'ਚ ਸਨਮਾਨਿਤ ਕੀਤਾ ਅਤੇ ਪੂਰੇ ਹਸਪਤਾਲ ਸਟਾਫ ਨੂੰ ਡਾਕਟਰਸ ਦਿਵਸ ਦੀਆਂ ਸ਼ੁਭ ਇੱਛਾਵਾਂ ਦਿੱਤੀਆਂ। ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਲਾਇਨ ਗੁਰਦੀਪ ਸਿੰਘ ਕੰਗ ਐਮ.ਜੇ.ਐਫ. ਅਤੇ ਕਲੱਬ ਦੇ ਪ੍ਰਧਾਨ ਲਾਇਨ ਸੰਜੀਵ ਸੂਰੀ ਨੇ ਕਿਹਾ ਕਿ ਡਾ. ਰਾਜਨ ਆਈ ਕੇਅਰ ਨਾ ਸਿਰਫ਼ ਫਗਵਾੜਾ ਲਈ ਸਗੋਂ ਨੇੜਲੇ ਸ਼ਹਿਰਾਂ, ਕਸਬਿਆਂ ਅਤੇ ਪੇਂਡੂ ਖੇਤਰਾਂ 'ਚ ਵੱਸਦੇ ਲੋਕਾਂ ਲਈ ਵੀ ਇੱਕ ਵਰਦਾਨ ਤੋਂ ਘੱਟ ਨਹੀਂ ਹਨ। ਡਾ. ਰਾਜਨ ਆਈ ਕੇਅਰ ਵਲੋਂ ਅੱਖਾਂ ਦੇ ਮਰੀਜ਼ਾਂ ਲਈ ਹਰ ਤਰ੍ਹਾਂ ਦੀ ਸਰਜਰੀ ਦਾ ਪ੍ਰਬੰਧ ਕੀਤਾ ਗਿਆ ਹੈ। ਡਾ. ਰਾਜਨ ਨੇ ਇਸ ਸਨਮਾਨ ਲਈ ਸਮੂਹ ਲਾਇਨ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੇ ਮੈਡੀਕਲ ਦੇ ਖੇਤਰ ਨੂੰ ਪੇਸ਼ੇ ਵਜੋਂ ਨਹੀਂ ਸਗੋਂ ਸੇਵਾ ਵਜੋਂ ਚੁਣਿਆ ਹੈ। ਆਪਣੇ ਮਰੀਜ਼ਾਂ ਨੂੰ ਵਧੀਆ ਡਾਕਟਰੀ ਸਹੂਲਤਾਂ ਪ੍ਰਦਾਨ ਕਰਨਾ ਉਨ੍ਹਾਂ ਦਾ ਸਭ ਤੋਂ ਵੱਡਾ ਫਰਜ਼ ਹੈ ਅਤੇ ਹਸਪਤਾਲ ਵਲੋਂ ਅਕਸਰ ਦਾਨੀ ਸੱਜਣਾਂ ਦੀ ਮੱਦਦ ਨਾਲ ਅੱਖਾਂ ਦੇ ਫਰੀ ਸਰਜਰੀ ਕੈਂਪ ਵੀ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਖਾਸ ???ਮੌਕਿਆਂ 'ਤੇ, ਟੈਸਟਾਂ ਆਦਿ 'ਤੇ ਵਿਸ਼ੇਸ਼ ਛੋਟ ਵੀ ਦਿੱਤੀ ਜਾਂਦੀ ਹੈ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਉਹ ਹਮੇਸ਼ਾ ਆਪਣੀ ਡਿਊਟੀ ਹਮੇਸ਼ਾ ਤਨਦੇਹੀ ਨਾਲ ਨਿਭਾਉਂਦੇ ਰਹਿਣਗੇ। ਇਸ ਮੌਕੇ 'ਤੇ ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਦੇ ਉਪ ਪ੍ਰਧਾਨ ਲਾਇਨ ਸੁਮਿਤ ਭੰਡਾਰੀ, ਸਕੱਤਰ ਲਾਇਨ ਦਿਨੇਸ਼ ਖਰਬੰਦਾ, ਕੈਸ਼ੀਅਰ ਲਾਇਨ ਅਜੈ ਕੁਮਾਰ, ਲਾਇਨ ਸੰਜੀਵ ਕੁਮਾਰ ਚਾਹਲ, ਲਾਇਨ ਜਸਪਾਲ ਸਿੰਘ ਆਦਿ ਵੀ ਮੌਜੂਦ ਸਨ

## ਸਿਹਤ ਮੰਤਰੀ ਨਾਲ ਪਿਤਾ ਨੂੰ ਹਸਪਤਾਲ ਮਿਲਣ ਪਹੁੰਚੀ ਅਦਾਕਾਰਾ ਤਾਨੀਆ, ਹਾਲਤ ਨਾਜ਼ੁਕ

ਮੋਗਾ 7 ਜੁਲਾਈ। ਬੀਤੇ ਦਿਨੀਂ ਮਸ਼ਹੂਰ ਅਦਾਕਾਰਾ ਤਾਨੀਆ ਕੰਬੋਜ ਦੇ ਪਿਤਾ ਅਨਿਲਜੀਤ ਕੰਬੋਜ ਦਾਸ 'ਤੇ ਦੋ ਨੌਜਵਾਨਾਂ ਵੱਲੋਂ ਹਮਲਾ ਕੀਤਾ ਗਿਆ ਸੀ, ਜਿਨ੍ਹਾਂ ਨੂੰ ਇਲਾਜ ਲਈ ਨੂੰ ਮੋਗਾ ਦੇ ਮੈਡੀਸਿਟੀ ਹਸਪਤਾਲ 'ਚ ਦਾਖਲ ਕਰਾਇਆ ਗਿਆ ਹੈ। ਉੱਥੇ ਹੀ ਅੱਜ ਅਭਿਨੇਤਰੀ ਤਾਨੀਆ ਕੰਬੋਜ ਆਪਣੇ ਪਿਤਾ ਦਾ ਪਤਾ ਲੈਣ ਹਸਪਤਾਲ ਵਿੱਚ ਪਹੁੰਚੀ। ਇਸ ਦੌਰਾਨ ਉਨ੍ਹਾਂ ਨਾਲ ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਵੀ ਹਾਜ਼ਰ ਸਨ। ਇਸ ਮੌਕੇ ਸਿਹਤ ਮੰਤਰੀ ਨੇ ਕਿਹਾ ਕਿ ਉਹ ਇਸ ਦੁਖ ਦੀ ਘੜੀ ਵਿੱਚ ਪਰਿਵਾਰ ਨਾਲ ਖੜ੍ਹੇ ਹਨ। ਜੋ ਇਹ ਹਾਦਸਾ ਹੋਇਆ ਹੈ ਉਹ ਨਿੰਦਨਯੋਗ ਹੈ ਅਤੇ ਜਲਦ ਹੀ ਦੋਸ਼ੀਆਂ ਨੂੰ ਕਾਬੂ ਕਰ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਨੂੰ ਇਹੋ ਜਿਹੀ ਸਜ਼ਾ ਦੇਵਾਂਗੇ ਕਿ ਅੱਗੇ ਤੋਂ ਕੋਈ ਇਹੋ ਜਿਹੀ ਘਿਨੌਣੀ ਹਰਕਤ ਕਰਨ ਬਾਰੇ ਸੋਚੇ ਵੀ ਨਾ। ਅਸੀਂ ਸਾਰੇ ਦੁਆ ਕਰਦੇ ਹਾਂ ਕਿ ਡਾਕਟਰ ਅਨਿਲਜੀਤ ਕੰਬੋਜ ਜਲਦ ਠੀਕ ਹੋਣ, ਫਿਲਹਾਲ ਉਨ੍ਹਾਂ ਦੀ ਹਾਲਤ ਨਾਜ਼ੁਕ ਹੈ।

# ਪੰਜਾਬ ਦੇ ਸਕੂਲਾਂ 'ਚ ਵਧਣਗੀਆਂ ਗਰਮੀ ਦੀਆਂ ਛੁੱਟੀਆਂ?

**ਕੌਮੀ ਪਤ੍ਰਿਕਾ**

ਪਟਿਆਲਾ/ਰੱਖੜਾ 7 ਜੁਲਾਈ। ਪੰਜਾਬ ਸਰਕਾਰ ਵੱਲੋਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਪੰਜਾਬ ਦੇ ਸਕੂਲਾਂ ਵਿਚ ਗੁਣਵੱਤਾ ਪੂਰਨ ਸਿੱਖਿਆ ਦੇਣ, ਵਿਦਿਆਰਥੀਆਂ ਦੀ ਹਾਜ਼ਰੀ ਵਿੱਚ ਵਾਧਾ ਕਰਨ ਅਤੇ ਬੱਚਿਆਂ ਦੇ ਵਿਅਕਤੀਗਤ ਵਿਕਾਸ ਨੂੰ ਨਵਾਂ ਮੋੜ ਦੇਣ ਲਈ ਨਵੇਂ ਉਪਰਾਲੇ ਸ਼ੁਰੂ ਕੀਤੇ ਜਾ ਰਹੇ ਹਨ। ਇਨ੍ਹਾਂ ਹੀ ਉਪਰਾਲਿਆਂ ਦੇ ਤਹਿਤ 7 ਜੁਲਾਈ ਨੂੰ ਸਾਰੇ ਸਰਕਾਰੀ ਸਕੂਲਾਂ ਵਿੱਚ "ਆਓ ਸਕੂਲ ਚੱਲੀਏ"ਪ੍ਰੋਗਰਾਮ ਕੀਤਾ ਜਾ ਰਿਹਾ ਹੈ, ਜਿਸ ਤਹਿਤ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਸਕੂਲਾਂ ਵਿਚ ਨਵੇਂ ਜੋਸ਼ ਅਤੇ ਉਤਸ਼ਾਹ ਨਾਲ ਵਿਦਿਆਰਥੀਆਂ ਦਾ ਸਵਾਗਤ ਕੀਤਾ ਜਾਵੇਗਾ। ਇਸ ਨਾਲ ਇਹ ਗੱਲ ਵੀ ਸਾਫ਼ ਹੋ ਗਈ ਹੈ ਕਿ ਸਕੂਲਾਂ ਦੀਆਂ ਛੁੱਟੀਆਂ ਵਿਚ ਕੋਈ ਵਾਧਾ ਨਹੀਂ ਕੀਤਾ ਜਾ ਰਿਹਾ। ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕਮਾ ਅਤੇ ਡਿਪਟੀ ਡੀ.ਈ.ਓ. ਡਾ. ਰਵਿੰਦਰਪਾਲ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ ਸਾਰੇ ਸਕੂਲਾਂ ਵਿਚ ਵਿਸ਼ੇਸ਼ ਕਾਰਜਕ੍ਰਮ ਆਯੋਜਿਤ ਕੀਤੇ ਜਾਣਗੇ। ਬੱਚਿਆਂ ਦਾ ਸਕੂਲ ਵਿਚ ਜੋਸ਼ ਨਾਲ ਸਵਾਗਤ ਕਰਦੇ ਹੋਏ ਉਨ੍ਹਾਂ ਲਈ ਖੇਡਾਂ, ਮਨੋਰੰਜਕ ਅਤੇ ਗਿਆਨਵਾਨ ਗਤੀਵਿਧੀਆਂ ਰੱਖੀਆਂ ਜਾਣਗੀਆਂ, ਜੋ ਕਿ ਬੱਚਿਆਂ ਦੇ ਮਨੋਵਿਗਿਆਨਿਕ ਵਿਕਾਸ ਲਈ ਲਾਭਕਾਰੀ ਸਾਬਤ ਹੋਣਗੀਆਂ। ਉਨ੍ਹਾਂ ਦੱਸਿਆ ਕਿ ਸਕੂਲਾਂ ਵਿਚ ਖਾਸ ਤੌਰ 'ਤੇ ਕਸਰਤਾਂ, ਗੋਲ



ਚੱਕਰ ਵਿਚ ਖੇਡਾਂ, ਵਿਦਿਆਰਥੀਆਂ ਵੱਲੋਂ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਕੀਤੀਆਂ ਯਾਤਰਾਵਾਂ ਅਤੇ ਉਨ੍ਹਾਂ ਦੇ ਅਨੁਭਵਾਂ ਨੂੰ ਸਾਂਝਾ ਕਰਨ ਦੀ ਪ੍ਰੇਰਣਾ ਦਿੱਤੀ ਜਾਵੇਗੀ। ਇਸ ਦੇ ਨਾਲ-ਨਾਲ ਵਿਦਿਆਰਥੀਆਂ ਨਾਲ ਉਨ੍ਹਾਂ ਦੇ ਜੀਵਨ ਦੇ ਉਦੇਸ਼ਾਂ ਉਤੇ ਵੀ ਖੁੱਲ੍ਹੀ ਚਰਚਾ ਕਰਵਾਈ ਜਾਵੇਗੀ, ਤਾਂ ਜੋ ਉਹ ਆਪਣੇ ਟੀਚਿਆਂ ਵੱਲ ਪੂਰੀ ਸੰਜੀਦਗੀ ਨਾਲ ਧਿਆਨ ਦੇ ਸਕਣ। ਇਸ ਦੇ ਇਲਾਵਾ, 7 ਜੁਲਾਈ ਨੂੰ ਸਕੂਲਾਂ ਵਿਚ ਡਾਕਟਰ ਦਿਵਸ ਵੀ ਮਨਾਇਆ ਜਾਵੇਗਾ। ਇਸ ਮੌਕੇ 'ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਸਿਹਤ ਸੇਵਾਵਾਂ ਲਈ ਡਾਕਟਰਾਂ ਦਾ ਧੰਨਵਾਦ ਕੀਤਾ ਜਾਵੇਗਾ। ਵਿਦਿਆਰਥੀਆਂ ਨੂੰ ਡਾਕਟਰਾਂ ਦੇ ਯੋਗਦਾਨ ਬਾਰੇ ਜਾਣੂ ਕਰਵਾਇਆ ਜਾਵੇਗਾ ਅਤੇ ਉਨ੍ਹਾਂ ਦਾ ਧੰਨਵਾਦ ਪ੍ਰਗਟ ਕਰਨ ਲਈ ਵਿਸ਼ੇਸ਼ ਪ੍ਰੋਗਰਾਮ ਕਰਵਾਏ ਜਾਣਗੇ। ਸਿੱਖਿਆ ਵਿਭਾਗ ਵੱਲੋਂ ਜ਼ਿਲ੍ਹਾ ਪੱਧਰ ਤੇ ਨਿਰੀਖਣ ਟੀਮਾਂ ਤਾਇਨਾਤ ਕੀਤੀਆਂ ਜਾ ਰਹੀਆਂ ਹਨ ਜੋ ਸਕੂਲਾਂ ਦੀ ਤਿਆਰੀ, ਵਿਦਿਆਰਥੀਆਂ ਦੀ ਹਾਜ਼ਰੀ ਅਤੇ ਮੁਹਿੰਮ ਦੀ ਲਾਗੂ ਕਰਨ ਦੀ ਵਿਵਸਥਾ ਦੀ ਸਮੀਖਿਆ ਕਰਨਗੀਆਂ। ਜ਼ਿਲ੍ਹਾ ਸਿੱਖਿਆ ਅਫ਼ਸਰ ਸੰਜੀਵ ਸ਼ਰਮਾ ਨੇ ਸਾਰੇ ਸਕੂਲ ਮੁਖੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਵਿਦਿਆਰਥੀਆਂ ਲਈ ਆਨੰਦਮਈ ਵਾਤਾਵਰਣ ਬਣਾਉਣ, ਪ੍ਰੇਰਕ ਚਰਚਾਵਾਂ ਅਤੇ ਸਵਾਗਤੀ ਕਾਰਜਕ੍ਰਮ ਰਾਹੀਂ ਸਕੂਲ ਦੇ ਪਹਿਲੇ ਦਿਨ ਨੂੰ ਯਾਦਗਾਰ ਬਣਾਉਣ ਵਿਚ ਆਪਣਾ ਯੋਗਦਾਨ ਪਾਉਣ ਇਹ ਮੁਹਿੰਮ ਨਾ ਸਿਰਫ਼ ਵਿਦਿਆਰਥੀਆਂ ਨੂੰ ਸਕੂਲ ਵੱਲ ਵਾਪਸ ਖਿੱਚਣ ਦਾ ਉਦੇਸ਼ ਰੱਖਦੀ ਹੈ, ਬਲਕਿ ਉਨ੍ਹਾਂ ਵਿਚ ਇਕ ਨਵਾਂ ਉਤਸ਼ਾਹ, ਨਵੀਂ ਲਗਨ ਅਤੇ ਸਿੱਖਣ ਪ੍ਰਤੀ ਰੁਚੀ ਜਗਾਉਣ ਦੀ ਕੋਸ਼ਿਸ਼ ਵੀ ਕਰ ਰਹੀ ਹੈ। 'ਆਓ ਸਕੂਲ ਚੱਲੀਏ' ਜਿਵੇਂ ਉਪਰਾਲੇ ਸਕੂਲੀ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਵੱਲ ਇਕ ਮਹੱਤਵਪੂਰਨ ਕਦਮ ਸਾਬਤ ਹੋਣਗੇ।

## ਦਰਦਨਾਕ ਹਾਦਸਾ; ਡੂੰਘੀ ਖੱਡ 'ਚ ਜਾ ਡਿੱਗੀ ਕਾਰ, 4 ਲੋਕਾਂ ਦੀ ਮੌਤ

ਕੁੱਲੂ 7 ਜੁਲਾਈ। ਹਿਮਾਚਲ ਪ੍ਰਦੇਸ਼ ਦੇ ਕੁੱਲੂ ਜ਼ਿਲ੍ਹੇ ਵਿਚ ਇਕ ਭਿਆਨਕ ਸੜਕ ਹਾਦਸਾ ਵਾਪਰ ਗਿਆ। ਇਸ ਹਾਦਸੇ ਵਿਚ 4 ਲੋਕਾਂ ਦੀ ਮੌਤ ਹੋ ਗਈ, ਜਦਕਿ ਇਕ ਵਿਅਕਤੀ ਗੰਭੀਰ ਰੂਪ ਨਾਲ ਜ਼ਖਮੀ ਹੋ ਗਿਆ। ਜਾਣਕਾਰੀ ਮੁਤਾਬਕ ਮਨਾਲੀ ਦੇ ਰਾਹਨੀਨਾਲਾ ਵਿਚ ਇਕ ਕਾਰ ਡੂੰਘੀ ਖੱਡ ਵਿਚ ਡਿੱਗ ਗਈ। ਮਨਾਲੀ ਦੇ ਡੀ. ਐੱਸ. ਪੀ. ਕੇਡੀ ਸ਼ਰਮਾ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਕਾਰ ਵਿਚ ਕੁੱਲ 5 ਲੋਕ ਸਵਾਰ ਸਨ। ਹਾਦਸੇ ਤੋਂ ਤੁਰੰਤ ਬਾਅਦ ਬਚਾਅ ਕਾਰਜ ਸ਼ੁਰੂ ਕਰ ਦਿੱਤਾ ਗਿਆ। ਮ੍ਰਿਤਕਾਂ ਅਤੇ ਜ਼ਖਮੀਆਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਰਾਹਤ ਅਤੇ ਬਚਾਅ ਕਾਰਜ ਤੇਜ਼ ਕਰ ਦਿੱਤੇ ਹਨ। ਸੜਕ ਹਾਦਸੇ ਦੀ ਸੂਚਨਾ ਮਿਲਦੇ ਹੀ ਇਕ ਪੁਲਸ ਟੀਮ ਨੂੰ ਤੁਰੰਤ ਮੌਕੇ 'ਤੇ ਭੇਜਿਆ ਗਿਆ। ਮੁੱਢਲੀ ਜਾਣਕਾਰੀ ਮੁਤਾਬਕ ਇਕ ਆਲਟੋ ਕਾਰ ਜਿਸ ਦਾ ਰਜਿਸਟ?ਰੇਸ਼ਨ ਨੰਬਰ 8♦01™-7850 ਅਤੇ ਜਿਸ ਦਾ ਵੈਧ ਰੋਹਤਾਂਗ ਪਰਮਿਟ ਨੰਬਰ "$2025070699 ਹੈ। ਇਹ ਆਲਟੋ ਕਾਰ ਰਾਹਨੀਨਾਲਾ ਨੇੜੇ ਸੜਕ ਤੋਂ ਫਿਸਲ ਗਈ ਅਤੇ ਇਕ ਡੂੰਘੀ ਖੱਡ ਵਿਚ ਜਾ ਡਿੱਗੀ ਕਾਰ 'ਚ ਕੁੱਲ 5 ਲੋਕ ਸਵਾਰ ਸਨ। 4 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਇਕ ਵਿਅਕਤੀ ਗੰਭੀਰ ਜ਼ਖਮੀ ਹੋ ਗਿਆ। ਬਚਾਅ ਕਾਰਜ ਅਜੇ ਵੀ ਜਾਰੀ ਹਨ। ਮਨਾਲੀ ਦੇ ਡੀ. ਐੱਸ. ਪੀ. ਨੇ ਮਾਮਲੇ ਦੀ ਪੁਸ਼ਟੀ ਕੀਤੀ ਹੈ।

## ਘਰ ਨੂੰ ਅੱਗ ਲੱਗਣ ਕਾਰਨ ਜ਼ਿੰਦਾ ਸੜੀ ਔਰਤ; ਪੁੱਤ ਤੇ ਨੂੰਹ ਤੋਂ ਪੁੱਛਗਿੱਛ

ਦੇਵਰੀਆ 7 ਜੁਲਾਈ। ਪੁਲਸ ਨੇ ਦੱਸਿਆ ਕਿ ਐਤਵਾਰ ਨੂੰ ਇੱਥੇ ਇੱਕ ਘਰ ਵਿੱਚ ਅੱਗ ਲੱਗਣ ਨਾਲ ਇੱਕ 45 ਸਾਲਾ ਔਰਤ ਜ਼ਿੰਦਾ ਸੜ ਗਈ। ਮ੍ਰਿਤਕਾ ਦੀ ਪਛਾਣ ਸੁਨੀਤਾ ਵਜੋਂ ਹੋਈ ਹੈ, ਜੋ ਮੂਲ ਰੂਪ ਵਿੱਚ ਅਸਾਮ ਦੀ ਰਹਿਣ ਵਾਲੀ ਸੀ ਅਤੇ ਪਿਛਲੇ ਤਿੰਨ ਸਾਲਾਂ ਤੋਂ ਸਲੇਮਪੁਰ ਦੇ ਸਲਾਹਾਬਾਦ ਇਲਾਕੇ ਵਿੱਚ ਕਿਰਾਏ ਦੇ ਮਕਾਨ ਵਿੱਚ ਆਪਣੇ ਪੁੱਤਰ, ਧੀ ਅਤੇ ਨੂੰਹ ਨਾਲ ਰਹਿ ਰਹੀ ਸੀ। ਪੁਲਸ ਨੇ ਦੱਸਿਆ ਕਿ ਇਹ ਘਟਨਾ ਸਵੇਰੇ 11 ਵਜੇ ਦੇ ਕਰੀਬ ਵਾਪਰੀ ਜਦੋਂ ਘਰ ਦੇ ਇੱਕ ਕਮਰੇ ਵਿੱਚ ਅੱਗ ਲੱਗ ਗਈ। ਘਟਨਾ ਦੇ ਸਮੇਂ ਸੁਨੀਤਾ ਤੇ ਉਸਦੀ ਨੂੰਹ ਰੇਸ਼ਮਾ ਘਰ ਵਿੱਚ ਸਨ, ਜਦੋਂ ਕਿ ਉਸਦਾ ਪੁੱਤਰ ਧਨੰਜਯ ਅਤੇ ਧੀ ਸੋਨਮ ਬਾਹਰ ਗਏ ਹੋਏ ਸਨ। ਪੁਲਸ ਨੇ ਦੱਸਿਆ ਕਿ ਸੁਨੀਤਾ ਕਥਿਤ ਤੌਰ 'ਤੇ ਕਮਰੇ ਦੇ ਅੰਦਰ ਫਸ ਗਈ ਤੇ ਜ਼ਿੰਦਾ ਸੜ ਗਈ। ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਗੁਆਂਢੀਆਂ ਅਤੇ ਸਥਾਨਕ ਲੋਕਾਂ ਨੂੰ ਘਟਨਾ ਦਾ ਪਤਾ ਲਗਭਗ ਇੱਕ ਘੰਟੇ ਬਾਅਦ ਲੱਗਿਆ। ਸਰਕਲ ਅਫ਼ਸਰ (ਸੀਓ) ਸਲੇਮਪੁਰ, ਦੀਪਕ ਸ਼ੁਕਲਾ ਨੇ ਕਿਹਾ ਕਿ ਇੱਕ ਕੁੱਤਾ ਦਸਤਾ ਤਾਇਨਾਤ ਕੀਤਾ ਗਿਆ ਹੈ ਅਤੇ ਫੋਰੈਂਸਿਕ ਟੀਮਾਂ ਘਟਨਾ ਸਥਾਨ ਤੋਂ ਸਬੂਤ ਇਕੱਠੇ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਸੀਂ ਪੁੱਤਰ ਅਤੇ ਨੂੰਹ ਦੇ ਬਿਆਨ ਦਰਜ ਕਰ ਰਹੇ ਹਾਂ। ਅੱਗ ਲੱਗਣ ਦੇ ਸਹੀ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ ਅਤੇ ਜਾਂਚ ਜਾਰੀ ਹੈ।

# ਫਗਵਾੜਾ ਫੋਟੋਗ੍ਰਾਫ਼ਰਜ਼ ਐਸੋਸੀਏਸ਼ਨ ਵੱਲੋਂ ਵਰਕਸ਼ਾਪ ਦਾ ਆਯੋਜਨ

**ਕੌਮੀ ਪਤ੍ਰਿਕਾ**

ਫਗਵਾੜਾ 7 ਜੁਲਾਈ: ਪੰਜਾਬ ਫੋਟੋਗ੍ਰਾਫ਼ਰਜ਼ ਐਸੋਸੀਏਸ਼ਨ ਰਜਿ. ਦੀ ਅਗਵਾਈ ਹੇਠ, ਅੰਤਰਰਾਸ਼ਟਰੀ ਕੈਮਰਾ ਕੰਪਨੀ ਕੈਨਨ ਦੀ ਵਰਕਸ਼ਾਪ ਐਸੋਸੀਏਸ਼ਨ ਦੀ ਸਥਾਨਕ ਇਕਾਈ, ਫਗਵਾੜਾ ਫੋਟੋਗ੍ਰਾਫ਼ਰਜ਼ ਐਸੋਸੀਏਸ਼ਨ ਰਜਿ. ਵੱਲੋਂ ਹੋਟਲ ਮਿਰੇਕਲ ਬੰਗਾ ਰੋਡ ਫਗਵਾੜਾ ਵਿਖੇ ਆਯੋਜਿਤ ਕੀਤੀ ਗਈ। ਇਸ ਵਰਕਸ਼ਾਪ ਵਿੱਚ, ਕੈਨਨ ਕੰਪਨੀ ਦੇ ਸਲਾਹਕਾਰ ਸੁਖਵਿੰਦਰ ਅਤੇ ਗੁਪਤਾ ਫੋਟੋ ਗੁੱਡਜ਼ ਤੋਂ ਸਿਨੇ ਲਾਈਨ ਮਾਹਿਰ ਦਲਵੀਰ ਮੱਟੂ, ਗੁਰਦੀਪ ਸਿੰਘ, ਕੁਲਦੀਪ ਫੋਤੇਦਾਰ ਅਤੇ ਡੱਬੂ ਜੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਦੌਰਾਨ, ਕੰਪਨੀ ਦੇ ਪ੍ਰਤੀਨਿਧੀਆਂ ਨੇ ਫੋਟੋਗ੍ਰਾਫ਼ਰਾਂ ਨੂੰ ਤਕਨੀਕੀ ਹੁਨਰ ਸਿਖਾਏ। ਇਸ ਤੋਂ ਪਹਿਲਾਂ, ਕੰਪਨੀ ਦੇ ਪਤਵੰਤਿਆਂ ਦੇ ਆਉਣ 'ਤੇ, ਐਸੋਸੀਏਸ਼ਨ ਦੇ ਸ਼ਾਖਾ ਮੁਖੀ ਰਾਮ ਕੁਮਾਰ ਜੋਸ਼ੀ ਦੀ ਅਗਵਾਈ ਹੇਠ ਮੌਜੂਦ ਫੋਟੋਗ੍ਰਾਫ਼ਰਾਂ ਦੇ ਸਮੂਹ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਤਕਨੀਕੀ ਮਾਹਿਰਾਂ ਸੁਖਵਿੰਦਰ ਸਿੰਘ, ਦਲਵੀਰ ਮੱਟੂ ਅਤੇ ਹੋਰਾਂ ਨੇ ਫੋਟੋਗ੍ਰਾਫ਼ਰਾਂ ਨੂੰ ਕੈਨਨ ਦੇ ਨਵੀਨਤਮ ਕੈਮਰਿਆਂ ਦੀਆਂ ਵਿਸ਼ੇਸ਼ਤਾਵਾਂ ਬਾਰੇ ਦੱਸਿਆ ਅਤੇ ਸਿਨੇ ਲਾਈਨ ਕੈਮਰਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਫੋਟੋਗ੍ਰਾਫੀ ਦਾ ਭਵਿੱਖ ਸਿਨੇ ਲਾਈਨ ਕੈਮਰਿਆਂ 'ਤੇ ਅਧਾਰਤ ਹੈ। ਵਪਾਰਕ ਫੋਟੋਗ੍ਰਾਫੀ ਲਈ ਨਵੇਂ ਮਾਡਲ ਕੈਮਰਿਆਂ ਦੇ ਆਉਣ ਨਾਲ, ਅਸੀਂ ਰਵਾਇਤੀ ਫੋਟੋਗ੍ਰਾਫੀ ਅਤੇ ਸਿਨੇਮੈਟਿਕ ਫੋਟੋਗ੍ਰਾਫੀ ਦੇ ਖੇਤਰ ਵਿੱਚ ਬਹੁਤ ਅੱਗੇ ਜਾ ਸਕਦੇ ਹਾਂ। ਉਨ੍ਹਾਂ ਕਿਹਾ ਕਿ ਵਿਆਹ ਦੀ ਫੋਟੋਗ੍ਰਾਫੀ ਦੇ ਨਾਲ-ਨਾਲ, ਫੋਟੋਗ੍ਰਾਫਰ ਹੁਣ ਫੀਚਰ ਫਿਲਮਾਂ, ਓਟੀਟੀ ਪਲੇਟਫਾਰਮਾਂ ਅਤੇ ਸੰਗੀਤ ਵੀਡੀਓਜ਼ ਦੇ ਖੇਤਰ ਵਿੱਚ ਵਧੀਆ ਪ੍ਰਦਰਸ਼ਨ ਕਰ ਸਕਦੇ ਹਨ। ਇਸ ਦੌਰਾਨ, ਐਸੋਸੀਏਸ਼ਨ ਦੇ ਅਧਿਕਾਰੀਆਂ ਨੇ ਪੀਪੀਏ ਪੰਜਾਬ ਦੁਆਰਾ 16 ਅਤੇ 17 ਅਗਸਤ ਨੂੰ ਲੁਧਿਆਣਾ ਵਿੱਚ ਆਯੋਜਿਤ ਕੀਤੇ ਜਾ ਰਹੇ ਪੰਜਾਬ ਫੋਟੋ ਮੇਲਾ-2025 ਦੇ ਪੋਸਟਰ ਦਾ ਉਦਘਾਟਨ ਕੀਤਾ। ਇਸ ਵਰਕਸ਼ਾਪ ਵਿੱਚ ਐਸੋਸੀਏਸ਼ਨ ਦੇ ਚੇਅਰਮੈਨ ਰਾਕੇਸ਼ ਸ਼ਰਮਾ, ਸਕੱਤਰ ਜਤਿੰਦਰ ਕੁਮਾਰ, ਕੈਸ਼ੀਅਰ ਰਾਕੇਸ਼ ਕੁਮਾਰ, ਸੀਨੀਅਰ ਮੀਤ ਪ੍ਰਧਾਨ ਜੋਗਿੰਦਰ ਪਾਲ ਲਾਟੂ ਅਤੇ ਜ਼ਿਲ੍ਹਾ ਮੀਤ ਪ੍ਰਧਾਨ ਯਸ਼ਪਾਲ ਤੋਂ ਇਲਾਵਾ ਰਾਕੇਸ਼ ਚੰਦਰ ਸ਼ਰਮਾ, ਰਾਕੇਸ਼ ਸ਼ਰਮਾ, ਰਾਜ ਕਪੂਰ ਤੇਜੀ, ਸੁਧੀਰ ਹੈਲਨ, ਹਰਜੀਤ ਸਿੰਘ, ਵਿਜੇ ਕੁਮਾਰ, ਗੁਰਮੁੱਖ ਸਿੰਘ, ਗੋਵਿੰਦ ਸਿੰਘ ਧੀਮਾਨ, ਸੰਜੇ ਕੁਮਾਰ, ਸੰਜੇ ਕੁਮਾਰ, ਸੰਜੇ ਕੁਮਾਰ ਆਦਿ ਹਾਜ਼ਰ ਸਨ। ਸਿੰਘ, ਸੰਜੀਵ ਕੁਮਾਰ, ਸੁਰਿੰਦਰ ਕੁਮਾਰ, ਸੰਦੀਪ ਸ਼ਰਮਾ, ਸੁਮਿਤ ਖੰਨਾ, ਗੁਰਮੀਤ, ਸ਼ਰਨਜੀਤ ਸਿੰਘ, ਸਾਹਿਲ, ਅਨਿਲ ਕੁਮਾਰ, ਅਮਿਤ ਸਿੰਘ, ਮਦਨ ਲਾਲ, ਰਮੇਸ਼ ਕੁਮਾਰ, ਰਾਹੁਲ ਕੁਮਾਰ, ਦੀਪਕ ਕੁਮਾਰ, ਜਸਵਿੰਦਰ ਸਿੰਘ, ਹਰਮੀਤ ਸਿੰਘ ਆਦਿ ਸ਼ਾਮਿਲ ਸਨ

## ਪੁਲਸ ਦੀ ਗ੍ਰਿਫ਼ਤ ਤੋਂ ਭੱਜਣ ਦੀ ਕੋਸ਼ਿਸ਼ ਕਰਨ ਵਾਲੇ ਵਿਅਕਤੀ ਖ਼?ਲਾਫ਼ ਪਰਚਾ ਦਰਜ

ਜਲਾਲਾਬਾਦ 7 ਜੁਲਾਈ। ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਇਕ ਮੁਕੱਦਮੇ 'ਚ ਨਾਮਜ਼ਦ ਵਿਅਕਤੀ ਨੂੰ ਤਫਤੀਸ਼ ਦੇ ਸਬੰਧ 'ਚ ਲੈ ਕੇ ਜਾਣ ਸਮੇਂ ਭੱਜਣ ਦੀ ਕੋਸ਼ਿਸ਼



ਕਰਨ ਵਾਲੇ ਵਿਅਕਤੀ ਖ਼?ਲਾਫ਼ ਪਰਚਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਦਰ ਦੇ ਐੱਸ. ਐੱਚ. ਓ. ਸਬ ਇੰਸਪੈਕਟਰ ਅਮਰਜੀਤ ਕੌਰ ਨੇ ਦੱਸਿਆ ਕਿ ਥਾਣਾ ਸਿਟੀ ਜਲਾਲਾਬਾਦ 'ਚ ਜਰਨੈਲ ਸਿੰਘ ਉਰਫ਼ ਜੈਲੀ ਪੁੱਤਰ ਭਗਤ ਸਿੰਘ ਵਾਸੀ ਟਿਵਾਨਾ ਕਲਾਂ ਦੇ ਦਰਜ ਹੋਇਆ ਸੀ ਅਤੇ ਇਸ ਮੁਕੱਦਮੇ ਦੀ ਤਫ਼ਤੀਸ਼ ਦੇ ਸਬੰਧ ਵਿੱਚ ਜਰਨੈਲ ਸਿੰਘ ਉਰਫ਼ ਜੈਲੀ ਨੂੰ ਪੁਲਸ ਪਾਰਟੀ ਲੈ ਕੇ ਪਿੰਡ ਪ੍ਰਭਾਤ ਸਿੰਘ ਵਾਲਾ ਨੂੰ ਜਾ ਰਹੇ ਸੀ। ਪੁਲਸ ਪਾਰਟੀ ਪੁਲ ਨਹਿਰ ਦੇ ਕੋਲ ਪੁੱਜੀ ਤਾਂ ਸਾਹਮਣੇ ਤੋਂ ਟਰੈਕਟਰ ਆਉਣ ਕਰਕੇ ਗੱਡੀ ਹੌਲੀ ਹੋਈ ਤਾਂ ਜਰਨੈਲ ਸਿੰਘ ਉਰਫ਼ ਜੈਲੀ ਮੌਕੇ ਦਾ ਫ਼ਾਇਦਾ ਚੁੱਕਦੇ ਹੋਏ ਗੱਡੀ ਵਿਚੋਂ ਛਾਲ ਮਾਰ ਕੇ ਭੱਜ ਗਿਆ। ਉਸ ਨੂੰ ਪੁਲਸ ਪਾਰਟੀ ਵਿਚੋਂ ਕਿਸੇ ਕਰਮਚਾਰੀ ਨੇ ਥੱਲੇ ਪਿੰਜਣੀ ਵਿੱਚ ਗੋਲੀ ਮਾਰ ਕੇ ਕਾਬੂ ਕਰ ਲਿਆ। ਇਸ 'ਤੇ ਥਾਣਾ ਸਦਰ ਵਿਖੇ ਮੁਦੱਈ ਸਹਾਇਕ ਥਾਣੇਦਾਰ ਜਸਪਾਲ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਜਰਨੈਲ ਸਿੰਘ ਉਰਫ਼ ਜੈਲੀ ਪੁੱਤਰ ਭਗਤ ਸਿੰਘ ਵਾਸੀ ਟਿਵਾਨਾਂ ਕਲਾਂ ਦੇ ਖ਼?ਲਾਫ਼ ਪਰਚਾ ਦਰਜ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਵਿਜੀਲੈਂਸ ਵਿਭਾਗ ਦੀ ਇਕ ਹੋਰ ਵੱਡੀ ਕਾਰਵਾਈ, ਹੁਣ ਇਸ ਅਫਸਰ 'ਤੇ ਡਿੱਗੀ ਗਾਜ

**ਕੌਮੀ ਪਤ੍ਰਿਕਾ**

ਚੰਡੀਗੜ੍ਹ 7 ਜੁਲਾਈ। ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਬਲਾਕ ਵਿਕਾਸ ਅਤੇ ਪੰਚਾਇਤ ਦਫ਼ਤਰ (ਬੀ.ਡੀ.ਪੀ.ਓ.) ਅੰਮ੍ਰਿਤਸਰ ਵਿਖੇ ਤਾਇਨਾਤ ਬਲਾਕ ਅਫ਼ਸਰ ਜਾਰਜ ਮਸੀਹ ਨੂੰ 13000 ਰੁਪਏ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਪਿੰਡ ਬਕਰੌਰ, ਜ਼ਿਲ੍ਹਾ



ਅੰਮ੍ਰਿਤਸਰ ਦੇ ਇਕ ਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਹੈ ਕਿ ਉਹ ਸਾਲ 2024 ਵਿਚ ਆਪਣੇ ਪਿੰਡ ਤੋਂ ਪੰਚਾਇਤੀ ਚੋਣਾਂ ਲੜਨਾ ਚਾਹੁੰਦਾ ਸੀ ਪਰ ਅਜਿਹਾ ਨਾ ਕਰ ਸਕਿਆ, ਕਿਉਂਕਿ ਬਲਾਕ ਅਫ਼ਸਰ ਅਜਨਾਲਾ ਵੱਲੋਂ ਉਸਨੂੰ ਡਿਫ਼ਾਲਟਰ ਘੋਸ਼ਿਤ ਕਰਨ ਦਾ ਨੋਟਿਸ ਜਾਰੀ ਕੀਤਾ ਗਿਆ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਉਸਨੇ 4 ਕਨਾਲ ਦੀ ਸਰਕਾਰੀ ਜ਼ਮੀਨ ਦੇ ਬਕਾਏ ਦਾ ਭੁਗਤਾਨ ਨਹੀਂ ਕੀਤਾ ਹੈ ਅਤੇ ਇਸ ਸਬੰਧੀ ਉਸ ਖਿਲਾਫ਼ ਐਫ.ਆਈ.ਆਰ. ਦਰਜ ਕੀਤੀ ਜਾਵੇਗੀ। ਸ਼ਿਕਾਇਤ ਅਨੁਸਾਰ ਮੁਲਜ਼ਮ ਨੇ ਸ਼ਿਕਾਇਤਕਰਤਾ ਨੂੰ ਕਿਹਾ ਕਿ ਜੇਕਰ ਉਹ ਆਪਣਾ ਨਾਮ ਡਿਫਾਲਟਰ ਸੂਚੀ ਵਿੱਚੋ ਕੱਢਵਾ ਕੇ ਮਾਲ ਰਿਕਾਰਡ ਵਿਚ ਸੋਧ ਕਰਵਾਉਣਾ ਚਾਹੁੰਦਾ ਹੈ, ਤਾਂ ਉਸਨੂੰ 13,000 ਰੁਪਏ ਰਿਸ਼ਵਤ ਦੇਣੀ ਪਵੇਗੀ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਉਪਰੰਤ ਵਿਜੀਲੈਂਸ ਬਿਊਰੋ ਯੂਨਿਟ ਅੰਮ੍ਰਿਤਸਰ ਦੀ ਟੀਮ ਨੇ ਜਾਲ ਵਿਛਾ ਕੇ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 13000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕਰ ਲਿਆ। ਇਸ ਸਬੰਧੀ ਵਿਜੀਲੈਂਸ ਬਿਊਰੋ ਥਾਣਾ ਅੰਮ੍ਰਿਤਸਰ ਰੇਂਜ ਵਿਚ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਮੁਲਜ਼ਮ ਨੂੰ ਕੱਲ੍ਹ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ ਅਤੇ ਇਸ ਸਬੰਧੀ ਅਗਲੇਰੀ ਜਾਂਚ ਜਾਰੀ ਹੈ।

## ਭਿਆਨਕ ਹਾਦਸੇ ਨੇ ਪਲਾਂ 'ਚ ਤਬਾਹ ਕੀਤਾ ਪਰਿਵਾਰ !

ਨੈਸ਼ਨਲ ਡੈਸਕ 7 ਜੁਲਾਈ। ਉੱਤਰ ਪ੍ਰਦੇਸ਼ ਤੋਂ ਇਕ ਬੇਹੱਦ ਦੁਖ਼ਦਾਈ ਖ਼ਬਰ ਪ੍ਰਾਪਤ ਹੋਈ ਹੈ, ਜਿੱਥੇ ਵਾਪਰੇ ਇਕ ਭਿਆਨਕ ਸੜਕ ਹਾਦਸੇ 'ਚ ਪਿਓ-ਪੁੱਤ ਦੀ ਇਕੱਠਿਆਂ ਮੌਤ ਹੋ ਗਈ। ਇਹ ਹਾਦਸਾ ਸ਼ਾਮਲੀ ਜ਼ਿਲ੍ਹੇ ਦੇ ਮੇਰਠ-ਕਰਨਾਲ ਹਾਈਵੇ 'ਤੇ ਵਾਪਰਿਆ, ਜਦੋਂ ਇਕ ਤੇਜ਼ ਰਫ਼ਤਾਰ ਟਰੱਕ ਨੇ ਇਕ ਮੋਟਰਸਾਈਕਲ ਨੂੰ ਜ਼ਬਰਦਸਤ ਟੱਕਰ ਮਾਰ ਦਿੱਤੀ, ਜਿਸ ਕਾਰਨ ਇਕ ਮੋਟਰਸਾਈਕਲ ਸਵਾਰ ਦੋਵਾਂ ਵਿਅਕਤੀਆਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ 40 ਸਾਲਾ ਕੌਸਰ ਤੇ ਉਸ ਦੇ 6 ਸਾਲਾ ਪੁੱਤਰ ਫ਼ਰਮਾਨ ਵਜੋਂ ਹੋਈ ਹੈ। ਹਾਦਸੇ ਦੀ ਜਾਣਕਾਰੀ ਮਿਲਦਿਆਂ ਹੀ ਪੁਲਸ ਟੀਮ ਮੌਕੇ 'ਤੇ ਪਹੁੰਚੀ ਤੇ ਜਾ ਕੇ ਲਾਸ਼ਾਂ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਦੱਸਿਆ ਜਾ ਰਿਹਾ ਹੈ ਕਿ ਹਾਦਸੇ ਮਗਰੋਂ ਟਰੱਕ ਡਰਾਈਵਰ ਵਾਹਨ ਛੱਡ ਕੇ ਮੌਕੇ ਤੋਂ ਫ਼ਰਾਰ ਹੋ ਗਿਆ ਹੈ, ਜਿਸ ਦੀ ਤਲਾਸ਼ ਲਈ ਪੁਲਸ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਕੱਚਾ ਪਿਆਜ਼ ਹੈ ਮਰਦਾਂ ਲਈ ਸੂਪਰਫੂਡ, ਸਿਹਤ ਦਾ ਤਾਕਤਵਰ ਸਾਥੀ

**ਕੌਮੀ ਪਤ੍ਰਿਕਾ**

ਹੈਲਥ ਡੈਸਕ 7 ਜੁਲਾਈ। ਆਮ ਤੌਰ 'ਤੇ ਹਰ ਰੋਜ਼ ਦੇ ਖਾਣੇ ਵਿੱਚ ਵਰਤੇ ਜਾਂਦੇ ਪਿਆਜ਼ ਦੀ ਲਾਗਤ ਘੱਟ ਹੁੰਦੀ ਹੈ, ਪਰ ਇਹ ਸਿਹਤ ਨੂੰ ਅਨੇਕਾ ਫਾਇਦੇ ਪਹੁੰਚਾਉਂਦਾ ਹੈ। ਖਾਸ ਕਰਕੇ ਮਰਦਾਂ ਦੀ ਸਿਹਤ ਲਈ ਕੱਚਾ ਪਿਆਜ਼ ਇਕ ਵਿਸ਼ੇਸ਼ ਵਰਦਾਨ ਹੈ। ਆਯੁਰਵੇਦ ਅਤੇ ਆਧੁਨਿਕ ਵਿਗਿਆਨ ਦੋਵੇਂ ਮੰਨਦੇ ਹਨ ਕਿ ਕੱਚਾ ਪਿਆਜ਼ ਮਰਦਾਂ ਦੇ ਸਰੀਰ ਵਿੱਚ ਟੈਸਟੋਸਟੀਰੋਨ ਹਾਰਮੋਨ ਨੂੰ ਵਧਾਉਣ ਵਿੱਚ ਮਦਦ ਕਰਦਾ ਹੈ, ਜੋ ਕਿ ਜਿਨਸੀ ਯੋਗਤਾ, ਫੈਟਰਲਿਟੀ ਅਤੇ ਊਰਜਾ ਲਈ ਜ਼ਰੂਰੀ ਹੈ। ਕੱਚਾ ਪਿਆਜ਼ ਮਰਦਾਂ ਲਈ ਇੱਕ ਚਮਤਕਾਰੀ ਖੁਰਾਕ ਹੈ। ਇੱਕ ਰਿਪੋਰਟ ਮੁਤਾਬਕ, ਕੱਚਾ ਪਿਆਜ਼ ਸਰੀਰ ਵਿੱਚ ਟੈਸਟੋਸਟੀਰੋਨ ਹਾਰਮੋਨ ਦੀ ਪੈਦਾਵਾਰ ਨੂੰ ਵਧਾਉਂਦਾ ਹੈ। ਟੈਸਟੋਸਟੀਰੋਨ, ਜੋ ਕਿ ਇੱਕ ਅਹਿਮ ਜਿਨਸੀ ਹਾਰਮੋਨ ਹੈ, ਮਰਦਾਂ ਦੀ ਜਿਨਸੀ ਯੋਗਤਾ, ਉਪਜਾਊ ਸ਼ਕਤੀ (ਫੈਟਰਲਿਟੀ) ਅਤੇ ਮਰਦਾਨਾ ਤਾਕਤ ਨੂੰ ਪ੍ਰਭਾਵਿਤ ਕਰਦਾ ਹੈ। ਇਸ ਨਾਲ ਨਾ ਸਿਰਫ਼ ਮਰਦਾਂ ਦੀ ਜਿਨਸੀ ਸਿਹਤ ਬੇਹਤਰ ਹੁੰਦੀ ਹੈ, ਬਲਕਿ ਊਰਜਾ 'ਚ ਵਾਧਾ ਵੀ ਹੁੰਦਾ ਹੈ। ਕੱਚਾ ਪਿਆਜ਼ ਖਾਣ ਨਾਲ ਖੂਨ ਦੇ ਪ੍ਰਵਾਹ ਵਿੱਚ ਸੁਧਾਰ ਆਉਂਦਾ ਹੈ। ਇਸ ਵਿੱਚ ਮੌਜੂਦ ਐਂਟੀਆਕਸੀਡੈਂਟ ਅਤੇ ਸਲਫਰ ਮਿਸ਼ਰਣ, ਸਰੀਰ ਵਿੱਚ ਖੂਨ ਦੇ ਸੁਚਾਰੂ ਪ੍ਰਵਾਹ ਨੂੰ ਯਕੀਨੀ ਬਣਾਉਂਦੇ ਹਨ, ਜੋ ਜਿਨਸੀ ਅੰਗਾਂ ਵਿੱਚ ਸਹੀ ਖੂਨ ਸੰਚਾਰ ਨੂੰ ਪ੍ਰਭਾਵਿਤ ਕਰਦਾ ਹੈ। ਇਹ ਜਿਨਸੀ ਪ੍ਰਦਰਸ਼ਨ ਵਿੱਚ ਸੁਧਾਰ ਕਰਦਾ ਹੈ ਅਤੇ ਕਮਜ਼ੋਰੀ ਤੋਂ ਰਾਹਤ ਦਿੰਦਾ ਹੈ। ਮਰਦਾਂ ਵਿੱਚ ਜਿਨਸੀ ਸਮੱਸਿਆਵਾਂ ਦਾ ਇੱਕ ਵੱਡਾ ਕਾਰਨ ਤਣਾਅ ਅਤੇ ਚਿੰਤਾ ਹੁੰਦੀ ਹੈ। ਕੱਚਾ ਪਿਆਜ਼ ਸਰੀਰ ਵਿੱਚ ਹਾਰਮੋਨ ਦੇ ਸੰਤੁਲਨ ਨੂੰ ਮੈਨੇਜ਼ ਕਰਨ ਵਿੱਚ ਮਦਦ ਕਰਦਾ ਹੈ, ਜਿਸ ਨਾਲ ਮਨੋਵਿਗਿਆਨਕ ਤਣਾਅ ਨੂੰ ਘਟਾਉਣ ਵਿੱਚ ਮਦਦ ਮਿਲਦੀ ਹੈ। ਇਸ ਨਾਲ, ਮਰਦਾਂ ਨੂੰ ਮਾਨਸਿਕ ਦਬਾਓ ਅਤੇ ਜਿਨਸੀ ਸਮੱਸਿਆਵਾਂ ਵਿੱਚ ਕਾਫੀ ਹੱਦ ਤੱਕ ਰਾਹਤ ਮਿਲ ਸਕਦੀ ਹੈ। ਕੱਚਾ ਪਿਆਜ਼ ਮਰਦਾਂ ਦੇ ਸ਼ੁਕਰਾਣੂਆਂ ਦੀ ਗਿਣਤੀ ਅਤੇ ਗੁਣਵੱਤਾ ਵਿੱਚ ਸੁਧਾਰ ਕਰਨ ਵਿੱਚ ਵੀ ਮਦਦ ਕਰਦਾ ਹੈ। ਪਿਆਜ਼ ਵਿੱਚ ਮੌਜੂਦ ਜ਼ਿੰਕ, ਸੇਲੇਨੀਅਮ ਅਤੇ ਵਿਟਾਮਿਨ 3 ਵਰਗੇ ਤੱਤ



ਇਮਿਊਨ ਸਿਸਟਮ ਨੂੰ ਮਜ਼ਬੂਤ ਕਰਦੇ ਹਨ, ਜਿਸ ਨਾਲ ਸਰੀਰ ਵਿਚ ਆਮ ਤੌਰ 'ਤੇ ਪਾਏ ਜਾਣ ਵਾਲੇ ਇਨਫੈਕਸ਼ਨ ਅਤੇ ਸਮੱਸਿਆਵਾਂ ਤੋਂ ਵੀ ਛੁਟਕਾਰਾ ਮਿਲਦਾ ਹੈ। ਆਯੁਰਵੇਦ ਅਤੇ ਆਧੁਨਿਕ ਵਿਗਿਆਨ ਦੋਵੇਂ ਇਸ ਗੱਲ ਨੂੰ ਮੰਨਦੇ ਹਨ ਕਿ ਕੱਚਾ ਪਿਆਜ਼ ਸਰੀਰ ਵਿੱਚ ਸੁਧਾਰ ਲਿਆਉਂਦਾ ਹੈ, ਖਾਸ ਕਰਕੇ ਜਿਨਸੀ ਸਿਹਤ ਨਾਲ ਜੁੜੇ ਮਾਮਲਿਆਂ ਵਿੱਚ। ਆਯੁਰਵੇਦਿਕ ਵਿਧੀਆਂ ਵਿੱਚ, ਪਿਆਜ਼ ਨੂੰ ਸ਼ਹਿਦ, ਦੁੱਧ ਜਾਂ ਘਿਓ ਨਾਲ ਮਿਲਾ ਕੇ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ, ਜਿਸ ਨਾਲ ਇਸਦਾ ਪ੍ਰਭਾਵ ਹੋਰ ਵੀ ਵਧਦਾ ਹੈ। ਜਿਵੇਂ ਕਿ ਹਰ ਚੀਜ਼ ਦਾ ਖੁਰਾਕ ਵਿੱਚ ਸੰਤੁਲਨ ਬਹੁਤ ਜ਼ਰੂਰੀ ਹੈ, ਉਵੇਂ ਹੀ ਕੱਚੇ ਪਿਆਜ਼ ਨੂੰ ਵੀ ਸਹੀ ਢੰਗਾ ਨਾਲ ਖਾਣਾ ਜ਼ਰੂਰੀ ਹੈ। ਕਈ ਲੋਕਾਂ ਨੂੰ ਇਸ ਦੇ ਸੇਵਨ ਨਾਲ ਪੇਟ ਫੁੱਲਣਾ, ਗੈਸ, ਜਾਂ ਬਦਬੂ ਆਉਣ ਦੀ ਸ਼ਿਕਾਇਤ ਹੋ ਸਕਦੀ ਹੈ। ਇਸ ਲਈ, ਸ਼ੁਰੂ ਵਿੱਚ ਇਸਨੂੰ ਥੋੜ੍ਹੀ ਮਾਤਰਾ ਵਿੱਚ ਖਾਣਾ ਚਾਹੀਦਾ ਹੈ। ਜੇਕਰ ਕਿਸੇ ਨੂੰ ਪੇਟ ਦੀਆਂ ਪੁਰਾਣੀਆਂ ਸਮੱਸਿਆਵਾਂ ਹਨ, ਤਾਂ ਇਸਨੂੰ ਖਾਣ ਤੋਂ ਪਹਿਲਾਂ ਡਾਕਟਰ ਦੀ ਸਲਾਹ ਲੈ ਲੈਣੀ ਚਾਹੀਦੀ ਹੈ। ਕੱਚਾ ਪਿਆਜ਼ ਮਰਦਾਂ ਲਈ ਇੱਕ ਸਸਤਾ, ਘਰੇਲੂ ਅਤੇ ਬਹੁਤ ਪ੍ਰਭਾਵਸ਼ਾਲੀ ਉਪਾਅ ਹੈ, ਜੋ ਉਨ੍ਹਾਂ ਦੀ ਜਿਨਸੀ ਸਿਹਤ, ਊਰਜਾ ਅਤੇ ਉਪਜਾਊ ਸ਼ਕਤੀ ਨੂੰ ਵਧਾਉਂਦਾ ਹੈ। ਇਸਨੂੰ ਆਪਣੀ ਰੋਜ਼ਾਨਾ ਖੁਰਾਕ ਵਿੱਚ ਸ਼ਾਮਲ ਕਰਕੇ, ਸਿਹਤ ਦੇ ਬਹੁਤ ਸਾਰੇ ਲਾਭ ਪ੍ਰਾਪਤ ਕੀਤੇ ਜਾ ਸਕਦੇ ਹਨ। ਇਸ ਤਰ੍ਹਾਂ, ਜੇ ਤੁਸੀਂ ਆਪਣੇ ਜੀਵਨ ਵਿੱਚ ਖੁਸ਼ਹਾਲੀ ਅਤੇ ਤੰਦਰੁਸਤੀ ਦੀ ਲੰਬੀ ਜ਼ਿੰਦਗੀ ਚਾਹੁੰਦੇ ਹੋ, ਤਾਂ ਕੱਚਾ ਪਿਆਜ਼ ਇਕ ਜ਼ਰੂਰੀ ਸਹੀ ਖੁਰਾਕ ਬਣ ਸਕਦਾ ਹੈ।

## ਪੰਜਾਬ ਸਰਕਾਰ ਦਾ ਪੰਜਾਬੀਆਂ ਲਈ ਵੱਡਾ ਤੋਹਫ਼ਾ

ਸ੍ਰੀ ਹਰਗੋਬਿੰਦਪੁਰ ਸਾਹਿਬ 7 ਜੁਲਾਈ। ਸ੍ਰੀ ਹਰਗੋਬਿੰਦਪੁਰ ਸਾਹਿਬ ਤੋਂ ਚਿੰਤਪੁਰਨੀ ਜਵਾਲਾ ਜੀ ਜਾਣ ਵਾਲੀ ਪੰਜਾਬ ਰੋਡਵੇਜ਼ ਦੀ ਬੱਸ ਜਿਹੜੀ ਕਾਫੀ ਚਿਰਾਂ ਤੋਂ ਬੰਦ ਹੋ ਗਈ ਸੀ ਪਰ ਹੁਣ ਚਿੰਤਪੁਰਨੀ ਮੇਲੇ ਕਾਰਨ ਇਹ ਬੱਸ ਦੁਬਾਰਾ ਚਾਲੂ ਹੋ ਗਈ ਹੈ, ਜਿਸ ਕਾਰਨ ਭਗਤਾਂ 'ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਹ ਜਾਣਕਾਰੀ ਸਮਾਜ ਸੇਵਕ ਕਰਨ ਕਾਲੀਆਂ ਨੇ ਦਿੱਤੀ। ਉਨ੍ਹਾਂ ਕਿਹਾ ਕਿ ਮਾਂ ਚਿੰਤਪੁਰਨੀ ਮੇਲੇ 'ਤੇ ਇਸ ਬੱਸ ਦਾ ਲੱਗਣਾ ਬਹੁਤ ਜ਼ਰੂਰੀ ਸੀ ਕਿਉਂਕਿ ਇਹ ਬੱਸ ਸ੍ਰੀ ਹਰਗੋਬਿੰਦਪੁਰ ਸਾਹਿਬ ਤੋਂ ਸਵੇਰੇ 6 ਵਜੇ ਚੱਲ ਕੇ 9 ਵਜੇ ਚਿੰਤਪੁਰਨੀ ਪਹੁੰਚ ਜਾਂਦੀ ਸੀ ਅਤੇ ਮਹਾਮਾਈ ਦੇ ਭਗਤ ਮੱਥਾ ਟੇਕ ਕੇ ਟਾਈਮ ਸਿਰ ਆਪਣੇ ਘਰਾਂ ਨੂੰ ਵਾਪਸ ਆ ਜਾਂਦੇ ਸਨ। ਇਸ ਸਬੰਧੀ ਉਨ੍ਹਾਂ ਨੇ ਜੀ. ਐੱਮ. ਬਟਾਲਾ ਦਾ ਧੰਨਵਾਦ ਕੀਤਾ।

# ਪੰਜਾਬ ਲਈ ਖ਼ਤਰੇ ਦੀ ਘੰਟੀ, ਪੌਂਗ ਡੈਮ 'ਚ ਪਾਣੀ ਵਧਿਆ, ਇਨ੍ਹਾਂ ਇਲਾਕਿਆਂ ਨੂੰ ਤਿਆਰ ਰਹਿਣ ਦੀ ਹਦਾਇਤ

**ਕੌਮੀ ਪਤ੍ਰਿਕਾ**

ਤਲਵਾੜਾ 7 ਜੁਲਾਈ। ਲਗਾਤਾਰ ਪੈ ਰਹੇ ਮੀਂਹ ਕਾਰਣ ਪੌਂਗ ਡੈਮ ਵਿਚ ਪਾਣੀ ਦਾ ਪੱਧਰ ਵੱਧ ਗਿਆ ਹੈ। ਹਾਲਾਤ ਨੂੰ ਦੇਖਦੇ ਹੋਏ ਨਹਿਰੀ ਵਿਭਾਗ ਨੇ ਹੜ੍ਹਾਂ ਦੇ ਅਗਾਊਂ ਪ੍ਰਬੰਧਾਂ ਲਈ ਅਲਰਟ ਜਾਰੀ ਕੀਤਾ ਹੈ। ਨਹਿਰੀ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਨੇ ਪੱਤਰ ਜਾਰੀ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਚੌਕਸ ਰਹਿਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਹਨ। ਨਹਿਰੀ ਵਿਭਾਗ ਨੇ ਇਹ ਪੱਤਰ ਬੀਬੀਐੱਮਬੀ ਪ੍ਰਸ਼ਾਸਨ ਵੱਲੋਂ ਜਾਰੀ ਨਿਰਦੇਸ਼ਾਂ ਦੇ ਆਧਾਰ 'ਤੇ ਜਾਰੀ ਕੀਤਾ ਹੈ। ਮੀਡੀਆ ਰਿਪੋਰਟਾਂ ਅਨੁਸਾਰ ਪੱਤਰ 'ਚ ਬੀਬੀਐੱਮਬੀ ਨੇ ਪੌਂਗ ਡੈਮ ਦੀ ਝੀਲ 'ਚ ਪਾਣੀ ਦਾ ਪੱਧਰ ਕਿਸੇ ਵੇਲੇ ਵੀ ਹੋਰ ਵੱਧਣ ਦਾ ਖਦਸ਼ਾ ਪ੍ਰਗਟਾਇਆ ਹੈ। ਇਸ ਵੇਲੇ ਪੌਂਗ ਡੈਮ 'ਚ ਪਾਣੀ ਦਾ ਪੱਧਰ 1320.40 ਫੁੱਟ 'ਤੇ ਪਹੁੰਚ ਚੁੱਕਾ ਹੈ। ਡੈਮ ਏਰੀਆ ਅਤੇ ਹਿਮਾਚਲ ਪ੍ਰਦੇਸ਼ ਵਿਚ ਲਗਾਤਾਰ ਮੀਂਹ ਪੈ ਰਿਹਾ ਹੈ ਅਤੇ ਕਿਸੇ ਵੀ ਸਮੇਂ ਡੈਮ 'ਚ ਪਾਣੀ ਦਾ ਪੱਧਰ ਹੋਰ ਵੱਧ ਸਕਦਾ ਹੈ ਜਿਸ ਤਹਿਤ ਡੈਮ ਵਿੱਚੋਂ ਸ਼ਾਹ ਨਹਿਰ ਬੈਰਾਜ ਅਤੇ ਅੱਗੇ ਬਿਆਸ ਦਰਿਆ ਵਿਚ ਪਾਣੀ ਛੱਡਣ ਦੀ ਸੰਭਾਵਨਾ ਹੈ। ਇਸ ਸੰਭਾਵੀ ਖਤਰੇ ਦੇ ਮੱਦੇਨਜ਼ਰ ਹੀ ਬੀਬੀਐੱਮਬੀ ਨੇ ਅਗਾਊਂ ਐਡਵਾਇਜ਼ਰੀ ਜਾਰੀ ਕੀਤੀ ਹੈ। ਨਹਿਰੀ ਵਿਭਾਗ ਨੇ ਸਥਾਨਕ ਪੌਂਗ ਡੈਮ ਅਧੀਨ ਪੈਂਦੇ ਜ਼ਿਲ੍ਹਾ ਹੁਸ਼ਿਆਰਪੁਰ, ਗੁਰਦਾਸਪੁਰ ਤੇ ਪਠਾਨਕੋਟ ਅਤੇ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਕਾਂਗੜਾ ਦੇ ਡਿਪਟੀ ਕਮਿਸ਼ਨਰ, ਸਬ ਡਿਵੀਜ਼ਨਲ ਮੈਜਿਸਟਰੇਟ ਮੁਕੇਰੀਆਂ, ਦਸੂਹਾ ਅਤੇ ਜ਼ਿਲ੍ਹਾ ਕਾਂਗੜਾ ਦੇ ਜਵਾਲੀ, ਨੂਰਪੁਰ, ਫਤਹਿਪੁਰ, ਇੰਦੌਰਾ ਦੇ ਐੱਸਡੀਐੱਮ ਤੇ ਸਬੰਧਤ ਥਾਣਾ ਮੁਖੀਆਂ ਨੂੰ ਅਗਾਊਂ ਪ੍ਰਬੰਧ ਮੁਕੰਮਲ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਹਨ।

## ਸੁਖਨਾ ਝੀਲ 'ਤੇ ਰੀਲ ਬਣਾਉਂਦਾ ਨੌਜਵਾਨ ਪਾਣੀ 'ਚ ਡਿੱਗਿਆ, ਸਟੰਟ ਕਰਦਿਆਂ ਤਿਲਕਿਆ ਪੈਰ

ਚੰਡੀਗੜ੍ਹ 7 ਜੁਲਾਈ। ਸੁਖਨਾ ਝੀਲ 'ਤੇ ਰੀਲ ਬਣਾਉਣ ਦੇ ਚੱਕਰ 'ਚ ਨੌਜਵਾਨ ਬੋਟਿੰਗ ਏਰੀਆ 'ਚ ਸਟੰਟ ਕਰਦਿਆਂ ਉੱਛਲ ਕੇ 20 ਫੁੱਟ ਡੂੰਘੇ ਪਾਣੀ 'ਚ ਜਾ ਡਿੱਗਿਆ। ਸਟੰਟ ਦੌਰਾਨ ਉਸ ਦਾ ਪੈਰ ਤਿਲਕ ਗਿਆ ਅਤੇ ਸਿਰ ਪੱਥਰ 'ਚ ਜਾ ਵੱਜਿਆ। ਨੌਜਵਾਨ ਬੇਹੋਸ਼ ਗਿਆ। ਲੋਕਾਂ ਨੇ ਤੁਰੰਤ ਉਸ ਨੂੰ ਪਾਣੀ 'ਚੋਂ ਬਾਹਰ ਕੱਢਿਆ, ਜਿਸ ਕਾਰਨ ਉਸ ਦੀ ਜਾਨ ਬੱਚ ਗਈ। ਹਾਲਾਂਕਿ ਘਟਨਾ ਦੀ ਵੀਡੀਓ ਸ਼ਨੀਵਾਰ ਨੂੰ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ। ਰੀਲ ਦੀ ਬੈਕਗ੍ਰਾਊਂਡ 'ਚ ਬਾਲੀਵੁੱਡ ਗੀਤ 'ਯੇ ਕਿਆ ਹੁਆ, ਕੈਸੇ ਹੁਆ' ਸੁਣਾਈ ਦੇ ਰਿਹਾ ਹੈ। ਵੀਡੀਓ 'ਚ ਦਿਖ ਰਿਹਾ ਹੈ ਕਿ ਝੀਲ 'ਤੇ ਸੈਲਾਨੀਆਂ ਦੀ ਭੀੜ ਹੈ। ਕੁੱਝ ਲੋਕ ਟਹਿਲ ਤਾਂ ਕੁੱਝ ਬੋਟਿੰਗ ਕਰ ਰਹੇ ਹਨ। ਕਈ ਬਾਊਂਡਰੀਵਾਲ 'ਤੇ ਬੈਠੇ ਹਨ। ਇਸ ਦੌਰਾਨ ਚਿੱਟੇ ਰੰਗ ਦੀ ਪੈਂਟ ਅਤੇ ਕਾਲੇ ਰੰਗ ਦੀ ਕਮੀਜ਼ ਪਾਇਆ ਨੌਜਵਾਨ ਸਟੰਟ ਕਰਨਾ ਸ਼ੁਰੂ ਕਰ ਦਿੰਦਾ ਹੈ। ਉਸ ਦੇ ਦੋਸਤ ਵੀਡੀਓ ਬਣਾ ਰਹੇ ਹਨ। ਉਹ ਬਹੁਤ ਪਿੱਛੇ ਤੋਂ ਦੌੜਦਾ ਆਉਂਦਾ ਹੈ ਤੇ ਬਾਊਂਡਰੀਵਾਲ 'ਤੇ ਪੈਰ ਰੱਖ ਕੇ ਛਾਲ ਮਾਰਦਾ ਹੈ ਪਰ ਦੂਜੀ ਬਾਊਂਡਰੀਵਾਲ 'ਤੇ ਪੈਰ ਨਹੀਂ ਟਿਕਦਾ ਅਤੇ ਉਹ ਪੱਥਰਾਂ ਨਾਲ ਟਕਰਾਉਂਦਾ ਹੋਇਆ ਪਾਣੀ 'ਚ ਡਿੱਗ ਜਾਂਦਾ ਹੈ। ਇਸ ਤੋਂ ਬਾਅਦ ਲੋਕ ਉਸ ਨੂੰ ਪਾਣੀ 'ਚੋਂ ਬਾਹਰ ਕੱਢਦੇ ਹਨ।

## ਸੱਸ ਨੂੰ ਕੁੱਟਣ ਦੇ ਦੋਸ਼ 'ਚ ਔਰਤ ਗ੍ਰਿਫ਼ਤਾਰ

ਅਬੋਹਰ 7 ਜੁਲਾਈ। ਇੱਥੇ ਸਿਟੀ ਥਾਣਾ ਨੰਬਰ-1 ਨੇ ਸਥਾਨਕ ਮਾਡਲ ਟਾਊਨ ਵਾਸੀ ਇੱਕ ਔਰਤ ਨੂੰ ਉਸਦੀ ਨੂੰਹ ਵੱਲੋਂ ਕੁੱਟਣ ਦੇ ਦੋਸ਼ ਵਿੱਚ ਨੂੰਹ ਡਿੰਪਲ ਕੌਰ ਪਤਨੀ ਮੰਗਲ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਥਾਣਾ ਇੰਚਾਰਜ ਪਰਮਜੀਤ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਗੁਰਜੀਤ ਕੌਰ ਪਤਨੀ ਜਗਦੀਸ਼ ਲਾਲ ਦੇ ਬਿਆਨ 'ਤੇ ਡਿੰਪਲ ਕੌਰ ਖ਼?ਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਸੀ। ਜ਼ਿਕਰਯੋਗ ਹੈ ਕਿ ਪਿਛਲੇ ਦਿਨ ਡਿੰਪਲ ਕੌਰ ਨੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਅਪਲੋਡ ਕਰਕੇ ਕਥਿਤ ਦੋਸ਼ ਲਗਾਇਆ ਸੀ ਕਿ ਸਥਾਨਕ ਪੁਲਸ ਉਸ ਤੋਂ ਪੈਸੇ ਲੈ ਰਹੀ ਹੈ। ਇਸ ਤੋਂ ਬਾਅਦ ਪੁਲਸ ਉਪ ਕਪਤਾਨ ਸੁਖਵਿੰਦਰ ਸਿੰਘ ਬਰਾੜ ਨੇ ਇੱਕ ਵੀਡੀਓ ਜਾਰੀ ਕਰਕੇ ਔਰਤ ਵੱਲੋਂ ਵੀਡੀਓ ਵਿੱਚ ਦਿੱਤੇ ਗਏ ਬਿਆਨਾਂ ਨੂੰ ਝੂਠਾ ਦੱਸਿਆ। ਉਨ੍ਹਾਂ ਕਿਹਾ ਕਿ ਡਿੰਪਲ ਕੌਰ ਆਪਣੀ ਗ੍ਰਿਫ਼ਤਾਰੀ ਤੋਂ ਬਚਣ ਲਈ ਅਜਿਹਾ ਝੂਠਾ ਪ੍ਰਚਾਰ ਕਰ ਰਹੀ ਹੈ।

## ਸਰਹੱਦ ਨੇੜਿਓਂ ਅੱਧਾ ਕਿਲੋ ਹੈਰੋਇਨ ਬਰਾਮਦ

ਤਰਨਤਾਰਨ 7 ਜੁਲਾਈ। ਭਾਰਤ-ਪਾਕਿਸਤਾਨ ਸਰਹੱਦ ਨੇੜਿਓਂ ਬੀ.ਐੱਸ.ਐੱਫ. ਵੱਲੋਂ ਅੱਧਾ ਕਿਲੋ ਹੈਰੋਇਨ ਬਰਾਮਦ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਸਬੰਧਤ ਥਾਣੇ ਦੀ ਪੁਲਸ ਵੱਲੋਂ ਪਰਚਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਬੀ. ਐੱਸ. ਐੱਫ. ਦੇ ਇਕ ਅਧਿਕਾਰੀ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਅਨੁਸਾਰ ਜਦੋਂ ਬੀ.ਐੱਸ.ਐੱਫ. ਦੇ ਜਵਾਨ ਭਾਰਤ-ਪਾਕਿਸਤਾਨ ਸਰਹੱਦ ਨਾਲ ਲੱਗਦੇ ਪਿੰਡ ਰਾਜੋਕੇ ਵਿਖੇ ਗਸ਼ਤ ਕਰ ਰਹੇ ਸਨ ਤਾਂ ਖੇਤਾਂ ਵਿਚ ਡਿੱਗੇ ਹੋਏ ਇਕ ਪੀਲੇ ਰੰਗ ਦੇ ਪੈਕਟ ਨੂੰ ਬਰਾਮਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪੈਕਟ ਦੀ ਤਲਾਸ਼ੀ ਲੈਣ ਦੌਰਾਨ ਉਸ 'ਚੋਂ 574 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਇਹ ਹੈਰੋਇਨ ਦਾ ਪੈਕਟ ਡਰੋਨ ਦੀ ਮਦਦ ਨਾਲ ਪਾਕਿਸਤਾਨ ਤੋਂ ਭਾਰਤ ਪੁੱਜਾ ਹੋ ਸਕਦਾ ਹੈ।

# ਜਵਾਈ ਨੇ ਸੱਸ ਦੇ ਸਿਰ 'ਚ ਮਾਰੀ ਗੋਲੀ, ਮਿੰਟਾਂ 'ਚ ਪੁਲਸ ਛਾਉਣੀ 'ਚ ਤਬਦੀਲ ਹੋਇਆ ਹਸਪਤਾਲ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 7 ਜੁਲਾਈ। ਅੰਮ੍ਰਿਤਸਰ 'ਚ ਜਵਾਈ ਵੱਲੋਂ ਸ਼ਰਮਨਾਕ ਕਰਤੂਤ ਸਾਹਮਣੇ ਆਈ ਹੈ, ਜਿਥੇ ਬੀਤੇ ਦਿਨ ਜਵਾਈ ਨੇ ਸ਼ਰੇਆਮ ਸਿਵਲ ਹਸਪਤਾਲ 'ਚ ਦਾਖਲ ਹੋ ਕੇ ਆਪਣੀ ਸੱਸ ਦੇ ਸਿਰ 'ਚ ਗੋਲੀ ਮਾਰ ਦਿੱਤੀ, ਜਿਸ ਕਾਰਨ ਉਹ ਗੰਭੀਰ ਜ਼ਖਮੀ ਹੋ ਗਈ। ਸਿਵਲ ਹਸਪਤਾਲ ਦੇ ਡਾਕਟਰਾਂ ਵੱਲੋਂ ਮੁੱਢਲੀ ਸਹਾਇਤਾ ਦੇਣ ਤੋਂ ਬਾਅਦ, ਉਸਨੂੰ ਜਲੰਧਰ ਰੈਫਰ ਕਰ ਦਿੱਤਾ ਗਿਆ। ਹਾਲਾਂਕਿ ਉਸ ਵੱਲੋਂ ਪਤਨੀ 'ਤੇ ਵੀ ਗੋਲੀਆਂ ਚਲਾਈਆਂ ਗਈਆਂ, ਜੋ ਗੋਲੀਆਂ ਕੰਧ 'ਚ ਜਾ ਲੱਗੀਆਂ। ਗੋਲੀਬਾਰੀ ਦੀ ਘਟਨਾ ਤੋਂ ਬਾਅਦ ਮਿੰਟਾਂ 'ਚ ਸਿਵਲ ਹਸਪਤਾਲ ਪੁਲਸ ਛਾਉਣੀ 'ਚ ਤਬਦੀਲ ਹੋ ਗਿਆ। ਇਸ ਦੌਰਾਨ ਪੁਲਸ ਨੂੰ ਸੂਚਨਾ ਦਿੱਤੀ ਗਈ। ਡੀਐਸਪੀ ਕਰਤਾਰਪੁਰ ਵਿਜੇ ਕਵਾਰ ਅਤੇ ਥਾਣਾ ਮੁਖੀ ਇੰਸਪੈਕਟਰ ਰਮਨਦੀਪ ਸਿੰਘ ਮੌਕੇ 'ਤੇ ਪਹੁੰਚੇ, ਉਦੋਂ ਤੱਕ ਦੋਸ਼ੀ ਭੱਜ ਚੁੱਕਾ ਸੀ। ਜਾਣਕਾਰੀ ਅਨੁਸਾਰ, ਜੋਤੀ ਪਿੰਡ ਬ੍ਰਹਮਪੁਰ ??ਦੀ ਰਹਿਣ ਵਾਲੀ ਹੈ। ਉਸਦਾ ਵਿਆਹ ਕਪੂਰਥਲਾ ਦੇ ਪਿੰਡ ਔਜਲਾ ਦੇ ਸੁਖਚੈਨ ਸਿੰਘ ਨਾਲ ਹੋਇਆ ਹੈ। ਉਸਦਾ ਪਤੀ



ਨਾਲ ਕੁੱਟਮਾਰ ਕਰਦਾ ਸੀ ਜਿਸ ਕਾਰਨ ਉਸਦਾ ਸਿਵਲ ਹਸਪਤਾਲ ਕਰਤਾਰਪੁਰ ਵਿੱਚ ਇਲਾਜ ਚੱਲ ਰਿਹਾ ਸੀ। ਸੋਮਵਾਰ ਸ਼ਾਮ ਨੂੰ ਉਸਦੀ ਮਾਂ ਕੁਲਵਿੰਦਰ ਕੌਰ ਉਸਦੇ ਨਾਲ ਮੌਜੂਦ ਸੀ, ਜਦੋਂ ਉਸਦਾ ਪਤੀ ਸੁਖਚੈਨ ਸਿੰਘ ਅਚਾਨਕ ਸਿਵਲ ਹਸਪਤਾਲ ਪਹੁੰਚ ਗਿਆ ਅਤੇ ਆਪਣੀ ਪਿਸਤੌਲ ਨਾਲ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਜੋਤੀ ਦੀ ਮਾਂ ਕੁਲਵਿੰਦਰ ਕੌਰ ਦੇ ਸਿਰ 'ਚ ਗੋਲੀ ਲੱਗ ਗਈ। ਸਿਵਲ ਹਸਪਤਾਲ ਵਿਚ ਦਾਖਲ ਹਸਪਤਾਲ ਦਾ ਸਟਾਫ ਘਬਰਾ ਗਿਆ ਅਤੇ ਲੋਕ ਆਪਣੀ ਜਾਨ ਬਚਾਉਣ ਲਈ ਭੱਜਣ ਲੱਗੇ। ਡਿਊਟੀ 'ਤੇ ਮੌਜੂਦ ਡਾਕਟਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਗੋਲੀ ਕੁਲਵਿੰਦਰ ਕੌਰ ਦੇ ਸਿਰ ਵਿੱਚੋਂ ਲੰਘ ਗਈ ਸੀ। ਮੁੱਢਲੀ ਸਹਾਇਤਾ ਤੋਂ ਬਾਅਦ ਉਸਨੂੰ ਐਂਬੂਲੈਂਸ ਰਾਹੀਂ ਜਲੰਧਰ ਰੈਫਰ ਕਰ ਦਿੱਤਾ ਗਿਆ ਹੈ। ਡੀਐਸਪੀ ਵਿਜੇ ਕਵਾਰ ਅਨੁਸਾਰ ਦੋਸ਼ੀ ਸੁਖਚੈਨ ਸਿੰਘ ਮੌਕੇ ਤੋਂ ਭੱਜ ਗਿਆ, ਪਰ ਉਸਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# 7 ਦਿਨਾਂ ਦੀ ਗਿਰਾਵਟ ਤੋਂ ਬਾਅਦ ਸੋਨੇ ਦੀਆਂ ਕੀਮਤਾਂ ਨੇ ਮਾਰੀ ਵੱਡੀ ਛਾਲ

ਬਿਜ਼ਨਸ ਡੈਸਕ 7 ਜੁਲਾਈ। ਰਾਸ਼ਟਰੀ ਰਾਜਧਾਨੀ ਦੇ ਸਰਾਫਾ ਬਾਜ਼ਾਰ ਵਿੱਚ, ਪਿਛਲੇ ਸੱਤ ਵਪਾਰਕ ਸੈਸ਼ਨਾਂ ਤੋਂ ਸੋਨੇ ਵਿੱਚ ਗਿਰਾਵਟ ਦਾ ਰੁਝਾਨ ਅੱਜ ਮੰਗਲਵਾਰ ਨੂੰ ਰੁਕ ਗਿਆ ਅਤੇ ਪੀਲੀ ਧਾਤ ਦੀ ਕੀਮਤ 1,200 ਰੁਪਏ ਵਧ ਕੇ 98,670 ਰੁਪਏ ਪ੍ਰਤੀ 10 ਗ੍ਰਾਮ ਹੋ ਗਈ। ਆਲ ਇੰਡੀਆ



ਸਰਾਫਾ ਐਸੋਸੀਏਸ਼ਨ ਨੇ ਇਹ ਜਾਣਕਾਰੀ ਦਿੱਤੀ। ਸੋਮਵਾਰ ਨੂੰ 99.9 ਪ੍ਰਤੀਸ਼ਤ ਸ਼ੁੱਧਤਾ ਵਾਲੇ ਸੋਨੇ ਦੀ ਕੀਮਤ 97,470 ਰੁਪਏ ਪ੍ਰਤੀ 10 ਗ੍ਰਾਮ ਸੀ। ਲਗਾਤਾਰ ਸੱਤਵੇਂ ਸੈਸ਼ਨ ਵਿੱਚ ਗਿਰਾਵਟ ਤੋਂ ਬਾਅਦ, ਸੋਨੇ ਦੀ ਕੀਮਤ ਵਿੱਚ ਵਾਧਾ ਦਰਜ ਕੀਤਾ ਗਿਆ ਅਤੇ 99.5 ਪ੍ਰਤੀਸ਼ਤ ਸ਼ੁੱਧਤਾ ਵਾਲਾ ਸੋਨਾ 1,100 ਰੁਪਏ ਵਧ ਕੇ 98,150 ਰੁਪਏ ਪ੍ਰਤੀ 10 ਗ੍ਰਾਮ (ਸਾਰੇ ਟੈਕਸਾਂ ਸਮੇਤ) 'ਤੇ ਪਹੁੰਚ ਗਿਆ। ਪਿਛਲੇ ਵਪਾਰਕ ਸੈਸ਼ਨ ਵਿੱਚ, ਇਹ 97,050 ਰੁਪਏ ਪ੍ਰਤੀ 10 ਗ੍ਰਾਮ 'ਤੇ ਬੰਦ ਹੋਇਆ। ਐਬੰਸ ਫਾਈਨੈਂਸ਼ੀਅਲ ਸਰਵਿਸਿਜ਼ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਚਿੰਤਨ ਮਹਿਤਾ ਨੇ ਕਿਹਾ, ਅਮਰੀਕੀ ਵਿੱਤੀ ਘਾਟੇ ਵਿੱਚ ਵਾਧੇ ਦੀਆਂ ਚਿੰਤਾਵਾਂ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸਤਾਵਿਤ ਟੈਕਸ-ਕੱਟ ਅਤੇ ਖਰਚ ਬਿੱਲ 'ਤੇ ਬਾਜ਼ਾਰ ਦੇ ਧਿਆਨ ਕਾਰਨ ਅਮਰੀਕੀ ਡਾਲਰ ਵਿੱਚ ਗਿਰਾਵਟ ਨੇ ਸੋਨੇ ਨੂੰ ਹੋਰ ਆਕਰਸ਼ਕ ਬਣਾਇਆ ਹੈ। ਇਸ ਤੋਂ ਇਲਾਵਾ, ਮੰਗਲਵਾਰ ਨੂੰ ਚਾਂਦੀ ਦੀ ਕੀਮਤ 2,000 ਰੁਪਏ ਵਧ ਕੇ 1,04,800 ਰੁਪਏ ਪ੍ਰਤੀ ਕਿਲੋਗ੍ਰਾਮ (ਸਾਰੇ ਟੈਕਸਾਂ ਸਮੇਤ) ਹੋ ਗਈ। ਸੋਮਵਾਰ ਨੂੰ, ਚਾਂਦੀ ਦੀ ਕੀਮਤ 1,02,800 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਬੰਦ ਹੋਈ। ਵਿਸ਼ਵ ਪੱਧਰ 'ਤੇ, ਸਪਾਟ ਸੋਨਾ 44.01 ਡਾਲਰ ਜਾਂ 1.33 ਪ੍ਰਤੀਸ਼ਤ ਵਧ ਕੇ 3,346.92 ਡਾਲਰ ਪ੍ਰਤੀ ਔਂਸ ਹੋ ਗਿਆ।

## ਹੁਣ ਤੱਕ ਅੰਮ੍ਰਿਤਸਰ ਪੁਲਸ ਨੇ 130 ਕਿਲੋ ਹੈਰੋਇਨ ਕੀਤੀ ਬਰਾਮਦ

ਜੰਡਿਆਲਾ ਗੁਰੂ 7 ਜੁਲਾਈ। ਐੱਸ. ਐੱਸ. ਪੀ. ਅੰਮ੍ਰਿਤਸਰ ਮਨਿੰਦਰ ਸਿੰਘ ਨੇ ਜੰਡਿਆਲਾ ਗੁਰੂ ਵਿਖੇ ਨਸ਼ਾ ਸਮੱਗਲਰਾਂ ਖਿਲਾਫ ਵਿੱਢੀ ਮੁਹਿੰਮ ਦੀ ਅਗਵਾਈ ਕਰਦੇ ਹੋਏ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੇ ਗਏ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਜ਼ਿਲ੍ਹਾ ਪੁਲਸ ਨੇ ਹੁਣ ਤੱਕ 130 ਕਿਲੋ ਹੈਰੋਇਨ ਵੱਖ-ਵੱਖ ਥਾਵਾਂ ਤੋਂ ਬਰਾਮਦ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਲੋਕਾਂ ਵੱਲੋਂ ਇਸ ਮੁਹਿੰਮ ਨੂੰ ਵੱਡਾ ਸਹਿਯੋਗ ਮਿਲਿਆ ਹੈ ਅਤੇ ਇਸੇ ਜਾਣਕਾਰੀ ਦੇ ਅਧਾਰ 'ਤੇ ਪੁਲਸ ਨੇ ਇੰਨੀ ਵੱਡੀ ਮਾਤਰਾ ਵਿਚ ਨਸ਼ੇ ਬਰਾਮਦ ਕਰਨ ਤੋਂ ਇਲਾਵਾ ਦੋ ਕਰੋੜ ਰੁਪਏ ਡਰੱਗ ਮਨੀ ਜ਼ਬਤ ਕੀਤੀ ਹੈ ਅਤੇ 800 ਦੇ ਕਰੀਬ ਨਸ਼ਾ ਸਮੱਗਲਰਾਂ ਨੂੰ ਕਾਬੂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਨਸ਼ਾ ਸਮੱਗਲਰਾਂ ਵੱਲੋਂ ਬਣਾਈਆਂ ਗਈਆਂ ਜਾਇਦਾਦਾਂ ਨੂੰ ਢਾਹਿਆ ਗਿਆ ਹੈ ਅਤੇ ਡੇਢ ਕਰੋੜ ਰੁਪਏ ਦੀਆਂ ਜਾਇਦਾਤਾਂ ਜ਼ਬਤ ਕੀਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਪੁਲਸ ਨਸ਼ਾ ਸਮੱਗਲਰਾਂ ਦੇ ਨਾਲ-ਨਾਲ ਨਸ਼ੇ ਦੇ ਰੋਗੀਆਂ ਦਾ ਇਲਾਜ ਕਰਵਾਉਣ ਲਈ ਵੀ ਕੰਮ ਕਰ ਰਹੀ ਹੈ ਅਤੇ ਦਿਹਾਤੀ ਪੁਲਸ ਨੇ ਹੁਣ ਤੱਕ 850 ਵਿਅਕਤੀਆਂ ਨੂੰ ਨਸ਼ਾ ਛਡਾਉ ਕੇਂਦਰਾਂ ਅਤੇ 300 ਵਿਅਕਤੀਆਂ ਨੂੰ ਓਟ ਕੇਂਦਰਾਂ ਵਿਚ ਭੇਜਣ ਵਿਚ ਕਾਮਯਾਬੀ ਪ੍ਰਾਪਤ ਕੀਤੀ ਹੈ।

## ਪੰਜਾਬ 'ਚ ਸ਼ਰਮਨਾਕ ਘਟਨਾ ! 55 ਸਾਲਾ ਫੁੱਫੜ ਨੇ ਭਤੀਜੀ ਨੂੰ ਸੁੰਨਸਾਨ ਥਾਂ 'ਤੇ ਲਿਜਾ

ਬਰਨਾਲਾ 7 ਜੁਲਾਈ। ਇੱਥੇ ਇਨਸਾਨੀਅਤ ਨੂੰ ਸ਼ਰਮਸਾਰ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ 55 ਸਾਲਾਂ ਦੇ ਫੁੱਫੜ ਨੇ 9 ਸਾਲਾ ਭਤੀਜੀ ਨਾਲ ਜਬਰ-ਜ਼ਿਨਾਹ ਵਰਗੀ ਘਿਨਾਉਣੀ ਹਰਕਤ ਨੂੰ ਅੰਜਾਮ ਦਿੱਤਾ। ਜਾਣਕਾਰੀ ਮੁਤਾਬਕ ਇਹ ਘਟਨਾ ਬਰਨਾਲਾ ਦੇ ਨੇੜਲੇ ਪਿੰਡ ਕੇਰੇ ਵਿਖੇ ਵਾਪਰੀ। ਇੱਥੇ ਪਰਵਾਸੀ ਮਜ਼ਦੂਰ ਦੀ ਚੌਥੀ ਕਲਾਸ 'ਚ ਪੜ੍ਹਦੀ 9 ਸਾਲਾ ਮਾਸੂਮ ਬੱਚੀ ਨਾਲ ਉਸ ਦੇ 55 ਸਾਲ ਦੇ ਫੁੱਫੜ ਨੇ ਹੀ ਜਬਰ-ਜ਼ਿਨਾਹ ਦੀ ਘਟਨਾ ਨੂੰ ਅੰਜਾਮ ਦਿੱਤਾ। ਪੀੜਤ ਮਾਸੂਮ ਬੱਚੀ ਦੇ ਪਿਤਾ ਨੇ ਦੁਖੀ ਮਨ ਨਾਲ ਜਾਣਕਾਰੀ ਦਿੰਦੇ ਦੱਸਿਆ ਕਿ ਸਵੇਰੇ 7.30 ਵਜੇ ਦੇ ਕਰੀਬ ਕੁੜੀ ਨੂੰ ਉਸ ਦਾ ਫੁੱਫੜ ਲੱਸੀ ਲੈਣ ਦੇ ਬਹਾਨੇ ਆਪਣੇ ਨਾਲ ਨੇੜਲੇ ਪਿੰਡ ਲੈ ਗਿਆ। ਉੱਥੇ ਰਸਤੇ 'ਚ ਉਹ ਧੀ ਨੂੰ ਸੁੰਨਸਾਨ ਥਾਂ 'ਤੇ ਲੈ ਗਿਆ, ਜਿੱਥੇ ਉਸ ਨੇ ਧੀ ਨਾਲ ਜਬਰ-ਜ਼ਿਨਾਹ ਵਰਗੀ ਸ਼ਰਮਨਾਕ ਹਰਕਤ ਨੂੰ ਅੰਜਾਮ ਦਿੱਤਾ। ਪੀੜਤ ਕੁੜੀ ਦੇ ਪਿਤਾ ਨੇ ਪੁਲਸ ਪ੍ਰਸ਼ਾਸਨ ਤੋਂ ਮੁਲਜ਼ਮ ਖ਼?ਲਾਫ਼ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕਰ ਕੇ ਇਨਸਾਫ਼ ਦੀ ਗੁਹਾਰ ਲਾਈ ਹੈ। ਇਸ ਮਾਮਲੇ ਸਬੰਧੀ ਪੁਲਸ ਥਾਣਾ ਸਦਰ ਬਰਨਾਲਾ ਦੇ ਐੱਸ. ਐੱਚ. ਓ. ਲਖਬੀਰ ਸਿੰਘ ਨੇ ਦੱਸਿਆ ਕਿ ਪੀੜਤ ਬੱਚੀ ਦਾ ਮੈਡੀਕਲ ਕਰਵਾਇਆ ਗਿਆ ਹੈ। ਪੁਲਸ ਵੱਲੋਂ ਬਿਆਨਾਂ ਦੇ ਆਧਾਰ 'ਤੇ ਮੁਲਜ਼ਮ ਖ਼?ਲਾਫ਼ ਮੁਕੱਦਮਾ ਦਰਜ ਕੀਤਾ ਗਿਆ ਹੈ। ਦੋਸ਼ੀ ਦੀ ਭਾਲ ਕੀਤੀ ਜਾ ਰਹੀ ਹੈ, ਜਿਸ ਦੀ ਗ੍ਰਿਫ਼ਤਾਰੀ ਜਲਦ ਕਰ ਲਈ ਜਾਵੇਗੀ।

# ਫੰਕਸ਼ਨ ਤੋਂ ਪਰਤਦੇ ਨੌਜਵਾਨਾਂ ਦੀ ਸੜਕ ਵਿਚਾਲੇ ਪਲਟ ਗਈ ਕਾਰ, 1 ਦੀ ਚਲੀ ਗਈ ਜਾਨ

ਨੈਸ਼ਨਲ ਡੈਸਕ 7 ਜੁਲਾਈ। ਰਾਜਸਥਾਨ ਦੇ ਜੈਸਲਮੇਰ ਜ਼ਿਲ੍ਹੇ ਤੋਂ ਇਕ ਦੁਖ਼ਦਾਈ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਇਕ ਕਾਰ ਭਿਆਨਕ ਸੜਕ ਹਾਦਸੇ ਦਾ ਸ਼ਿਕਾਰ ਹੋ ਗਈ, ਜਿਸ ਕਾਰਨ ਇਕ ਨੌਜਵਾਨ ਦੀ ਮੌਤ ਹੋ ਗਈ, ਜਦਕਿ 4 ਹੋਰ ਜ਼ਖ਼ਮੀ ਹੋ ਗਏ। ਜਾਣਕਾਰੀ ਦਿੰਦੇ ਹੋਏ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਹਾਦਸਾ ਸ਼ਨੀਵਾਰ ਰਾਤ ਦਾਮੋਦਰਾ ਪਿੰਡ ਨੇੜੇ ਸੈਮ ਰੋਡ 'ਤੇ ਵਾਪਰੀ, ਜਿੱਥੇ ਉਕਤ ਨੌਜਵਾਨ ਕਾਰ ਰਾਹੀਂ ਕਿਸੇ ਫੰਕਸ਼ਨ 'ਚ ਸ਼ਾਮਲ ਹੋਣ ਮਗਰੋਂ ਰਿਜ਼ਾਰਟ ਤੋਂ ਵਾਪਸ ਆ ਰਹੇ ਹਨ। ਇਸ ਦੌਰਾਨ ਕਾਰ ਡਰਾਈਵਰ ਨੇ ਸੰਤੁਲਨ ਗੁਆ ਦਿੱਤਾ ਤੇ ਗੱਡੀ ਪਲਟ ਗਈ, ਜਿਸ ਕਾਰਨ 1 ਨੌਜਵਾਨ ਦੀ ਮੌਤ ਹੋ ਗਈ, ਜਦਕਿ 4 ਹੋਰ ਜ਼ਖ਼ਮੀ ਹੋ ਗਏ। ਪੁਲਸ ਵੱਲੋਂ ਮਿਲੀ ਜਾਣਕਾਰੀ ਮੁਤਾਬਕ ਮ੍ਰਿਤਕ ਦੀ ਪਛਾਣ 21 ਸਾਲਾ ਚੰਦਰਵੀਰ ਗਹਿਲੋਤ ਵਜੋਂ ਹੋਈ ਹੈ, ਜਦਕਿ ਬਾਕੀ ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾ ਦਿੱਤਾ ਗਿਆ ਹੈ, ਜਿਨ੍ਹਾਂ 'ਚੋਂ ਇਕ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਜੋਧਪੁਰ ਰੈਫ਼ਰ ਕਰ ਦਿੱਤਾ ਗਿਆ ਹੈ। ਫਿਲਹਾਲ ਪੁਲਸ ਨੇ ਮਾਮਲਾ ਦਰਜ ਕਰ ਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਪੰਜਾਬ ਦੀ ਸਿੱਖ ਸੰਗਤ ਲਈ ਵੱਡੀ ਖ਼ੁਸ਼ਖ਼ਬਰੀ, ਲੱਗੀਆਂ ਮੌਜਾਂ, ਸਾਲਾਂ ਪੁਰਾਣਾ ਇੰਤਜ਼ਾਰ ਖ਼ਤਮ

**ਕੌਮੀ ਪਤ੍ਰਿਕਾ**

ਚੰਡੀਗੜ੍ਹ 7 ਜੁਲਾਈ। ਪੰਜਾਬ ਦੇ ਆਦਮਪੁਰ ਤੋਂ ਮੁੰਬਈ ਲਈ ਇੰਡੀਗੋ ਦੀ ਸਿੱਧੀ ਉਡਾਣ 7 ਜੁਲਾਈ ਤੋਂ ਸ਼ੁਰੂ ਹੋਣ ਜਾ ਰਹੀ ਹੈ। ਇਸ ਉਡਾਣ ਦਾ ਸੰਸਦ ਮੈਂਬਰ (ਰਾਜ ਸਭਾ) ਸਤਨਾਮ ਸਿੰਘ ਸੰਧੂ ਨੇ ਸਵਾਗਤ ਕੀਤਾ ਹੈ। ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਇਹ ਖ਼ਬਰ ਖ਼ਾਸ ਤੌਰ 'ਤੇ ਸਿੱਖ ਸੰਗਤ ਲਈ ਬਹੁਤ ਮਹੱਤਵਪੂਰਨ ਹੈ, ਕਿਉਂਕਿ ਇਹ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਸੰਗਤ ਦੀ ਲੰਬੇ ਸਮੇਂ ਤੋਂ ਉਡੀਕੀ ਜਾ ਰਹੀ ਮੰਗ ਨੂੰ ਪੂਰਾ ਕਰੇਗੀ। ਇਸ ਮੌਕੇ ਖੁਸ਼ੀ ਜ਼ਾਹਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸਿਰਫ਼ ਇਕ ਨਵੀਂ ਉਡਾਣ ਨਹੀਂ ਹੈ, ਸਗੋਂ ਇਸ ਨੇ ਸਿੱਖ ਸੰਗਤ ਦੇ ਸਾਲਾਂ ਪੁਰਾਣੇ ਇੰਤਜ਼ਾਰ ਨੂੰ ਖ਼ਤਮ ਕੀਤਾ ਹੈ। ਇਹ ਉਹ ਮੰਗ ਸੀ ਜੋ ਉਨ੍ਹਾਂ ਵੱਲੋਂ ਲਗਾਤਾਰ ਸੰਸਦ ਅਤੇ ਸਰਕਾਰ ਦੇ ਸਾਹਮਣੇ ਚੁੱਕੀ ਜਾ ਰਹੀ ਸੀ। ਉਨ੍ਹਾਂ ਕਿਹਾ ਕਿ ਪਹਿਲਾਂ ਪੰਜਾਬ ਤੋਂ ਹਜ਼ੂਰ ਸਾਹਿਬ ਪਹੁੰਚਣਾ, ਖ਼ਾਸ ਕਰਕੇ ਬਜ਼ੁਰਗ ਸ਼ਰਧਾਲੂਆਂ ਲਈ ਕਾਫੀ ਮੁਸ਼ਕਲ ਸੀ ਕਿਉਂਕਿ ਇੱਥੋਂ ਇਸ ਲਈ ਕੋਈ ਸਿੱਧੀ ਉਡਾਣ ਨਹੀਂ ਸੀ। ਇਸ ਨੂੰ ਵੇਖਦਿਆਂ ਪੰਜਾਬ-ਮੁੰਬਈ-ਨਾਂਦੇੜ ਹਵਾਈ ਸੰਪਰਕ ਦੀ ਮੰਗ ਲਗਾਤਾਰ ਚੁੱਕੀ ਜਾ ਰਹੀ ਸੀ ਅਤੇ ਉਨ੍ਹਾਂ ਵੱਲੋਂ ਵੀ ਰਾਜ ਸਭਾ 'ਚ ਇਹ ਮੁੱਦਾ ਪ੍ਰਮੁੱਖਤਾ ਨਾਲ ਰੱਖਿਆ ਗਿਆ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਗਿਆ ਕਿ ਉਨ੍ਹਾਂ ਨੇ ਸਾਡੀ ਗੁਰੂਘਰਾਂ ਤੱਕ ਪਹੁੰਚ ਨੂੰ ਵਧਾਉਣ ਲਈ ਸ਼ਲਾਘਾਯੋਗ ਕੰਮ ਕੀਤਾ ਹੈ। ਉਡਾਨ ਵਰਗੀਆਂ ਯੋਜਨਾਵਾਂ ਰਾਹੀਂ ਉਨ੍ਹਾਂ ਨੇ ਇਹ ਸਾਬਤ ਕੀਤਾ ਹੈ ਕਿ ਕੇਂਦਰ ਸਰਕਾਰ ਸਿੱਖ ਸ਼ਰਧਾਲੂਆਂ ਦੀਆਂ ਭਾਵਨਾਵਾਂ ਦਾ ਪੂਰਾ ਮਾਣ ਰੱਖਦੀ ਹੈ। ਇਸ ਤੋਂ ਪਹਿਲਾਂ ਆਦਮਪੁਰ ਤੋਂ ਨੰਦੇੜ ਸਾਹਿਬ ਸ਼ਲਾਘਾ ਕਰਦਿਆਂ ਕਿਹਾ ਗਿਆ ਕਿ ਉਨ੍ਹਾਂ ਨੇ ਸਾਡੀ ਗੁਰੂਘਰਾਂ ਤੱਕ ਪਹੁੰਚ ਨੂੰ ਵਧਾਉਣ ਲਈ ਸ਼ਲਾਘਾਯੋਗ ਕੰਮ ਕੀਤਾ ਹੈ। ਉਡਾਨ ਵਰਗੀਆਂ ਯੋਜਨਾਵਾਂ ਰਾਹੀਂ ਉਨ੍ਹਾਂ ਨੇ ਇਹ ਸਾਬਤ ਦੀਆਂ ਉਡਾਣਾਂ ਸ਼ੁਰੂ ਵੀ ਕੀਤੀਆਂ ਗਈਆਂ ਸਨ ਅਤੇ ਹੁਣ ਆਦਮਪੁਰ ਤੋਂ ਮੁੰਬਈ ਦੀ ਸਿੱਧੀ ਉਡਾਣ ਸਿੱਖ ਸ਼ਰਧਾਲੂਆਂ ਲਈ ਇਕ ਹੋਰ ਵੱਡੀ ਖ਼ੁਸ਼ਖ਼ਬਰੀ ਹੈ। ਸੰਧੂ ਨੇ ਕਿਹਾ ਕਿ ਇਸ ਉਡਾਣ ਦਾ ਮਕਸਦ ਦੇਸ਼ ਦੇ ਛੋਟੇ ਸ਼ਹਿਰਾਂ ਨੂੰ ਹਵਾਈ ਸੰਪਰਕ ਨਾਲ ਜੋੜਨਾ ਵੀ ਹੈ। ਉਨ੍ਹਾਂ ਕਿਹਾ ਕਿ ਇਹ ਪੰਜਾਬ ਦੇ ਲੋਕਾਂ ਲਈ ਬਹੁਤ ਚੰਗਾ ਕਦਮ ਹੈ ਕਿਉਂਕਿ ਇਸ ਨਾਲ ਪੰਜਾਬ ਦੇ ਹਵਾਈ ਸੰਪਰਕ 'ਚ ਵੱਡਾ ਸੁਧਾਰ ਹੋਵੇਗਾ। ਸੰਧੂ ਨੇ ਕਿਹਾ ਕਿ ਉਡਾਣ ਪ੍ਰਾਜੈਕਟ ਤਹਿਤ ਪੰਜਾਬ 'ਚ ਚਾਰ ਹਵਾਈ ਅੱਡੇ ਆਦਮਪੁਰ, ਬਠਿੰਡਾ, ਲੁਧਿਆਣਾ ਅਤੇ ਪਠਾਨਕੋਟ ਵੀ ਕਾਰਜਸ਼ੀਲ ਹੋ ਚੁੱਕੇ ਹਨ। ਸੰਧੂ ਨੇ ਕਿਹਾ ਕਿ ਇਸ ਨਵੀਂ ਉਡਾਣ ਨਾਲ ਪੰਜਾਬ ਦੇ ਕਾਰੋਬਾਰੀਆਂ ਅਤੇ ਆਮ ਯਾਤਰੀਆਂ ਨੂੰ ਵੀ ਬਹੁਤ ਫ਼ਾਇਦਾ ਹੋਵੇਗਾ ਕਿਉਂਕਿ ਮੁੰਬਈ ਦੇਸ਼ ਦੀ ਆਰਥਿਕ ਰਾਜਧਾਨੀ ਹੈ ਅਤੇ ਵਪਾਰਕ ਗਤੀਵਿਧੀਆਂ ਦਾ ਪ੍ਰਮੁੱਖ ਕੇਂਦਰ ਹੈ। ਆਦਮਪੁਰ ਤੋਂ ਮੁੰਬਈ ਵਿਚਕਾਰ ਇਹ ਸਿੱਧਾ ਸੰਪਰਕ ਪੰਜਾਬ ਦੇ ਖੇਤੀਬਾੜੀ ਅਤੇ ਉਦਯੋਗਿਕ ਖੇਤਰਾਂ ਨੂੰ ਮੁੰਬਈ ਦੇ ਪ੍ਰਮੁੱਖ ਬੰਦਰਗਾਹਾਂ ਨਾਲ ਜੋੜਨ 'ਚ ਮਦਦ ਕਰੇਗਾ। ਇਸ ਨਾਲ ਦੋਹਾਂ ਖੇਤਰਾਂ 'ਚ ਵਪਾਰਕ ਗਤੀਵਿਧੀਆਂ ਅਤੇ ਸੈਰ-ਸਪਾਟੇ ਨੂੰ ਵੀ ਫ਼ਾਇਦਾ ਮਿਲੇਗਾ।

## ਕਾਲਜ ਦੀ ਕੰਧ ਨਾਲ ਟਕਰਾਈ ਬੋਲੈਰੋ ਜੀਪ, ਲਾੜੇ ਸਮੇਤ 5 ਲੋਕਾਂ ਦੀ ਮੌਤ

ਨੈਸ਼ਨਲ ਡੈਸਕ 7 ਜੁਲਾਈ। ਉੱਤਰ ਪ੍ਰਦੇਸ਼ ਦੇ ਸੰਭਲ ਜ਼ਿਲ੍ਹੇ ਦੇ ਜੂਨਾਵਈ ਥਾਣਾ ਖੇਤਰ 'ਚ ਸ਼ੁੱਕਰਵਾਰ ਨੂੰ ਵਿਆਹ ਦੀ ਬਾਰਾਤ ਲੈ ਕੇ ਜਾ ਰਹੀ ਇੱਕ ਤੇਜ਼ ਰਫ਼ਤਾਰ ਬੋਲੈਰੋ ਜੀਪ ਸਕੂਲ ਦੀ ਕੰਧ ਨਾਲ ਟਕਰਾ ਗਈ, ਜਿਸ ਕਾਰਨ ਲਾੜੇ ਸਮੇਤ ਪੰਜ ਲੋਕਾਂ ਦੀ ਮੌਤ ਹੋ ਗਈ ਤੇ ਚਾਰ ਹੋਰ ਜ਼ਖਮੀ ਹੋ ਗਏ। ਇੱਕ ਪੁਲਸ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਦੱਖਣੀ ਖੇਤਰ ਦੀ ਵਧੀਕ ਪੁਲਸ ਸੁਪਰਡੈਂਟ (ਏਐਸਪੀ) ਅਨੁਕ੍ਰਿਤੀ ਸ਼ਰਮਾ ਨੇ ਦੱਸਿਆ ਕਿ ਜੂਨਾਵਈ ਵਿੱਚ ਇੱਕ ਨਵੀਂ ਬੋਲੈਰੋ ਤੇਜ਼ ਰਫ਼ਤਾਰ ਨਾਲ ਆਈ ਤੇ ਜਨਤਾ ਇੰਟਰ ਕਾਲਜ ਦੀ ਕੰਧ ਨਾਲ ਟਕਰਾ ਗਈ। ਉਨ੍ਹਾਂ ਕਿਹਾ ਕਿ ਬੋਲੈਰੋ ਵਿੱਚ ਵਿਆਹ ਦੀ ਬਰਾਤ ਜਾ ਰਹੀ ਸੀ ਜਿਸ ਵਿੱਚ ਲਾੜਾ ਵੀ ਸਵਾਰ ਸੀ। ਸੂਚਨਾ ਮਿਲਣ 'ਤੇ ਪੁਲਸ ਤੁਰੰਤ ਮੌਕੇ 'ਤੇ ਪਹੁੰਚੀ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜ ਲੋਕਾਂ ਨੂੰ ਮ੍ਰਿਤਕ ਹਾਲਤ ਵਿੱਚ ਜੂਨਾਵਈ ਕਮਿਊਨਿਟੀ ਹੈਲਥ ਸੈਂਟਰ (ਸੀਐਚਸੀ) ਲਿਆਂਦਾ ਗਿਆ, ਜਿਨ੍ਹਾਂ ਵਿੱਚ ਲਾੜਾ ਸੂਰਜ (24), ਉਸਦੀ ਭਰਜਾਈ ਆਸ਼ਾ (26) ਅਤੇ ਆਸ਼ਾ ਦੀ ਧੀ ਐਸ਼ਵਰਿਆ (2), ਛੇ ਸਾਲਾ ਲੜਕਾ ਵਿਸ਼ਨੂੰ ਪੁੱਤਰ ਮਨੋਜ ਅਤੇ ਇੱਕ ਅਣਪਛਾਤਾ ਵਿਅਕਤੀ ਸ਼ਾਮਲ ਹੈ। ਏਐਸਪੀ ਨੇ ਚਸ਼ਮਦੀਦਾਂ ਦੇ ਹਵਾਲੇ ਨਾਲ ਕਿਹਾ ਕਿ ਬੋਲੈਰੋ ਬਹੁਤ ਤੇਜ਼ ਰਫ਼ਤਾਰ ਨਾਲ ਚੱਲ ਰਹੀ ਸੀ ਅਤੇ ਇਹ ਕੰਟਰੋਲ ਤੋਂ ਬਾਹਰ ਹੋ ਗਈ, ਜਿਸ ਤੋਂ ਬਾਅਦ ਇਹ ਸਕੂਲ ਦੀ ਕੰਧ ਨਾਲ ਟਕਰਾ ਗਈ। ਉਨ੍ਹਾਂ ਕਿਹਾ ਕਿ ਗੱਡੀ ਵਿੱਚ ਕੁੱਲ 10 ਲੋਕ ਮੌਜੂਦ ਸਨ। ਚਾਰ ਹੋਰ ਜ਼ਖਮੀਆਂ ਨੂੰ ਇਲਾਜ ਲਈ ਅਲੀਗੜ੍ਹ ਭੇਜਿਆ ਗਿਆ ਹੈ। ਇਹ ਬਾਰਾਤ ਹਰ ਗੋਵਿੰਦਪੁਰ ਪਿੰਡ ਤੋਂ ਸਿਰਤੌਲ (ਬਦੌਣ) ਜਾ ਰਹੀ ਸੀ। ਉਨ੍ਹਾਂ ਕਿਹਾ ਕਿ ਮਾਮਲੇ ਵਿੱਚ ਕਾਰਵਾਈ ਕੀਤੀ ਜਾ ਰਹੀ ਹੈ।

## ਸਾਵਧਾਨ ! ਪੰਜਾਬ ਦੇ ਇਸ ਜ਼ਿਲ੍ਹੇ 'ਚ ਫੈਲੀ ਗੰਭੀਰ ਬੀਮਾਰੀ, ਪਿੰਡ 'ਚ ਮਚੀ ਹਾਹਾਕਾਰ

ਪਟਿਆਲਾ 7 ਜੁਲਾਈ। ਪਟਿਆਲਾ ਦੇ ਸਰਹੰਦ ਬਾਈਪਾਸ 'ਤੇ ਪਿੰਡ ਅਲੀਪੁਰ ਦੇ ਲੋਕਾਂ 'ਤੇ ਵੱਡਾ ਖ਼ਤਰਾ ਮੰਡਰਾ ਰਿਹਾ ਹੈ। ਦਰਅਸਲ ਇੱਥੇ ਪੂਰੇ ਪਿੰਡ 'ਚ ਡਾਇਰੀਆ ਫੈਲ ਗਿਆ ਹੈ ਅਤੇ ਇਕੱਠੇ 35 ਮਾਮਲੇ ਸਾਹਮਣੇ ਆ ਗਏ ਹਨ, ਜਿਸ ਤੋਂ ਬਾਅਦ ਲੋਕ ਘਬਰਾ ਗਏ ਹਨ। ਇਨ੍ਹਾਂ 'ਚੋਂ 8 ਦੇ ਕਰੀਬ ਲੋਕਾਂ ਨੂੰ ਪਟਿਆਲਾ ਦੇ ਮਾਤਾ ਕੌਸ਼ੱਲਿਆ ਹਸਪਤਾਲ ਵਿਖੇ ਦਾਖ਼ਲ ਕਰਾਇਆ ਗਿਆ, ਜਿਨ੍ਹਾਂ 'ਚੋਂ ਫਿਲਹਾਲ 5 ਮਰੀਜ਼ ਠੀਕ ਹੋ ਕੇ ਘਰ ਆ ਗਏ ਹਨ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਪਾਣੀ ਖ਼ਰਾਬ ਆਉਣ ਕਾਰਨ ਲੋਕ ਬੁਰੀ ਤਰ੍ਹਾਂ ਬੀਮਾਰ ਹੋ ਰਹੇ ਹਨ, ਜਿਸ ਕਾਰਨ ਲੋਕ ਪਾਣੀ ਬਾਹਰੋਂ ਲੈ ਕੇ ਆ ਰਹੇ ਹਨ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਇਸ ਬਾਰੇ ਸੀਨੀਅਰ ਮੈਡੀਕਲ ਅਫ਼ਸਰ ਡਾ. ਗੁਰਪ੍ਰੀਤ ਸਿੰਘ ਨਾਗਰਾ ਨੇ ਕਿਹਾ ਕਿ ਬੀਤੇ ਦਿਨ ਤੋਂ ਹੀ ਡਾਕਟਰਾਂ ਦੀਆਂ ਪੱਕੀਆਂ ਟੀਮਾਂ ਇੱਥੇ ਬਿਠਾਈਆਂ ਹੋਈਆਂ ਹਨ ਅਤੇ ਘਰ-ਘਰ ਜਾ ਕੇ ਲੋਕਾਂ ਦੇ ਸੈਂਪਲ ਵੀ ਲੈ ਰਹੇ ਹਾਂ। ਪਹਿਲਾਂ ਪਿੰਡ 'ਚ ਸਿਰਫ ਡਾਇਰੀਆ ਦੇ 1-2 ਕੇਸ ਸਨ ਪਰ ਪਰਸੋਂ ਤੋਂ ਜ਼ਿਆਦਾ ਮਰੀਜ਼ ਵਧੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਪਿੰਡ 'ਚ 30 ਦੇ ਕਰੀਬ ਸ਼ੱਕੀ ਮਰੀਜ਼ ਮਿਲੇ ਸਨ, ਜਿਨ੍ਹਾਂ ਨੂੰ ਉਲਟੀਆਂ ਅਤੇ ਦਸਤ ਲੱਗੇ ਹੋਏ ਸਨ। ਅਜਿਹੇ ਮਰੀਜ਼ਾਂ ਨੂੰ ਦਵਾਈ ਦਿੱਤੀ ਗਈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਲੋਕ ਉਬਾਲ ਕੇ ਪਾਣੀ ਪੀਣ ਜਾਂ ਟੈਂਕਰ ਦਾ ਪਾਣੀ ਪੀਣ ਅਤੇ ਖਾਣ-ਪੀਣ ਦੀਆਂ ਚੀਜ਼ਾਂ ਦਾ ਪਰਹੇਜ਼ ਕਰਨ। ਉਨ੍ਹਾਂ ਨੇ ਦੱਸਿਆ ਕਿ ਲੋਕਾਂ ਨੂੰ ਓ. ਆਰ. ਐੱਸ ਦਾ ਘੋਲ ਅਤੇ ਗੋਲੀਆਂ ਘਰ-ਘਰ ਵੰਡੀਆਂ ਹਨ ਅਤੇ ਲੋਕਾਂ ਨੂੰ ਆਪਣੀ ਸਿਹਤ ਦਾ ਪੂਰੀ ਤਰ੍ਹਾਂ ਖ਼?ਆਲ ਰੱਖਣ ਦੀ ਅਪੀਲ ਕੀਤੀ ਗਈ ਹੈ। ਡਾ. ਗੁਰਪ੍ਰੀਤ ਸਿੰਘ ਨੇ ਕਿਹਾ ਕਿ ਅਸੀਂ ਕੱਲ੍ਹੀ ਹੀ ਨਗਰ ਨਿਗਮ ਨੂੰ ਸੀਵਰੇਜ ਅਤੇ ਪੀਣ ਵਾਲੇ ਪਾਣੀ ਦੀ ਮਿਕਸਿੰਗ ਹੋਣ ਦੇ ਖ਼ਦਸ਼ੇ ਸਬੰਧੀ ਇਕ ਪੱਤਰ ਲਿਖਿਆ ਸੀ, ਜਿਸ ਤੋਂ ਬਾਅਦ ਨਗਰ ਨਿਗਮ ਦੀਆਂ ਟੀਮਾਂ ਵਲੋਂ ਕੁਨੈਕਸ਼ਨ ਕੱਟ ਦਿੱਤੇ ਗਏ ਹਨ। ਫਿਲਹਾਲ ਹੁਣ ਹਾਲਾਤ ਕੰਟਰੋਲ ਹੇਠ ਹਨ ਅਤੇ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਦਸਤ ਜਾਂ ਉਲਟੀਆਂ ਦੀ ਸ਼ਿਕਾਇਤ ਆਉਂਦੀ ਹੈ ਤਾਂ ਤੁਰੰਤ ਆਪਣੇ ਨਜ਼ਦੀਕੀ ਡਿਸਪੈਂਸਰੀ ਨੂੰ ਸੰਪਰਕ ਕਰਨ ਅਤੇ ਇਸ ਮੌਸਮ 'ਚ ਉਬਾਲ ਕੇ ਹੀ ਪਾਣੀ ਪੀਣ।

# ਪਾਪਾ, ਮੈਨੂੰ ਮਾਫ ਕਰ ਦੇਣਾ ! ਆਪਣੀ ਕਾਰ 'ਚ ਬੈਠ ਕੇ ਵਿਆਹੁਤਾ ਨੇ ਨਿਗਲ ਲਿਆ ਜ਼ਹਿਰ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 7 ਜੁਲਾਈ। ਤਮਿਲਨਾਡੂ ਦੇ ਤਿਰੁਪੁਰ ਸ਼ਹਿਰ 'ਚ ਇੱਕ ਹੋਰ ਦੁਖਦਾਈ ਘਟਨਾ ਸਾਹਮਣੀ ਆਈ ਹੈ, ਜਿੱਥੇ ਦਾਜ ਦੀ ਲਾਲਚ ਨੇ ਵਿਆਹੁਤਾ ਦੀ ਜਾਨ ਲੈ ਲਈ। 27 ਸਾਲਾ ਰਿਧਾਨਿਆ ਨੇ ਵਿਆਹ ਤੋਂ ਸਿਰਫ਼ ਦੋ ਮਹੀਨੇ ਬਾਅਦ ਆਪਣੇ ਜੀਵਨ ਨੂੰ ਖਤਮ ਕਰ ਲਿਆ। ਉਹ ਆਪਣੀ ਕਾਰ ਵਿੱਚ ਬੈਠ ਕੇ ਜ਼ਹਿਰ ਖਾ ਗਈ। ਜਾਣਕਾਰੀ ਮੁਤਾਬਕ ਰਿਧਾਨਿਆ ਦੀ ਅਪ੍ਰੈਲ 'ਚ 28 ਸਾਲਾ ਕਵਿਨਕੁਮਾਰ ਨਾਲ ਵਿਆਹ ਹੋਇਆ ਸੀ। ਵਿਆਹ ਮਗਰੋਂ ਰਿਧਾਨਿਆ ਨੂੰ ਉਸਦੇ ਸਸੁਰਾਲੀਆਂ ਵੱਲੋਂ ਲਗਾਤਾਰ ਦਾਜ ਲਈ ਤੰਗ ਕੀਤਾ ਜਾ ਰਿਹਾ ਸੀ। ਰਿਧਾਨਿਆ ਨੇ ਖੁਦਕੁਸ਼ੀ ਕਰਨ ਤੋਂ ਪਹਿਲਾਂ ਆਪਣੇ ਪਿਤਾ ਨੂੰ ਵਟਸਐਪ 'ਤੇ ਸੰਦੇਸ਼ ਭੇਜਿਆ ਜਿਸ ਵਿੱਚ ਉਸਨੇ ਆਪਣੀ ਤਕਲੀਫ਼ ਅਤੇ ਆਖਰੀ ਫੈਸਲੇ ਦੀ ਵਜ?ਹਾ ਦੱਸੀ। ਆਖਰੀ ਮੈਸੇਜ ਵਿੱਚ ਰਿਧਾਨਿਆ ਨੇ ਲਿਖਿਆ ਕਿ ਸਹੁਰਾ ਪਰਿਵਾਰ ਨੇ ਉਸ ਨਾਲ



ਧੋਖਾ ਕੀਤਾ ਹੈ। ਉਨ੍ਹਾਂ ਨੇ ਸ਼ੁਰੂ ਤੋਂ ਹੀ ਪਲਾਨਿੰਗ ਨਾਲ ਵਿਆਹ ਕਰਵਾਇਆ ਸੀ ਤਾਂ ਜੋ ਵੱਡਾ ਦਾਜ ਮਿਲ ਸਕੇ। ਰਿਧਾਨਿਆ ਨੇ ਦੱਸਿਆ ਕਿ ਉਸਦੇ ਮਾਪੇ ਵੱਲੋਂ ਵਿਆਹ ਵਿੱਚ 70 ਲੱਖ ਦੀ ਵੋਲਵੋ ਕਾਰ ਅਤੇ 800 ਗ੍ਰਾਮ ਸੋਨਾ ਦਿੱਤਾ ਗਿਆ ਸੀ, ਪਰ ਇਨ੍ਹਾਂ ਦੇ ਬਾਵਜੂਦ ਵੀ ਉਹ ਤੰਗ ਕਰਦੇ ਰਹੇ। ਆਖਰੀ ਆਡੀਓ ਮੈਸੇਜ ਵਿੱਚ ਰਿਧਾਨਿਆ ਨੇ ਕਿਹਾ, ਪਾਪਾ, ਮੈਨੂੰ ਮਾਫ ਕਰ ਦੇਣਾ। ਮੈਂ ਬਹੁਤ ਹੀ ਤੰਗ ਆ ਚੁੱਕੀ ਹਾਂ। ਕਵਿਨ ਤੇ ਉਸਦੇ ਮਾਪਿਆਂ ਵੱਲੋਂ ਜੋ ਮੇਰੇ ਨਾਲ ਹੋ ਰਿਹਾ ਹੈ, ਉਹ ਹੁਣ ਸਹਿਣ ਯੋਗ ਨਹੀਂ। ਮੈਨੂੰ ਸਮਝ ਨਹੀਂ ਆ ਰਹੀ ਕਿ ਕਿਸ ਨਾਲ ਗੱਲ ਕਰਾਂ। ਹੁਣ ਮੈਂ ਹੋਰ ਨਹੀਂ ਜੀ ਸਕਦੀ। ਤੁਸੀਂ ਹੀ ਮੇਰੀ ਦੁਨੀਆ ਸੀਗੇ। ਰਿਧਾਨਿਆ ਐਤਵਾਰ ਨੂੰ ਆਪਣੇ ਸਸੁਰਾਲ ਤੋਂ ਮੰਦੀਪਲਾਇਮ ਦੇ ਇੱਕ ਮੰਦਰ ਜਾਣ ਦੀ ਗੱਲ ਕਰ ਕੇ ਨਿਕਲੀ ਸੀ। ਰਸਤੇ ਵਿੱਚ ਹੀ ਉਸਨੇ ਕਾਰ ਰੋਕੀ ਅਤੇ ਜ਼ਹਿਰ ਖਾ ਲਿਆ। ਲੰਮਾ ਸਮਾਂ ਬੀਤ ਜਾਣ 'ਤੇ ਜਦੋਂ ਕਾਰ ਅਜੇ ਵੀ ਥਾਂ ਉੱਤੇ ਖੜੀ ਸੀ, ਤਾਂ ਆਸ-ਪਾਸ ਦੇ ਲੋਕਾਂ ਨੇ ਪੁਲਸ ਨੂੰ ਸੂਚਨਾ ਦਿੱਤੀ। ਜਦੋਂ ਪੁਲਿਸ ਨੇ ਗੱਡੀ ਖੋਲ੍ਹੀ ਤਾਂ ਅੰਦਰ ਰਿਧਾਨਿਆ ਦੀ ਲਾਸ਼ ਮਿਲੀ ਜਿਸ ਦੇ ਮੂੰਹ ਤੋਂ ਝੱਗ ਨਿਕਲ ਰਹੀ ਸੀ।

## 30 ਲੱਖ ਰੁਪਏ ਦੀ ਠੱਗੀ ਦੇ ਮਾਮਲੇ 'ਚ ਟਰੈਵਲ ਏਜੰਟ ਵਿਰੁੱਧ ਕੇਸ ਦਰਜ

ਦਸੂਹਾ 7 ਜੁਲਾਈ। ਦਸੂਹਾ ਪੁਲਸ ਨੇ 30 ਲੱਖ ਰੁਪਏ ਦੀ ਧੋਖਾਦੇਹੀ ਦੇ ਮਾਮਲੇ ਇਕ ਟਰੈਵਲ ਏਜੰਟ ਵਿਰੁੱਧ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦਸੂਹਾ ਥਾਣਾ ਮੁਖੀ ਰਾਜਿੰਦਰ ਸਿੰਘ ਮਿਨਹਾਸ ਅਤੇ ਏ. ਐੱਸ. ਆਈ. ਸਰਬਜੀਤ ਸਿੰਘ ਨੇ ਦੱਸਿਆ ਕਿ ਟਰੈਵਲ ਏਜੰਟ ਅਜੇਪਾਲ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਨੀਮ ਵਾਲੀ ਗਲੀ ਅੰਮ੍ਰਿਤਸਰ ਨੇ ਮਨਿੰਦਰਜੀਤ ਸਿੰਘ ਉਰਫ਼ ਮਨੀ ਵਾਸੀ ਸਦਰਪੁਰ ਨਾਗਰਾ ਦਸੂਹਾ ਨੂੰ ਕੈਨੇਡਾ ਭੇਜਣ ਲਈ 30 ਲੱਖ ਰੁਪਏ ਦੀ ਰਕਮ ਦਿੱਤੀ ਸੀ। ਟਰੈਵਲ ਏਜੰਟ ਨੇ ਨਾ ਤਾਂ ਉਸ ਨੂੰ ਵਿਦੇਸ਼ ਭੇਜਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ। ਇਸ ਸਬੰਧੀ ਉਨ੍ਹਾਂ ਐੱਸ. ਐੱਸ. ਪੀ. ਹੁਸ਼ਿਆਰਪੁਰ ਨੂੰ ਲਿਖਤੀ ਸ਼ਿਕਾਇਤ ਦਿੱਤੀ ਸੀ, ਜਿਸ ਦੀ ਜਾਂਚ ਡੀ. ਐੱਸ. ਪੀ. ਦਸੂਹਾ ਬਲਵਿੰਦਰ ਸਿੰਘ ਜੋੜਾ ਨੂੰ ਸੌਂਪੀ ਗਈ। ਜਾਂਚ ਤੋਂ ਬਾਅਦ ਉਕਤ ਟਰੈਵਲ ਏਜੰਟ ਵਿਰੁੱਧ ਮਾਮਲਾ ਦਰਜ ਕਰਨ ਦੇ ਹੁਕਮ ਜਾਰੀ ਕੀਤੇ ਗਏ। ਉਨ੍ਹਾਂ ਦੱਸਿਆ ਕਿ ਧੋਖਾਦੇਹੀ ਕਰਨ ਵਾਲੇ ਟਰੈਵਲ ਏਜੰਟ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਪੰਜਾਬ ਵਿੱਚ 2 ਤੋਂ ਵੱਧ ਬੱਚਿਆਂ ਵਾਲੇ ਪਰਿਵਾਰਾਂ ਨੂੰ 10 ਲੱਖ ਰੁਪਏ ਦਾ ਜੁਰਮਾਨਾ ਲੱਗੇਗਾ ?

**ਚੰਡੀਗੜ੍ਹ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਵਿੱਚ ਇੱਕ ਇਤਿਹਾਸਕ ਬਿੱਲ ਪੇਸ਼ ਕਰਦਿਆਂ ਉੱਤਰੀ ਵਿਧਾਨ ਸਭਾ ਹਲਕੇ ਦੇ ਵਿਧਾਇਕ ਬਾਵਾ ਹੈਨਰੀ ਨੇ ਆਬਾਦੀ ਕੰਟਰੋਲ ਲਈ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਉਠਾਈ ਹੈ। ਉਨ੍ਹਾਂ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਾਵਾ ਦੇ ਸਾਹਮਣੇ "ਜਨਸੰਖਿਆ ਕੰਟਰੋਲ ਬਿੱਲ 2025"ਦਾ ਖਰੜਾ ਪੇਸ਼ ਕੀਤਾ, ਜਿਸ ਵਿੱਚ ਵਿਧਾਇਕ ਬਾਵਾ ਹੈਨਰੀ ਨੇ ਮੰਗ ਕੀਤੀ ਕਿ ਨਵੇਂ ਪਰਿਵਾਰਾਂ ਨੂੰ 2 ਤੋਂ ਵੱਧ ਬੱਚੇ ਪੈਦਾ ਕਰਨ 'ਤੇ ਪਾਬੰਦੀ ਲਗਾਈ ਜਾਵੇ, 10 ਲੱਖ ਰੁਪਏ ਦਾ ਜੁਰਮਾਨਾ ਅਤੇ 2 ਤੋਂ ਵੱਧ ਬੱਚੇ ਵਾਲੇ ਮਾਪਿਆਂ 'ਤੇ ਵੋਟ ਪਾਉਣ ਦੇ ਅਧਿਕਾਰ ਨੂੰ ਖਤਮ ਕੀਤਾ ਜਾਵੇ। ਇੰਨਾ ਹੀ ਨਹੀਂ, 2 ਤੋਂ ਵੱਧ ਬੱਚਿਆਂ ਵਾਲੇ ਲੋਕਾਂ ਨੂੰ ਚੋਣਾਂ ਲੜਨ ਅਤੇ ਸਰਕਾਰੀ ਨੌਕਰੀ ਕਰਨ 'ਤੇ ਵੀ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ। ਵਿਧਾਇਕ ਬਾਵਾ ਹੈਨਰੀ ਨੇ ਕਿਹਾ ਕਿ 2 ਬੱਚਿਆਂ ਤੱਕ ਸੀਮਤ ਬੀਪੀਐਲ ਪਰਿਵਾਰਾਂ ਨੂੰ ਨਕਦ ਪ੍ਰੋਤਸਾਹਨ ਮਿਲਣੇ ਚਾਹੀਦੇ ਹਨ, ਜਦੋਂ ਕਿ ਆਮ ਪਰਿਵਾਰਾਂ ਨੂੰ ਸਬਸਿਡੀਆਂ, ਟੈਕਸ ਛੋਟਾਂ ਅਤੇ ਆਸਾਨ ਕਰਜ਼ੇ ਵੀ ਦਿੱਤੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਭਾਰਤ ਦੀ ਜ਼ਮੀਨ ਦੁਨੀਆ ਦੇ ਕੁੱਲ ਖੇਤਰਫਲ ਦਾ ਸਿਰਫ਼ 2.3 ਪ੍ਰਤੀਸ਼ਤ ਹੈ, ਪਰ ਆਬਾਦੀ ਦਾ 17 ਪ੍ਰਤੀਸ਼ਤ ਤੋਂ ਵੱਧ ਇੱਥੇ ਰਹਿੰਦਾ ਹੈ। ਇਸ ਅਸੰਤੁਲਨ ਦਾ ਦੇਸ਼ ਦੀ ਵਿਕਾਸ ਸੰਭਾਵਨਾ 'ਤੇ ਬਹੁਤ ਵੱਡਾ ਪ੍ਰਭਾਵ ਪੈਂਦਾ ਹੈ। ਉਨ੍ਹਾਂ ਕਿਹਾ ਕਿ ਜ਼ਿਆਦਾ ਆਬਾਦੀ ਸਿਹਤ ਸੇਵਾਵਾਂ, ਸਿੱਖਿਆ ਪ੍ਰਣਾਲੀ ਅਤੇ ਕਾਨੂੰਨ ਵਿਵਸਥਾ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰ ਰਹੀ ਹੈ। ਵਿਧਾਇਕ ਬਾਵਾ ਹੈਨਰੀ ਨੇ ਕਿਹਾ ਕਿ ਜਦੋਂ ਸਰੋਤਾਂ ਦੀ ਮੰਗ ਆਬਾਦੀ ਅਨੁਪਾਤ ਤੋਂ ਵੱਧ ਜਾਂਦੀ ਹੈ, ਤਾਂ ਦੇਸ਼ ਨੂੰ ਇਸਦੇ ਨਤੀਜੇ ਭੁਗਤਣੇ ਪੈਂਦੇ ਹਨ। ਉਨ੍ਹਾਂ ਕਿਹਾ ਕਿ ਆਬਾਦੀ ਵਿਸਫੋਟ ਦਾ ਸਭ ਤੋਂ ਵੱਡਾ ਪ੍ਰਭਾਵ ਵਾਤਾਵਰਣ 'ਤੇ ਪੈਂਦਾ ਹੈ, ਜਿਸ ਕਾਰਨ ਹਵਾ, ਪਾਣੀ ਅਤੇ ਜ਼ਮੀਨ ਤਿੰਨੋਂ ਪ੍ਰਦੂਸ਼ਿਤ ਹੋ ਜਾਂਦੇ ਹਨ।

ਵਿਧਾਇਕ ਬਾਵਾ ਹੈਨਰੀ ਨੇ ਚਿੰਤਾ ਪ੍ਰਗਟ ਕੀਤੀ ਕਿ ਪੰਜਾਬ ਵਿੱਚ ਸਿਹਤ ਅਤੇ ਸਿੱਖਿਆ ਪ੍ਰਣਾਲੀ ਦਾ ਪੱਧਰ ਲਗਾਤਾਰ ਡਿੱਗ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਢੁਕਵੀਆਂ ਸਹੂਲਤਾਂ ਦੀ ਘਾਟ ਕਾਰਨ ਨੌਜਵਾਨ ਵਿਦੇਸ਼ਾਂ ਵਿੱਚ ਪਰਵਾਸ ਕਰ ਰਹੇ ਹਨ। ਇਹ ਸਥਿਤੀ ਆਉਣ ਵਾਲੀਆਂ ਪੀੜ੍ਹੀਆਂ ਲਈ ਖ਼ਤਰੇ ਦੀ ਘੰਟੀ ਹੈ। ਉਦਾਹਰਣ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਜੇਕਰ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ਼ ਹਵਾ, ਸਾਫ਼ ਪਾਣੀ ਅਤੇ ਸਿਹਤਮੰਦ ਵਾਤਾਵਰਣ ਪ੍ਰਦਾਨ ਨਹੀਂ ਕਰ ਸਕਦੇ, ਤਾਂ ਸੜਕਾਂ, ਸੀਵਰੇਜ ਅਤੇ ਸਟਰੀਟ ਲਾਈਟਾਂ ਵਰਗੀਆਂ ਵਿਕਾਸ ਯੋਜਨਾਵਾਂ ਦਾ ਕੋਈ ਅਰਥ ਨਹੀਂ ਹੈ। ਵਿਧਾਇਕ ਬਾਵਾ ਹੈਨਰੀ ਨੇ ਕਿਹਾ ਕਿ ਅਸਲ ਵਿਕਾਸ ਉਹ ਹੈ ਜੋ ਪੀੜ੍ਹੀ ਦਰ ਪੀੜ੍ਹੀ ਲੋਕਾਂ ਨੂੰ ਲਾਭ ਪਹੁੰਚਾ ਸਕੇ। ਉਨ੍ਹਾਂ ਕਿਹਾ ਕਿ ਵਿਕਾਸ ਸਿਰਫ ਬੁਨਿਆਦੀ ਢਾਂਚੇ ਤੱਕ ਸੀਮਤ ਨਹੀਂ ਹੋਣਾ ਚਾਹੀਦਾ, ਸਗੋਂ ਸਮਾਜਿਕ ਜਾਗਰੂਕਤਾ ਅਤੇ ਜ਼ਿੰਮੇਵਾਰੀ ਵੀ ਓਨੀ ਹੀ ਮਹੱਤਵਪੂਰਨ ਹੈ। ਵਿਧਾਇਕ ਬਾਵਾ ਹੈਨਰੀ ਨੇ ਕਿਹਾ ਕਿ ਜਦੋਂ ਤੱਕ ਅਸੀਂ ਆਬਾਦੀ ਕੰਟਰੋਲ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ, ਪੰਜਾਬ ਦਾ ਭਵਿੱਖ ਹਨੇਰਾ ਹੀ ਰਹੇਗਾ। ਉਨ੍ਹਾਂ ਇਸ ਮੁੱਦੇ ਨੂੰ ਇੱਕ ਸਮਾਜਿਕ ਲਹਿਰ ਵਜੋਂ ਲੈਣ ਦੀ ਅਪੀਲ ਕੀਤੀ, ਨਾ ਕਿ ਇੱਕ ਰਾਜਨੀਤਿਕ ਲਹਿਰ ਵਜੋਂ। ਬਾਵਾ ਹੈਨਰੀ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਇਸ ਮੁੱਦੇ 'ਤੇ ਵਿਧਾਨ ਸਭਾ ਵਿੱਚ ਵਿਸਥਾਰਤ ਬਹਿਸ ਹੋਵੇ ਅਤੇ ਸਮਾਜ ਦੇ ਹਰ ਵਰਗ ਵਿੱਚ ਵਿਚਾਰ-ਵਟਾਂਦਰਾ ਹੋਵੇ। ਉਨ੍ਹਾਂ ਕਿਹਾ ਕਿ ਸਮਾਂ ਆ ਗਿਆ ਹੈ ਕਿ ਲੋਕ ਪਰਿਵਾਰ ਨਿਯੋਜਨ ਨੂੰ ਜ਼ਿੰਮੇਵਾਰੀ ਨਾਲ ਲੈਣ ਅਤੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਸਹਿਯੋਗ ਕਰਨ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਅੱਜ ਦੋ ਬੱਚਿਆਂ ਦੀ ਨੀਤੀ ਨੂੰ ਨਹੀਂ ਅਪਣਾਇਆ, ਤਾਂ ਆਉਣ ਵਾਲੇ ਸਾਲਾਂ ਵਿੱਚ ਸਾਡੇ ਸਰੋਤ ਅਤੇ ਸੇਵਾਵਾਂ ਪੂਰੀ ਤਰ੍ਹਾਂ ਢਹਿ ਜਾਣਗੀਆਂ। ਇਹ ਸਿਰਫ਼ ਸਰਕਾਰ ਦੀ ਜ਼ਿੰਮੇਵਾਰੀ ਨਹੀਂ ਹੈ, ਸਗੋਂ ਹਰ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ।

# ਸਵਰਾਜ ਮਾਜ਼ਦਾ 'ਚ ਕੰਮ ਕਰਦੇ ਕੱਚੇ ਕਾਮਿਆਂ ਵਲੋਂ ਵਿੱਢੇ ਸੰਘਰਸ਼ ਨੂੰ ਮਿਲਿਆ ਲਾਲਪੁਰਾ ਦਾ ਸਮਰਥਨ



**ਰੂਪ ਨਗਰ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ. ਅਜੈਵੀਰ ਸਿੰਘ ਲਾਲਪੁਰਾ ਅੱਜ ਸਵਰਾਜ ਮਾਜ਼ਦਾ ਫੈਕਟਰੀ ਦੇ ਬਾਹਰ ਧਰਨੇ 'ਤੇ ਬੈਠੇ ਨੌਜਵਾਨਾਂ ਦੇ ਵਿਚਕਾਰ ਪਹੁੰਚੇ ਤੇ ਉਨ੍ਹਾਂ ਦੇ ਸੰਘਰਸ਼ ਨੂੰ ਪੂਰਾ ਸਮਰਥਨ ਦਿੱਤਾ। ਇਹ ਨੌਜਵਾਨ ਕੱਚੇ ਕਰਮਚਾਰੀ ਪਿਛਲੇ ਕਈ ਦਿਨਾਂ ਤੋਂ ਆਪਣੇ ਹੱਕਾਂ ਲਈ ਧਰਨਾ ਦੇ ਰਹੇ ਹਨ।

ਲਾਲਪੁਰਾ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਸਿੱਧਾ ਨਿਸ਼ਾਨਾ ਸਾਧਦਿਆਂ ਕਿਹਾ, "ਇਹ ਬਹੁਤ ਹੀ ਸ਼ਰਮਨਾਕ ਗੱਲ ਹੈ ਕਿ ਪੰਜਾਬ ਦੇ ਭਵਿੱਖ ਨੂੰ ਬਣਾਉਣ ਵਾਲੇ ਹੱਥ ਅੱਜ ਦਰੀਆਂ 'ਤੇ ਬੈਠ ਕੇ ਆਪਣੀ ਰੋਜ਼ੀ-ਰੋਟੀ ਦੀ ਲੜਾਈ ਲੜਣ ਲਈ ਮਜਬੂਰ ਹੋ ਰਹੇ ਹਨ।

ਉਨ੍ਹਾਂ ਨੇ ਆਗਾਹ ਕਰਦਿਆਂ ਕਿਹਾ, "ਅੱਜ ਮੈਂ ਇੱਥੇ ਖੜ੍ਹ ਕੇ ਘੋਸ਼ਣਾ ਕਰਦਾ ਹਾਂ ਕਿ ਇਹਨਾਂ ਮਿਹਨਤੀ ਨੌਜਵਾਨਾਂ ਦੀ ਲੜਾਈ 'ਚ ਮੈਂ ਪੂਰੀ ਤਾਕਤ ਨਾਲ ਉਨ੍ਹਾਂ ਦੇ ਨਾਲ ਖੜ੍ਹਾ ਹਾਂ। ਭਾਵੇਂ ਮੈਨੂੰ ਕੰਪਨੀ ਮੈਨੇਜਮੈਂਟ ਦੇ ਸਾਹਮਣੇ ਖੜਾ ਹੋਣਾ ਪਏ ਜਾਂ ਸੜਕਾਂ 'ਤੇ ਉਤਰਨਾ ਪਏ ਮੈਂ ਪਿੱਛੇ ਨਹੀਂ ਹਟਾਂਗਾ। ਕਿਸੇ ਵੀ ਨੌਜਵਾਨ ਨਾਲ ਅਨਿਆਇ ਨਹੀਂ ਹੋਣ ਦਿੱਤਾ ਜਾਵੇਗਾ। ਸ. ਲਾਲਪੁਰਾ ਨੇ ਇਹ ਵੀ ਦਾਅਵਾ ਕੀਤਾ ਕਿ ਜੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਦੀ ਹੈ, ਤਾਂ ਕਿਸੇ ਵੀ ਨੌਜਵਾਨ ਨੂੰ ਇਸ ਤਰ੍ਹਾਂ ਦਰੀ 'ਤੇ ਬੈਠ ਕੇ ਹੱਕਾਂ ਦੀ ਲੜਾਈ ਨਹੀਂ ਲੜਣੀ ਪਏਗੀ। ਉਨ੍ਹਾਂ ਨੇ ਕਿਹਾ, "ਸਾਡੀ ਸਰਕਾਰ ਇਹ ਯਕੀਨੀ ਬਣਾਏਗੀ ਕਿ ਹਰ ਨੌਜਵਾਨ ਨੂੰ ਇਜ਼ਤਦਾਰ ਰੋਜ਼ਗਾਰ ਮਿਲੇ ਤੇ ਉਹ ਆਪਣੇ ਭਵਿੱਖ ਨੂੰ ਲੈ ਕੇ ਨਿਸ਼ਚਿੰਤ ਹੋਵੇ। ਇਹ ਲੜਾਈ ਸਿਰਫ ਨੌਜਵਾਨਾਂ ਦੀ ਨਹੀਂ, ਸਗੋਂ ਪੂਰੇ ਪੰਜਾਬ ਦੇ ਅਤਮ-ਸਨਮਾਨ ਦੀ ਲੜਾਈ ਹੈ।

ਲਾਲਪੁਰਾ ਨੇ ਕੰਪਨੀ ਪ੍ਰਬੰਧਨ ਨੂੰ ਵੀ ਚੇਤਾਵਨੀ ਦਿੱਤੀ ਕਿ ਜੇ ਕਰਮਚਾਰੀਆਂ ਦੀਆਂ ਮੰਗਾਂ ਨੂੰ ਜਲਦੀ ਨਹੀਂ ਮੰਨਿਆ ਗਿਆ, ਤਾਂ ਭਾਜਪਾ ਵੱਲੋਂ ਹੋਰ ਵੱਡਾ ਅਤੇ ਤੇਜ਼ ਸੰਘਰਸ਼ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ, "ਕੰਪਨੀ ਮੈਨੇਜਮੈਂਟ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਕਾਰੋਬਾਰ ਪੰਜਾਬ ਦੇ ਨੌਜਵਾਨਾਂ ਦੀ ਮਿਹਨਤ ਤੇ ਟਿਕਿਆ ਹੋਇਆ ਹੈ। ਉਨ੍ਹਾਂ ਦਾ ਅਪਮਾਨ ਹੁਣ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇਹ ਮਾਮਲਾ ਤੁਰੰਤ ਹੱਲ ਕਰਵਾਇਆ ਜਾਵੇ ਅਤੇ ਐਸਐੱਮਐਲ ਫੈਕਟਰੀ ਦੇ ਕੱਚੇ ਕਰਮਚਾਰੀਆਂ ਨੂੰ ਪੱਕਾ ਕਰਨ ਦੀ ਪ੍ਰਕਿਰਿਆ ਤੁਰੰਤ ਸ਼ੁਰੂ ਕੀਤੀ ਜਾਵੇ। ਆਖਿਰ 'ਚ ਉਨ੍ਹਾਂ ਨੇ ਕਿਹਾ, "ਵਾਹਿਗੁਰੂ ਇਨ੍ਹਾਂ ਸੰਘਰਸ਼ਸ਼ੀਲ ਨੌਜਵਾਨਾਂ ਨੂੰ ਹੌਂਸਲਾ ਦੇਣ, ਉਨ੍ਹਾਂ ਦੇ ਕਾਰਜ ਸਫਲ ਕਰਨ ਅਤੇ ਸਾਰਿਆਂ ਨੂੰ ਚੜ੍ਹਦੀ ਕਲਾ 'ਚ ਰੱਖਣ।

ਇਸ ਮੌਕੇ ਉਨ੍ਹਾਂ ਦੇ ਨਾਲ ਧਰਮਿੰਦਰ ਸਿੰਘ ਭਿੰਦਾ, ਓਂਕਾਰ ਸਿੰਘ ਅਭਿਆਣਾ, ਸੁਰੇਂਦਰਪਾਲ ਸੈਣੀ, ਰਾਮ ਬਜਾੜ ਆਦਿ ਸਮੇਤ ਵੱਡੀ ਗਿਣਤੀ 'ਚ ਨੌਜਵਾਨ ਮੌਜੂਦ ਸਨ।

# ਲੜਕੀ ਤੋਂ 18 ਲੱਖ ਰੁਪਏ ਠੱਗਣ ਵਾਲੇ ਤਿੰਨ 'ਫਰਜ਼ੀ' ਜੋਤਸ਼ੀ ਗ੍ਰਿਫ਼ਤਾਰ

**ਅਬੋਹਰ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੱਧ ਪ੍ਰਦੇਸ ਦੇ ਜਬਲਪੁਰ ਦੀ ਇੱਕ ਲੜਕੀ ਨੂੰ ਸੋਸ਼ਲ ਮੀਡੀਆ 'ਤੇ ਚੰਗੇ ਭਵਿੱਖ ਅਤੇ ਵਿਆਹ ਦਾ ਬਾਰੇ ਝਾਂਸਾ ਦੇ ਕੇ ਲਗਪਗ 18 ਲੱਖ ਰੁਪਏ ਠੱਗਣ ਦੇ ਦੋਸ਼ ਹੇਠ ਸ੍ਰੀ ਗੰਗਾਨਗਰ ਪੁਲੀਸ ਨੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਥਾਣਾ ਇੰਚਾਰਜ ਸੁਭਾਸ਼ ਚੰਦਰ ਨੇ ਦੱਸਿਆ ਕਿ ਵਾਸੂਦੇਵ ਸ਼ਾਸਤਰੀ ਉਰਫ਼ ਮਨੀਸ਼ ਕੁਮਾਰ, ਰਾਮਗੜ੍ਹ ਸ਼ੇਖਾਵਤੀ ਦੇ ਅੰਕਿਤ ਉਰਫ਼ ਰੁਦਰਾ ਸ਼ਰਮਾ ਅਤੇ ਰਾਜਗੜ੍ਹ ਦੇ ਪ੍ਰਮੋਦ ਭਾਰਗਵ ਉਰਫ਼ ਬਿੱਟੂ ਵਜੋਂ ਪਛਾਣੇ ਗਏ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਗਿਰੋਹ ਦਾ ਮੁੱਖ ਸਰਗਨਾ ਨਰੇਸ਼ ਉਰਫ਼ ਨਰਿੰਦਰ ਅਚਾਰੀਆ ਹੈ ਜੋ ਅੰਕਿਤ ਉਰਫ਼ ਰੁਦਰਾ ਸ਼ਰਮਾ ਦਾ ਪਿਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅਚਾਰੀਆ ਆਨਲਾਈਨ ਇਸ਼ਤਿਹਾਰ ਪਾਉਂਦਾ ਸੀ ਕਿ ਲੋਕ ਪੂਜਾ ਅਤੇ ਤੰਤਰ ਵਿੱਦਿਆ ਰਾਹੀਂ ਆਪਣੀਆਂ ਸਮੱਸਿਆਵਾਂ ਹੱਲ ਕਰ ਸਕਦੇ ਹਨ ਅਤੇ ਇੱਛਾਵਾਂ ਪੂਰੀਆਂ ਕਰ ਸਕਦੇ ਹਨ। ਇਸ ਬਹਾਨੇ ਲੱਖਾਂ ਰੁਪਏ ਠੱਗੇ ਗਏ ਸਨ।

**ਇੰਸਟਾਗ੍ਰਾਮ ਇਸ਼ਤਿਹਾਰ ਦੇਖ ਕੇ ਆਈ ਝਾਂਸੇ 'ਚ**

ਚੇਨੱਈ ਸਥਿਤ ਇੱਕ ਕੰਪਨੀ ਵਿੱਚ ਕੰਮ ਕਰ ਰਹੀ ਗਰਿਮਾ ਜੋਸ਼ੀ (24) ਐੱਮ.ਬੀ.ਏ. ਨੇ ਆਪਣੀ ਸ਼ਿਕਾਇਤ ਵਿੱਚ ਵਾਸੂਦੇਵ ਸ਼ਾਸਤਰੀ, ਗੌਤਮ ਸ਼ਾਸਤਰੀ, ਨਰਿੰਦਰ ਆਚਾਰੀਆ ਅਤੇ ਮਨੀਸ਼ 'ਤੇ ਲਗਭਗ 18 ਲੱਖ ਰੁਪਏ ਠੱਗਣ ਦਾ ਦੋਸ਼ ਲਗਾਇਆ ਹੈ। ਉਸ ਨੇ ਅਕਤੂਬਰ 2024 ਵਿੱਚ ਸ੍ਰੀ ਗੰਗਾਨਗਰ ਦਾ ਦੌਰਾ ਕੀਤਾ ਜਿਸ ਦੌਰਾਨ ਵਾਸੂਦੇਵ ਸ਼ਾਸਤਰੀ ਦੀ ਰੀਲ ਦੇਖੀ ਅਤੇ ਆਪਣੇ ਵਿਆਹ ਤੇ ਕਰੀਅਰ ਬਾਰੇ ਮੋਬਾਈਲ 'ਤੇ ਗੱਲ ਕੀਤੀ। ਉਸ ਨੇ ਦਾਅਵਾ ਕੀਤਾ ਕਿ ਉਸ ਨੇ ਅਜਿਹੇ ਕੰਮਾਂ ਲਈ ਸਿੱਧੀਆਂ ਪ੍ਰਾਪਤ ਕੀਤੀਆਂ ਹਨ ਅਤੇ ਉਸ ਨੂੰ ਪੂਜਾ ਕਰਕੇ ਉਪਾਅ ਕਰਨ ਲਈ ਕਿਹਾ।

ਜੋਸ਼ੀ ਨੇ ਦੱਸਿਆ, "ਸ਼ਾਸਤਰੀ ਨੇ 6 ਤੋਂ 8 ਅਕਤੂਬਰ 2024 ਦੌਰਾਨ ਉਸ ਤੋਂ 60 ਹਜ਼ਾਰ ਰੁਪਏ ਲਏ। ਇਸ ਤੋਂ ਬਾਅਦ ਉਸ ਨੇ ਮੈਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ ਕਿ ਜੇ ਪੂਜਾ-ਪਾਠ ਅੱਧ ਵਿਚਕਾਰ ਛੱਡ ਦਿੱਤਾ, ਤਾਂ ਪਰਿਵਾਰ ਵਿੱਚੋਂ ਕਿਸੇ ਦੀ ਮੌਤ ਯਕੀਨੀ ਹੈ। ਉਸ ਨੇ ਉਸ ਨੂੰ ਗੌਤਮ ਸ਼ਾਸਤਰੀ, ਨਰਿੰਦਰ ਆਚਾਰੀਆ ਅਤੇ ਮਨੀਸ਼ ਨਾਲ ਫ਼ੋਨ 'ਤੇ ਗੱਲ ਵੀ ਕਰਵਾਈ ਅਤੇ ਕਿਹਾ ਕਿ ਉਹ ਵੱਖ-ਵੱਖ ਦਿਸ਼ਾਵਾਂ ਵਿੱਚ ਬੈਠ ਕੇ ਉਸ ਲਈ ਪੂਜਾ-ਪਾਠ ਕਰਨਗੇ।"

**ਠੱਗੀ ਬਾਰੇ ਪਤਾ ਲੱਗਣ 'ਤੇ ਕੀਤੀ ਪੁਲੀਸ ਸ਼ਿਕਾਇਤ**

ਜੋਸ਼ੀ ਨੇ ਦੱਸਿਆ ਕਿ ਇਨ੍ਹਾਂ ਲੋਕਾਂ ਨੇ 6 ਫਰਵਰੀ 2025 ਤੱਕ ਵੱਖ-ਵੱਖ ਯੂ.ਪੀ.ਆਈ. ਆਈ.ਡੀਜ਼ ਰਾਹੀਂ ਉਸ ਤੋਂ ਕੁੱਲ 15.48 ਲੱਖ ਰੁਪਏ ਆਨਲਾਈਨ ਲਏ, ਪਰ ਉਸ ਨੂੰ ਕਰੀਅਰ ਅਤੇ ਵਿਆਹ ਬਾਰੇ ਕੋਈ ਨਤੀਜਾ ਨਹੀਂ ਮਿਲਿਆ। ਜਦੋਂ ਉਸ ਨੇ ਆਪਣੇ ਪੈਸੇ ਵਾਪਸ ਮੰਗੇ ਤਾਂ ਸ਼ਾਸਤਰੀ ਅਤੇ ਉਸ ਦੇ ਸਾਥੀਆਂ ਨੇ ਭੱਦੀ ਸ਼ਬਦਾਲੀ ਵਰਤਦਿਆਂ ਅਤੇ ਤਬਾਹੀ ਦੀ ਧਮਕੀ ਦਿੱਤੀ।

ਬਾਅਦ ਵਿੱਚ ਉਸ ਨੂੰ ਪਤਾ ਲੱਗਾ ਕਿ ਉਹ ਫਰਜ਼ੀ ਬਾਬੇ ਹਨ, ਜੋ ਕਥਿਤ ਤੌਰ 'ਤੇ ਗਾਹਕਾਂ ਨੂੰ ਡਰਾ-ਧਮਕਾ ਕੇ ਪੈਸੇ ਵਸੂਲਦੇ ਹਨ। ਉਸ ਨੇ ਸ੍ਰੀ ਗੰਗਾਨਗਰ ਪੁਲੀਸ ਨੂੰ ਡਾਕ ਰਾਹੀਂ ਸ਼ਿਕਾਇਤ ਭੇਜੀ, ਜਿਸ ਦੀ ਜਾਂਚ ਕੀਤੀ ਗਈ। ਇਹ ਸਾਹਮਣੇ ਆਇਆ ਕਿ ਸ਼ੱਕੀਆਂ ਅਤੇ ਉਨ੍ਹਾਂ ਦੇ ਜਾਣਕਾਰਾਂ ਦੇ ਬੈਂਕ ਖਾਤਿਆਂ ਵਿੱਚ ਆਨਲਾਈਨ ਲੈਣ-ਦੇਣ ਰਾਹੀਂ ਪੈਸੇ ਜਮ ?ਹਾਂ ਕਰਵਾਏ ਗਏ ਸਨ।

**ਸਾਰੇ ਸ਼ੱਕੀ ਪੁਲੀਸ ਦੀ ਗ੍ਰਿਫਤ 'ਚ**

ਪੁਲੀਸ ਨੇ ਦੱਸਿਆ ਕਿ ਜਿਵੇਂ ਹੀ ਸ਼ੱਕੀਆਂ ਨੂੰ ਸ੍ਰੀ ਗੰਗਾਨਗਰ ਵਿੱਚ ਗਰਿਮਾ ਜੋਸ਼ੀ ਵੱਲੋਂ ਉਨ੍ਹਾਂ ਵਿਰੁੱਧ ਕੇਸ ਦਰਜ ਕਰਵਾਉਣ ਬਾਰੇ ਪਤਾ ਲੱਗਾ ਤਾਂ ਉਹ ਸਾਰੇ ਫਰਾਰ ਹੋ ਗਏ ਅਤੇ ਆਪਣੀਆਂ ਥਾਵਾਂ ਬਦਲਦੇ ਰਹੇ। ਪਰ ਪੁਲੀਸ ਵੱਲੋ ਉਨ੍ਹਾਂ ਨੂੰ ਕਾਬੂ ਕਰ ਲਿਆ ਗਿਆ। ਗ੍ਰਿਫ਼ਤਾਰ ਕੀਤੇ ਗਏ ਸ਼ੱਕੀ ਸ੍ਰੀ ਗੰਗਾਨਗਰ ਪੁਲੀਸ ਦੀ ਹਿਰਾਸਤ ਵਿੱਚ ਹਨ। ਅਧਿਕਾਰੀਆਂ ਅਨੁਸਾਰ ਪੀੜਤ ਲੜਕੀ ਤੋਂ ਠੱਗੀ ਗਈ ਰਕਮ ਵਾਪਸ ਲੈਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

# ਉਡਾਣ ਦੌਰਾਨ ਲੜਾਈ ਦੇ ਦੋਸ਼ ਹੇਠ ਅਮਰੀਕਾ 'ਚ ਭਾਰਤੀ ਮੂਲ ਦਾ 21 ਸਾਲਾ ਵਿਅਕਤੀ ਗ੍ਰਿਫ਼ਤਾਰ

## ਹੋਰ ਯਾਤਰੀਆਂ ਵੱਲੋਂ ਸਾਂਝੀ ਕੀਤੀ ਗਈ ਵੀਡੀਓ ਫੁਟੇਜ ਵਿੱਚ ਦੋ ਆਦਮੀ ਇੱਕ ਦੂਜੇ ਨਾਲ ਹੱਥੋਪਾਈ ਕਰਦੇ ਹੋਏ ਦਿੱਤੇ ਦਿਖਾਈ

**ਚੰਡੀਗੜ੍ਹ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕਾ ਵਿਚ ਫਿਲਾਡੇਲਫੀਆ ਤੋਂ ਮਿਆਮੀ ਜਾ ਰਹੀ ਫਰੰਟੀਅਰ ਏਅਰਲਾਈਨਜ਼ ਦੀ ਉਡਾਣ ਵਿੱਚ ਇੱਕ ਸਾਥੀ ਮੁਸਾਫ਼ਰ ਉਤੇ ਕਥਿਤ ਤੌਰ 'ਤੇ ਹਮਲਾ ਕਰਨ ਦੇ ਮਾਮਲੇ ਵਿਚ ਭਾਰਤੀ ਮੂਲ ਦੇ ਇੱਕ 21 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਇੱਕ ਵੀਡੀਓ ਵਿੱਚ ਅੰਸ਼ਕ ਤੌਰ 'ਤੇ ਕੈਦ ਕੀਤੀ ਗਈ ਇਸ ਘਟਨਾ ਵਿਚ ਨਿਊ ਜਰਸੀ ਦੇ ਨੇਵਾਰਕ ਦੇ ਈਸ਼ਾਨ ਸ਼ਰਮਾ ਅਤੇ ਇੱਕ ਹੋਰ ਮੁਸਾਫ਼ਰ ਕੀਨੂ ਇਵਾਨਜ਼ ਵਿਚਕਾਰ ਹੱਥੋਪਾਈ ਹੁੰਦੀ ਦਿਖਾਈ ਦਿੰਦੀ ਹੈ। ਰਿਪੋਰਟਾਂ ਅਨੁਸਾਰ ਸ਼ਰਮਾ ਦੇ ਆਪਣੀ ਸੀਟ 'ਤੇ ਵਾਪਸ ਆਉਣ ਤੋਂ ਥੋੜ੍ਹੀ ਦੇਰ ਬਾਅਦ ਟਕਰਾਅ ਸ਼ੁਰੂ ਹੋ ਗਿਆ।

ਇਵਾਨਜ਼, ਜੋ ਸ਼ਰਮਾ ਦੇ ਐਨ ਸਾਹਮਣੇ ਬੈਠਾ ਸੀ, ਨੇ ਅਧਿਕਾਰੀਆਂ ਨੂੰ ਦੱਸਿਆ ਕਿ ਹਮਲਾ ਬਿਨਾਂ ਕਿਸੇ ਭੜਕਾਹਟ ਦੇ ਕੀਤਾ ਗਿਆ ਸੀ। ਉਸਨੇ ਦਾਅਵਾ ਕੀਤਾ ਕਿ ਸ਼ਰਮਾ ਨੇ ਉਸ ਨੂੰ ਧਮਕਾਉਣਾ ਤੇ ਭੰਡਣਾ ਸ਼ੁਰੂ ਕਰ ਦਿੱਤਾ, ਜਿਵੇਂ ਕਿ, "ਤੂੰ ਘਟੀਆ ਆਦਮੀ ਹੈ। ਜੇ ਤੂੰ ਮੇਰੇ ਨਾਲ ਪੰਗਾ ਲਿਆ ਤਾਂ ਤੇਰੀ ਮੌਤ ਅੱਜ ਪੱਕੀ ਹੈ।

ਇਵਾਨਜ਼ ਨੇ ਕਿਹਾ ਕਿ ਉਸ ਨੇ ਸ਼ੁਰੂ ਵਿੱਚ ਫਲਾਈਟ ਅਟੈਂਡੈਂਟਸ ਨੂੰ ਸੁਚੇਤ ਕਰਕੇ ਅਤੇ ਸਹਾਇਤਾ ਬਟਨ ਦਬਾ ਕੇ ਸਥਿਤੀ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ। ਹਾਲਾਂਕਿ, ਉਸਨੇ ਦੋਸ਼ ਲਗਾਇਆ ਕਿ ਸ਼ਰਮਾ ਨੇ ਉਸ ਨੂੰ ਗਲੇ ਤੋਂ ਫੜ ਕੇ ਟਕਰਾਅ ਨੂੰ ਵਧਾ ਦਿੱਤਾ। ਇਵਾਨਜ਼ ਨੇ 7ਨਿਊਜ਼ ਨਾਲ ਇੱਕ ਇੰਟਰਵਿਊ ਵਿੱਚ ਕਿਹਾ, "ਅਚਾਨਕ ਉਸਨੇ ਮੈਨੂੰ ਗਲੇ ਤੋਂ ਫੜ ਲਿਆ ਅਤੇ ਮੇਰਾ ਗਲਾ ਘੁੱਟਣਾ ਸ਼ੁਰੂ ਕਰ ਦਿੱਤਾ।"ਉਸ ਨੇ ਕਿਹਾ, "ਉਸ ਸਮੇਂ ਮੇਰੇ ਕੋਲ ਆਪਣਾ ਬਚਾਅ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ।



ਹੋਰ ਮੁਸਾਫ਼ਰਾਂ ਵੱਲੋਂ ਸਾਂਝੀ ਕੀਤੀ ਗਈ ਵੀਡੀਓ ਫੁਟੇਜ ਵਿੱਚ ਦੋ ਆਦਮੀ ਇੱਕ ਦੂਜੇ ਨਾਲ ਜੂਝਦੇ ਹੋਏ ਦਿਖਾਈ ਦੇ ਰਹੇ ਹਨ ਜਦੋਂ ਦੂਜੇ ਮੁਸਾਫ਼ਰ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ। ਫਲਾਈਟ ਦੇ ਅਮਲੇ ਨੇ ਲੜਾਈ ਨੂੰ ਖਤਮ ਕਰਨ ਲਈ ਦਖਲ ਦਿੱਤਾ।

ਸ਼ਰਮਾ ਨੂੰ ਮਿਆਮੀ ਵਿੱਚ ਉਤਰਨ 'ਤੇ ਹਿਰਾਸਤ ਵਿੱਚ ਲੈ ਲਿਆ ਗਿਆ। ਮੰਗਲਵਾਰ ਨੂੰ ਅਦਾਲਤ ਵਿੱਚ ਪੇਸ਼ੀ ਦੌਰਾਨ, ਸ਼ਰਮਾ ਦੇ ਵਕੀਲ ਨੇ ਕਿਹਾ ਕਿ ਇਹ ਘਟਨਾ ਇੱਕ ਗਲਤਫਹਿਮੀ ਕਾਰਨ ਹੋਈ ਸੀ ਜਦੋਂ ਉਸਦਾ ਮੁਵੱਕਿਲ ਧਿਆਨ ਕਰ ਰਿਹਾ ਸੀ, ਜੋ ਕਿ ਉਸਦੇ ਧਾਰਮਿਕ ਵਿਸ਼ਵਾਸਾਂ ਨਾਲ ਸਬੰਧਤ ਇੱਕ ਅਭਿਆਸ ਹੈ।

ਜਦੋਂ ਕਿ ਇਵਾਨਜ਼ ਦਾ ਕਹਿਣਾ ਹੈ ਕਿ ਹਮਲਾ ਬਿਨਾਂ ਕਿਸੇ ਭੜਕਾਹਟ ਦੇ ਕੀਤਾ ਗਿਆ ਸੀ, ਪਰ ਘੱਟੋ-ਘੱਟ ਦੋ ਯਾਤਰੀਆਂ ਨੇ ਦਾਅਵਾ ਕੀਤਾ ਕਿ ਇਵਾਨਜ਼ ਨੇ ਉਡਾਣ ਦੌਰਾਨ ਸ਼ਰਮਾ ਪ੍ਰਤੀ ਗਲਤ ਟਿੱਪਣੀਆਂ ਕੀਤੀਆਂ ਸਨ। ਸ਼ਰਮਾ 500 ਡਾਲਰ ਦੇ ਬਾਂਡ 'ਤੇ ਹਿਰਾਸਤ ਵਿੱਚ ਹੈ। ਇੱਕ ਜੱਜ ਨੇ ਕੇਸ ਦੀ ਕਾਰਵਾਈ ਦੇ ਚੱਲਦੇ ਸ਼ਰਮਾ ਅਤੇ ਇਵਾਨਜ਼ ਵਿਚਕਾਰ ਸੰਪਰਕ 'ਤੇ ਪਾਬੰਦੀ ਲਗਾਉਂਦੇ ਹੋਏ, ਸਟੇਅ-ਅਵੇਅ ਆਰਡਰ ਜਾਰੀ ਕੀਤਾ ਹੈ।

# ਦੋਹਰਾ ਸੈਂਕੜਾ ਜੜਕੇ ਇਤਿਹਾਸ ਰਚਣ ਵਾਲੇ ਸ਼ੁਭਮਨ ਗਿੱਲ ਨੇ ਸਮੁੱਚੇ ਪੰਜਾਬੀਆਂ ਦਾ ਵਧਾਇਆ ਮਾਣ : ਪ੍ਰੋ. ਬਡੂੰਗਰ

**ਪਟਿਆਲਾ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਇੰਡੀਆ ਅਤੇ ਇੰਗਲੈਂਡ ਦਰਮਿਆਨ ਸਭ ਤੋਂ ਵੱਡੀ ਟੈਸਟ ਪਾਰੀ ਖੇਡਣ ਵਾਲੇ ਭਾਰਤੀ ਕਪਤਾਨ ਕ੍ਰਿਕਟਰ ਸ਼ੁਭਮਨ ਗਿੱਲ ਵਲੋਂ ਦੂਜੇ ਟੈਸਟ ਮੈਚ ਵਿੱਚ ਇੰਗਲੈਂਡ ਖਿਲਾਫ ਦੋਹਰਾ ਸੈਂਕੜਾ ਜੜ ਕੇ ਜਿੱਥੇ ਇਤਿਹਾਸ ਰਚਿਆ ਉੱਥੇ ਹੀ ਸਮੁੱਚੇ ਪੰਜਾਬੀਆਂ ਦਾ ਮਾਣ ਵਧਾਇਆ ਹੈ। ਪ੍ਰੋਫੈਸਰ ਬਡੂੰਗਰ ਨੇ ਕ੍ਰਿਕਟਰ ਸੁਭਮਨ ਗਿੱਲ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਪੰਜਾਬੀ ਨੌਜਵਾਨ ਦੀ ਸ਼ਾਨਦਾਰ ਪ੍ਰਾਪਤੀ ਤੋਂ ਹੋਰਨਾ ਨੌਜਵਾਨਾਂ ਨੂੰ ਵੀ ਸਬਕ ਲੈ ਕੇ ਖੇਡਾ ਨਾਲ ਜੁੜਨਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਜਿੱਥੇ ਖੇਡਾਂ ਮਨੁੱਖ ਨੂੰ ਸਰੀਰਕ ਪੱਖੋਂ ਤੰਦਰੁਸਤ ਬਣਾਉਂਦੀਆਂ ਹਨ ਉੱਥੇ ਹੀ ਖੇਡਾਂ ਰੁਜ਼ਗਾਰ ਦੇ ਸਾਧਨ ਵੀ ਪੈਦਾ ਕਰਦੀਆਂ ਹਨ ਕਿਉਂ ਕਿ ਜੋ ਖਿਡਾਰੀ ਅੰਤਰਰਾਸ਼ਟਰੀ ਪੱਧਰ ਤੇ ਮੱਲਾਂ ਮਾਰ ਕੇ ਮੈਡਲ ਜਿੱਤ ਦਾ ਹੈ ਉਸ ਨੂੰ ਸਰਕਾਰਾਂ ਵੱਲੋਂ ਵੀ ਪੂਰਾ ਮਾਣ ਸਨਮਾਨ ਦੇ ਕੇ ਵੱਖ ਵੱਖ ਵਿਭਾਗਾਂ ਵਿੱਚ ਸਰਕਾਰੀ ਨੌਕਰੀਆਂ ਦੇ ਕੇ ਨਿਵਾਜਿਆ ਜਾਂਦਾ ਹੈ।

ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਵੱਖੋ ਵੱਖ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੋੜਨ ਦੇ ਮਨੋਰਥ ਨਾਲ ਉਨਾਂ ਦੇ ਬਤੌਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨਗੀ ਕਾਰਜ ਕਾਲ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਮੁੱਚੇ ਵਿਦਿਅਕ ਅਦਾਰਿਆਂ ਵਿੱਚ ਖਾਲਸਾਈ ਖੇਡਾਂ ਸ਼ੁਰੂ ਕੀਤੀਆਂ ਗਈਆਂ ਸਨ ਤੇ ਇਹਨਾਂ ਖਾਲਸਾਈ ਖੇਡਾਂ ਵਿੱਚ ਖੇਡਣ ਵਾਲੇ ਸਾਬਤ ਸੂਰਤ ਖਿਡਾਰੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੜ੍ਹਾਈ ਵਿੱਚ ਫੀਸ ਪੱਖੋਂ ਵੀ ਰਿਆਇਤਾਂ ਦਿੱਤੀਆਂ ਜਾਂਦੀਆਂ ਰਹੀਆਂ ਤੇ ਇੱਥੇ ਹੀ ਬੱਸ ਨਹੀਂ ਵੱਖੋ ਵੱਖ ਖੇਡਾਂ ਵਿੱਚ ਅੰਤਰਰਾਸ਼ਟਰੀ ਪੱਧਰ ਤੇ ਨਾਮਨਾ ਖੱਟਣ ਵਾਲੇ ਅਤੇ ਮੈਡਲ ਜਿੱਤਣ ਵਾਲੇ ਖਿਡਾਰੀਆਂ ਨੂੰ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਗਦ ਰਾਸ਼ੀ ਨਾਲ ਨਾਲ ਨਿਵਾਜਿਆ ਜਾਣਾ ਵੀ ਸ਼ੁਰੂ ਕੀਤਾ ਗਿਆ ਸੀ ਤਾਂ ਜੋ ਖਿਡਾਰੀਆਂ ਵਿੱਚ ਖੇਡਣ ਦੀ ਹੋਰ ਇੱਛਾ ਸ਼ਕਤੀ ਪੈਦਾ ਹੋ ਸਕੇ।

# '47 ਦੇ ਹੱਲਿਆਂ ਦੇ ਚਸਮਦੀਦ ਗਵਾਹ ਬਾਪੂ ਰਾਮ ਕ੍ਰਿਸ਼ਨ ਸਿੰਘ ਦੇ 102 ਸਾਲਾਂ ਦੀ ਉਮਰ 'ਚ ਅਕਾਲ ਚਲਾਣੇ ਨਾਲ ਇੱਕ ਯੁੱਗ ਦਾ ਅੰਤ

## ਮੁਸਲਮਾਨਾਂ ਦੀ ਦੰਗਈ ਭੀੜ ਨੇ ਬਾਪੂ ਰਾਮ ਕ੍ਰਿਸ਼ਨ ਦੇ ਪਿਤਾ ਜਿਉਣ ਸਿੰਘ ਨੂੰ ਕੋਹ-ਕੋਹ ਕੇ ਮਾਰਿਆ ਤੇ ਇਕੱਲੇ ਨਿਹੰਗ ਸਾਧੂ ਸਿੰਘ ਨੇ ਕੀਤਾ ਸੀ ਅੰਤਿਮ ਸਸਕਾਰ

**ਪਟਿਆਲਾ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

1947 ਦੇ ਹੱਲਿਆਂ ਦੇ ਚਸਮਦੀਦ ਗਵਾਹ ਬਾਪੂ ਰਾਮ ਕ੍ਰਿਸ਼ਨ ਸਿੰਘ 102 ਸਾਲਾਂ ਦੀ ਤੰਦਰੁਸਤ ਜਿੰਦਗੀ ਹੰਢਾ ਕੇ ਮਿਤੀ 1 ਜੁਲਾਈ 2025 ਨੂੰ ਆਪਣੇ ਜੱਦੀ ਪਿੰਡ ਢੈਂਠਲ ਵਿਖੇ ਵਾਹਿਗੁਰੂ-ਵਾਹਿਗੁਰੂ ਕਰਦੇ ਅਕਾਲ ਚਲਾਣਾ ਕਰ ਗਏ ਹਨ।

ਇੱਕ ਸਦੀ ਤੋਂ ਵੱਧ ਸਮਾਂ ਜਿਉਣ ਵਾਲੇ ਬਾਪੂ ਦੀ ਭਰ ਜਵਾਨੀ ਦੇ 24 ਸਾਲਾਂ ਦੀ ਉਮਰ 'ਚ ਵਾਪਰੇ 1947 ਦੇ ਹੱਲਿਆਂ ਦੀ ਚੀਸ ਅੰਤਿਮ ਸਵਾਸਾਂ ਤੱਕ ਉਨ੍ਹਾਂ ਦੇ ਸੀਨੇ 'ਚ ਰਹੀ, ਕਿਉਂਕਿ ਉਨ੍ਹਾਂ ਦੇ ਪਿਤਾ ਜਿਊਣ ਸਿੰਘ ਨੂੰ ਮੁਸਲਿਮ ਬਹੁਗਿਣਤੀ ਵਾਲੇ ਸਮਾਣਾ ਇਲਾਕੇ ਦੇ ਮੁਸਲਮਾਨ ਦੰਗਈਆਂ ਦੀ ਭੀੜ ਨੇ ਕੋਹ-ਕੋਹ ਕੇ ਮਾਰ ਦਿੱਤਾ ਸੀ। ਪਰ ਇਸ ਗੱਲ ਦੀ ਤਸੱਲੀ ਵੀ ਸੀ ਕਿ ਜਦੋਂ ਉਨ੍ਹਾਂ ਨੂੰ ਵੀ ਇਨ੍ਹਾਂ ਦੰਗਈਆਂ ਨੇ ਘੇਰ ਲਿਆ ਸੀ ਤਾਂ ਇੱਕ ਮੁਸਲਮਾਨ ਬਜੁਰਗ ਨੇ ਉਨ੍ਹਾਂ ਉਪਰ ਬਰਛੇ ਨਾਲ ਹੁੰਦਾ ਹਮਲਾ ਰੋਕਿਆ ਸੀ ਜਦਕਿ ਪਿੰਡ ਦੇ ਨਿਹੰਗ ਬਾਬਾ ਸਾਧੂ ਸਿੰਘ ਨੇ ਉਨ੍ਹਾਂ ਦੇ ਪਿਤਾ ਦੇ ਸਰੀਰ ਦਾ ਇਕੱਲਿਆਂ ਹੀ ਤੰਦੂਰ 'ਚ ਗੋਹੇ ਦੀਆਂ ਪਾਥੀਆਂ ਰੱਖਕੇ ਅੰਤਮ ਸਸਕਾਰ ਕੀਤਾ ਸੀ ਕਿਉਂਕਿ ਉਨ੍ਹਾਂ ਦਾ ਪਰਿਵਾਰ ਤੇ ਬਾਕੀ ਪਿੰਡ ਵਾਲੇ ਨੇੜਲੇ ਪਿੰਡ ਤੁਲੇਵਾਲ ਚਲੇ ਗਏ ਸਨ।

ਰਾਮਗੜ੍ਹੀਆ ਗਹੀਰ ਪਰਿਵਾਰ 'ਚ ਪੈਦਾ ਹੋਏ ਰਾਮ ਕ੍ਰਿਸ਼ਨ ਸਿੰਘ ਦੀ ਇੱਕ ਵੱਡੀ ਭੈਣ ਤੋਂ ਇਲਾਵਾ 3 ਹੋਰ ਭੈਣਾਂ ਤੇ 3 ਹੋਰ ਭਰਾ ਸਨ, ਜਿਨ੍ਹਾਂ 'ਚੋਂ ਕੇਵਲ ਮਹਿੰਦਰ ਕੌਰ ਤੇ ਬਚਨ ਸਿੰਘ ਹੀ ਜਿਉਂਦੇ ਹਨ। ਸਾਰੀ ਉਮਰ ਆਪਣੀ ਮਾਤਾ ਦੇ ਪੜ੍ਹਾਏ ਪਾਠ 'ਕਰ ਮਜ਼ਦੂਰੀ ਖਾਹ ਚੂਰੀ, ਲਾ ਮੌਜੜੇ ਖਾਹ ਖੌਂਸੜੇ (ਜੁੱਤੀਆਂ)' 'ਤੇ ਅਮਲ ਕਰਦੇ ਹੋਏ ਬਾਪੂ ਰਾਮ ਕ੍ਰਿਸਨ ਸਿੰਘ ਨੇ ਪਿਤਾ ਪੁਰਖੀ ਕਿਰਸਾਣਾ ਕੰਮ ਕੀਤਾ ਅਤੇ ਛੋਟੀ ਉਮਰੇ ਬੌਲਦ ਗੱਡੀਆਂ ਦੀਆਂ ਜੋੜੀਆਂ ਬਣਾਕੇ ਇਲਾਕੇ 'ਚ ਨਾਮ ਕਮਾਇਆ।



ਪਿੰਡ ਢੈਂਠਲ 'ਚ ਜਮੀਨ ਖਰੀਦ ਕੇ ਅੰਤਿਮ ਸਵਾਸਾਂ ਤੱਕ ਖੇਤੀ ਕਰਨੀ, ਵਾਣ ਵਾਲੇ ਮੰਜੇ ਉਤੇ ਸੌਣਾ, ਦੁੱਧ, ਦਹੀ, ਲੱਸੀ, ਦੇਸੀ ਘਿਉ, ਚੰਗੀ ਖੁਰਾਕ ਨੂੰ ਤੰਦਰੁਸਤੀ ਦਾ ਰਾਜ ਬਣਾਉਣ ਵਾਲੇ ਬਾਪੂ ਰਾਮ ਕ੍ਰਿਸ਼ਨ ਸਿੰਘ ਦਾ ਸਾਰਾ ਜੀਵਨ ਹੀ ਸਮਾਜ ਨੂੰ ਸੇਧ ਦੇਣ ਵਾਲਾ ਹੈ।

ਬਾਪੂ ਜੀ ਦੇ ਪੁੱਤਰ ਬਲਵਿੰਦਰ ਸਿੰਘ, ਸੁਖਦੇਵ ਸਿੰਘ, ਪਿਆਰਾ ਸਿੰਘ ਤੇ ਗੁਰਜੰਟ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਬਾਪੂ ਜੀ ਦੱਸਦੇ ਹੁੰਦੇ ਸਨ ਕਿ '47 ਦੇ ਦਿਲ ਕੰਬਾਊ ਹੱਲਿਆਂ ਨੇ ਨਾਲ ਦੇ ਸਾਥੀ ਵੀ ਦੁਸ਼ਮਣ ਬਣਾ ਦਿੱਤੇ ਸਨ ਅਤੇ ਉਨ੍ਹਾਂ ਦੇ ਪਿਤਾ ਰਾਮ ਕ੍ਰਿਸ਼ਨ ਸਿੰਘ ਨੇ ਭਾਖੜਾ ਬਨਣ ਤੋਂ ਪਹਿਲਾਂ ਵਾਲੀ ਸਮਾਣਾ ਨੂੰ ਜਾਂਦੀ ਕੱਚੀ ਨਹਿਰ 'ਚ ਲਾਸ਼ਾਂ ਤੈਰਦੀਆਂ ਆਪਣੇ ਅੱਖੀਂ ਦੇਖੀਆਂ ਸਨ।

ਉਨ੍ਹਾਂ ਦੇ ਪੋਤਰੇ ਤੇ ਪਟਿਆਲਾ ਦੇ ਏ.ਪੀ.ਆਰ.ਓ. ਹਰਦੀਪ ਸਿੰਘ ਨੇ ਕਿਹਾ ਕਿ ਮਿਹਨਤ, ਮੁਸ਼ੱਕਤ, ਦਲੇਰੀ ਤੇ ਮਨੁੱਖਤਾ ਦੇ ਮੁਜੱਸਮੇ ਬਾਪੂ ਰਾਮ ਕ੍ਰਿਸ਼ਨ ਸਿੰਘ ਦੇ ਦੇਹਾਂਤ ਨਾਲ ਇੱਕ ਯੁੱਗ ਦਾ ਅੰਤ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਬਾਪੂ ਜੀ ਦੀਆਂ ਸਿੱਖਿਆਵਾਂ ਉਨ੍ਹਾਂ ਨੂੰ ਸਦਾ ਪ੍ਰੇਰਤ ਕਰਦੀਆਂ ਰਹਿਣਗੀਆਂ ਅਤੇ ਉਨ੍ਹਾਂ ਨਮਿਤ ਅੰਤਮ ਅਰਦਾਸ 6 ਜੁਲਾਈ ਦਿਨ ਐਤਵਾਰ ਨੂੰ ਦੁਪਹਿਰ 12.30 ਤੋਂ 1.30 ਵਜੇ ਸਮਾਣਾ-ਪਟਿਆਲਾ ਰੋਡ 'ਤੇ ਪੈਂਦੇ ਪਿੰਡ ਢੈਂਠਲ ਦੇ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।

ਬਾਪੂ ਜੀ ਦੇ ਪੋਤਰੇ ਅਤੇ ਅਮਰੀਕਾ ਦੀਆਂ ਕੈਲੀਫੋਰਨੀਆ ਅਤੇ ਸਟੈਂਫੋਰਡ ਯੂਨੀਵਰਸਿਟੀਆਂ 'ਚ ਪੜ੍ਹਾਉਂਦੇ ਪ੍ਰੋਫੈਸਰ ਡਾ. ਕੁਲਦੀਪ ਸਿੰਘ ਨੇ ਦੱਸਿਆ ਕਿ ਬਾਪੂ ਜੀ ਨੂੰ ਉਨ੍ਹਾਂ ਨੂੰ ਆਪਣੀ ਮਿੱਟੀ ਨਾਲ ਅੰਤਾਂ ਦਾ ਮੋਹ ਸੀ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਹੇਰਵਾਂ ਸੀ ਕਿ ਸਾਡੇ ਮੁੰਡੇ ਪੰਜਾਬ ਛੱਡ-ਛੱਡਕੇ ਵਿਦੇਸ਼ਾਂ ਨੂੰ ਜਾ ਰਹੇ ਹਨ ਜਦਕਿ ਸਾਡਾ ਦੇਸ਼ ਸਾਨੂੰ ਸਭ ਕੁਝ ਦੇਣ ਦੇ ਸਮਰੱਥ ਹੈ। ਉਹ ਚਾਹੁੰਦੇ ਸਨ ਕਿ ਸਾਡੇ ਬੱਚੇ ਨਸ਼ਿਆਂ ਤੋਂ ਦੂਰ ਰਹਿਕੇ ਇੱਥੇ ਹੀ ਆਪਣੇ ਪਰਿਵਾਰਾਂ ਕੋਲ ਵੱਸਣ ਤੇ ਸੂਬੇ ਨੂੰ ਤਰੱਕੀਆਂ ਦੀਆਂ ਲੀਹਾਂ ਵੱਲ ਤੋਰਨ। ਪਿੰਡ ਢੈਂਠਲ ਰਹਿੰਦੇ ਉਨ੍ਹਾਂ ਦੇ ਪੋਤਰੇ ਗੁਰਚਰਨ ਸਿੰਘ ਨੇ ਦੱਸਿਆ ਕਿ ਅੰਤਿਮ ਸਮੇਂ ਬਾਪੂ ਜੀ ਨੇ ਸ੍ਰੀ ਦਰਬਾਰ ਸਾਹਿਬ ਤੋਂ ਲਿਆਂਦਾ ਜਲ ਛਕਿਆ ਅਤੇ ਵਾਹਿਗੁਰੂ ਵਾਹਿਗੁਰੂ ਕਰਦੇ ਹੋਏ ਸੰਤਾਂ ਦੀ ਤਰ੍ਹਾਂ ਸਵਾਸ ਤਿਆਗੇ ਅਤੇ ਅੰਤਿਮ ਸਸਕਾਰ ਤੱਕ ਉਨ੍ਹਾਂ ਦੇ ਚਿਹਰੇ ਦਾ ਜਲੌਅ ਦੇਖਣ ਵਾਲਾ ਸੀ।

# ਐਸ.ਐਸ.ਪੀ. ਦਫ਼ਤਰ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਦੇ ਦੋਸ਼ ਹੇਠ ਡੀਐਸਪੀ ਫਰੀਦਕੋਟ ਰਾਜਨਪਾਲ ਮੁਅੱਤਲ ਅਤੇ ਗ੍ਰਿਫ਼ਤਾਰ

**ਚੰਡੀਗੜ੍ਹ/ਫਰੀਦਕੋਟ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ-ਸਹਿਣਸ਼ੀਲਤਾ ਨੀਤੀ ਦੀ ਦ੍ਰਿੜਤਾ ਨਾਲ ਪਾਲਣਾ ਕਰਦਿਆਂ ਡਿਪਟੀ ਸੁਪਰਡੈਂਟ ਆਫ਼ ਪੁਲਿਸ (ਡੀਐਸਪੀ) ਕ੍ਰਾਈਮ ਅਗੇਂਸਟ ਵੂਮੈਨ (ਸੀ.ਏ.ਡਬਲਯੂ.) ਫਰੀਦਕੋਟ ਰਾਜਨਪਾਲ ਨੂੰ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਫਰੀਦਕੋਟ ਦਫ਼ਤਰ ਨੂੰ ਰਿਸ਼ਵਤ ਦੇਣ ਦੀ ਕੋਸਿ ?ਸ਼ ਦੇ ਦੋਸ਼ ਤਹਿਤ ਮੁਅੱਤਲ ਕਰ ਦਿੱਤਾ ਗਿਆ ਹੈ।

ਜਾਣਕਾਰੀ ਅਨੁਸਾਰ ਕੁਝ ਦਿਨ ਪਹਿਲਾਂ, ਐਸਐਸਪੀ ਫਰੀਦਕੋਟ ਨੂੰ ਡੀਐਸਪੀ ਰਾਜਨਪਾਲ ਵਿਰੁੱਧ ਸਿ ?ਕਾਇਤ ਮਿਲੀ ਸੀ,ਜਿਸ ਵਿੱਚ ਪੀੜਤ ਧਿਰ ਨੇ ਉਸ ਤੇ ਵਿਆਹ ਸਬੰਧੀ ਝਗੜੇ ਨੂੰ ਸੁਲਝਾਉਣ ਲਈ ਪੈਸੇ ਲੈਣ ਦਾ ਦੋਸ਼ ਲਗਾਇਆ ਸੀ ਅਤੇ ਡੀਐਸਪੀ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਸੀ।

ਇਸ ਸਬੰਧੀ ਵੇਰਵੇ ਸਾਂਝੇ ਕਰਦਿਆਂ ਪੰਜਾਬ ਪੁਲਿਸ ਦੇ ਬੁਲਾਰੇ ਨੇ ਕਿਹਾ ਕਿ ਦੋਸ਼ੀ ਡੀਐਸਪੀ ਰਾਜਨਪਾਲ ਨੇ ਆਪਣੇ ਵਿਰੁੱਧ ਦਰਜ ਸ਼ਿਕਾਇਤ ਦਾ ਨਿਪਟਾਰਾ ਕਰਨ ਲਈ ਐਸਐਸਪੀ ਦਫ਼ਤਰ ਨੂੰ 1 ਲੱਖ ਰੁਪਏ ਦੀ ਰਿਸ਼ਵਤ ਦੇਣ ਦੀ ਕੋਸਿ ?ਸ਼ ਕੀਤੀ ।

ਬੁਲਾਰੇ ਨੇ ਕਿਹਾ ਕਿ ਫਰੀਦਕੋਟ ਪੁਲਿਸ ਨੇ ਦੋਸ਼ੀ ਡੀਐਸਪੀ ਵਿਰੁੱਧ ਤੁਰੰਤ ਅਤੇ ਸਖ਼ਤ ਕਾਰਵਾਈ ਕਰਦੇ ਹੋਏ ਅਪਰਾਧਿਕ ਮਾਮਲਾ ਦਰਜ ਕਰਕੇ ਉਸਨੂੰ ਗ੍ਰਿਫਤਾਰ ਕਰ ਲਿਆ ਹੈ। ਬੁਲਾਰੇ ਨੇ ਅੱਗੇ ਕਿਹਾ ਕਿ ਦੋਸ਼ੀ ਅਧਿਕਾਰੀ ਵਿਰੁੱਧ ਪੰਜਾਬ ਸਿਵਲ ਸੇਵਾਵਾਂ ਨਿਯਮਾਂ ਅਨੁਸਾਰ ਸਖ਼ਤ ਵਿਭਾਗੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

ਬੁਲਾਰੇ ਨੇ ਕਿਹਾ ,"ਪੰਜਾਬ ਸਰਕਾਰ ਪੁਲਿਸ ਫੋਰਸ ਵਿੱਚ ਇਮਾਨਦਾਰੀ ਅਤੇ ਜਵਾਬਦੇਹੀ ਦੇ ਸਿਖ਼ਰਲੇ ਮਿਆਰਾਂ ਨੂੰ ਬਣਾਈ ਰੱਖਣ ਲਈ ਵਚਨਬੱਧ ਹੈ। ਭ੍ਰਿਸ਼ਟ ਅਭਿਆਸਾਂ ਵਿੱਚ ਸ਼ਾਮਲ ਪਾਏ ਜਾਣ ਵਾਲੇ ਕਿਸੇ ਵੀ ਅਧਿਕਾਰੀ ਵਿਰੁੱਧ ਸਖ਼ਤ ਕਾਨੂੰਨੀ ਅਤੇ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ । ਇਸ ਸਬੰਧ ਵਿੱਚ ਪੁਲਿਸ ਥਾਣਾ ਸਿਟੀ ਫਰੀਦਕੋਟ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਅਤੇ 8 ਤਹਿਤ ਐਫਆਈਆਰ ਨੰਬਰ 289 ਮਿਤੀ 04/07/2025 ਨੂੰ ਕੇਸ ਦਰਜ ਕੀਤਾ ਗਿਆ ਹੈ।

# ਪੰਜਾਬ ਵਰਗੇ ਖੇਤੀਬਾੜੀ ਰਾਜਾਂ ਨੂੰ ਲਾਭ ਪਹੁੰਚਾਉਣ ਲਈ ਜੀ.ਐਸ.ਟੀ ਪ੍ਰਣਾਲੀ ਵਿੱਚ ਸੁਧਾਰ ਦੀ ਲੋੜ: ਵਿੱਤ ਮੰਤਰੀ ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**




ਨਵੀਂ ਦਿੱਲੀ ਵਿੱਚ ਹੋਈ ਵਸਤੂਆਂ ਅਤੇ ਸੇਵਾਵਾਂ ਟੈਕਸ (ਜੀਐਸਟੀ) ਤੋਂ ਮਾਲੀਏ ਦੇ ਵਿਸ਼ਲੇਸ਼ਣ ਬਾਰੇ ਮੰਤਰੀ ਸਮੂਹ ਦੀ ਪਹਿਲੀ ਮੀਟਿੰਗ ਦੌਰਾਨ 1 ਜੁਲਾਈ, 2017 ਨੂੰ ਜੀ.ਐਸ.ਟੀ ਲਾਗੂ ਹੋਣ ਤੋਂ ਬਾਅਦ ਸੂਬੇ ਦੇ ਮਾਲੀਏ ਬਾਰੇ ਵਿਆਪਕ ਤੇ ਸੰਖੇਪ ਜਾਣਕਾਰੀ ਪੇਸ਼ ਕਰਦਿਆਂ, ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਜੀ.ਐਸ.ਟੀ ਪ੍ਰਣਾਲੀ ਵਿੱਚ ਢਾਂਚਾਗਤ ਤਬਦੀਲੀਆਂ ਲਿਆਉਣ 'ਤੇ ਜ਼ੋਰ ਦਿੱਤਾ ਅਤੇ ਮਾਲੀਆ ਵਧਾਉਣ ਲਈ ਨੀਤੀਗਤ ਸਿਫਾਰਸ਼ਾਂ ਦਾ ਪ੍ਰਸਤਾਵ ਦਿੱਤਾ, ਜਿਸ ਵਿੱਚ ਜੀ.ਐਸ.ਟੀ ਢਾਂਚੇ ਅਧੀਨ ਅਨਾਜ ਸ਼ਾਮਲ ਕਰਨ, ਇਨਵਰਟਿਡ ਡਿਊਟੀ ਢਾਂਚੇ ਨੂੰ ਘਟਾਉਣ ਜਾਂ ਰੱਦ ਕਰਨਾ, ਅਤੇ ਈ-ਵੇਅ ਬਿੱਲ ਜਨਰੇਸ਼ਨ ਅਤੇ ਈ-ਇਨਵੌਇਸਿੰਗ ਨੂੰ ਲਾਜ਼ਮੀ ਬਣਾਉਣਾ ਆਦਿ ਸ਼ਾਮਲ ਹਨ। ਉਨ੍ਹਾਂ ਇਹ ਵੀ ਸੁਝਾਅ ਦਿੱਤਾ ਕਿ ਡੇਟਾ ਵਿਸ਼ਲੇਸ਼ਣ ਅਤੇ ਟੈਕਸ ਚੋਰੀ ਅਤੇ ਪਾਲਣਾ ਦੇ ਮੁੱਦਿਆਂ ਦਾ ਪਤਾ ਲਗਾਉਣ ਲਈ ਸਾਰੇ ਰਾਜਾਂ ਅਤੇ ਕੇਂਦਰੀ ਟੈਕਸ ਅਥਾਰਟੀ ਨੂੰ ਪਹੁੰਚ ਮੁਹੱਈਆ ਕਰਵਾਉਣ ਵਾਲਾ ਇੱਕ ਏਕੀਕ੍ਰਿਤ ਪਲੇਟਫਾਰਮ ਵਿਕਸਤ ਕੀਤਾ ਜਾਵੇ।

ਜੀਐਸਟੀ ਲਾਗੂ ਹੋਣ ਤੋਂ ਬਾਅਦ ਵੱਖ-ਵੱਖ ਟੈਕਸਾਂ ਦੇ ਇਸ ਵਿੱਚ ਸਮਾਉਣ ਕਾਰਨ ਪੰਜਾਬ ਨੂੰ ਹੋਏ ਮਹੱਤਵਪੂਰਨ ਮਾਲੀਆ ਘਾਟੇ ਦਾ ਜਿਕਰ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇੱਕ ਖੇਤੀਬਾੜੀ ਪ੍ਰਧਾਨ ਅਰਥਵਿਵਸਥਾ ਹੋਣ ਦੇ ਨਾਤੇ, ਪੰਜਾਬ ਅਨਾਜ (ਕਣਕ ਅਤੇ ਚੌਲ) ਦੀ ਵਿਕਰੀ 'ਤੇ ਖਰੀਦ ਟੈਕਸ ਅਤੇ ਬੁਨਿਆਦੀ ਢਾਂਚਾ ਵਿਕਾਸ ਫੀਸ (ਆਈਡੀ ਫੀਸ) 'ਤੇ ਬਹੁਤ ਜ਼ਿਆਦਾ ਨਿਰਭਰ ਕਰਦਾ ਸੀ ਅਤੇ 2015-16 ਵਿੱਚ 3,094 ਕਰੋੜ ਰੁਪਏ ਇਕੱਠੇ ਕੀਤੇ, ਜੋ ਕਿ ਇਸਦੇ ਕੁੱਲ ਟੈਕਸ ਮਾਲੀਏ ਦਾ 16.55% ਸੀ, ਅਤੇ ਇਹਨਾਂ ਟੈਕਸਾਂ ਦੇ ਜੀ.ਐਸ.ਟੀ ਵਿੱਚ ਸਮਾਉਣ ਦੇ ਨਤੀਜੇ ਵਜੋਂ ਸੂਬੇ ਨੂੰ ਮਾਲੀਆ ਪ੍ਰਾਪਤੀ ਵਿੱਚ ਸਥਾਈ ਨੁਕਸਾਨ ਹੋਇਆ। ਉਨ੍ਹਾਂ ਨੇ ਕੇਂਦਰੀ ਵਿਕਰੀ ਟੈਕਸ (ਸੀਐਸਟੀ) ਦੇ ਸਮਾਪਤ ਹੋਣ ਤੋਂ ਹੋਏ ਨੁਕਸਾਨ ਵੱਲ ਵੀ ਧਿਆਨ ਦਿਵਾਇਆ, ਜਿਸ ਨੇ ਸਾਲ 2015-16 ਵਿੱਚ ਪੰਜਾਬ ਦੇ ਮਾਲੀਏ ਵਿੱਚ 568 ਕਰੋੜ ਰੁਪਏ ਦਾ ਯੋਗਦਾਨ ਪਾਇਆ ਸੀ।

ਇਸ ਤੋਂ ਇਲਾਵਾ, ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਵੈਟ ਪ੍ਰਣਾਲੀ ਦੌਰਾਨ ਪੰਜਾਬ ਵਿੱਚ ਜੀ.ਐਸ.ਟੀ ਪ੍ਰਣਾਲੀ ਦੇ ਮੁਕਾਬਲੇ ਮਾਲੀਆ ਪ੍ਰਾਪਤੀਆਂ ਕਿਤੇ ਵੱਧ ਸਨ। ਵਿੱਤ ਮੰਤਰੀ ਨੇ ਜੁਲਾਈ 2017 ਤੋਂ ਪੰਜਾਬ ਦੇ ਜੀਐਸਟੀ ਮਾਲੀਆ ਦੀ ਵਾਧਾ ਦਰ, ਅਧਾਰ ਸਾਲ 'ਤੇ 14% ਵਿਕਾਸ ਦਰ ਦੇ ਅਧਾਰ 'ਤੇ ਅਨੁਮਾਨਿਤ ਮਾਲੀਏ ਨਾਲੋਂ ਲਗਾਤਾਰ ਘੱਟ ਰਹਿਣ 'ਤੇ ਵੀ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਜੀ.ਐਸ.ਟੀ ਲਾਗੂ ਨਾ ਕੀਤਾ ਜਾਂਦਾ ਤਾਂ ਪੰਜਾਬ ਦੀ ਮਾਲੀਆ ਸਥਿਤੀ 10% ਸੀ.ਏ.ਜੀ.ਆਰ ਵਿਕਾਸ ਦਰ ਨਾਲ ਵੀ ਬਿਹਤਰ ਹੁੰਦੀ। ਉਨ੍ਹਾਂ ਕਿਹਾ ਕਿ ਜੀ.ਐਸ.ਟੀ ਪ੍ਰਣਾਲੀ ਲਾਗੂ ਹੋਣ ਕਾਰਨ 1 ਜੁਲਾਈ 2022 ਤੋਂ ਪੰਜਾਬ ਨੂੰ 47037 ਕਰੋੜ ਰੁਪਏ ਦੇ ਮਾਲੀਆ ਘਾਟੇ ਦਾ ਸਾਹਮਣਾ ਕਰਨਾ ਪਿਆ ਹੈ। ਉਨ੍ਹਾਂ ਕਿਹਾ ਕਿ ਖੇਤੀਬਾੜੀ 'ਤੇ ਨਿਰਭਰ ਰਾਜਾਂ, ਜਿਵੇਂ ਕਿ ਪੰਜਾਬ, ਨੂੰ ਅਨਾਜ 'ਤੇ ਖਰੀਦ ਟੈਕਸ ਦੇ ਸਮਾਪਤ ਹੋਣ ਕਾਰਨ ਮਾਲੀਏ ਨੂੰ ਹੋਏ ਸਥਾਈ ਨੁਕਸਾਨ ਦੀ ਭਰਪਾਈ ਮੁਆਵਜੇ ਰਾਹੀਂ ਕੀਤੀ ਜਾਣੀ ਚਾਹੀਦੀ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਦੇ ਪ੍ਰਮੁੱਖ ਉਦਯੋਗਿਕ ਖੇਤਰ, ਜਿਵੇਂ ਕਿ ਖੇਤੀਬਾੜੀ ਸੰਦ, ਸਾਈਕਲ ਅਤੇ ਸਾਈਕਲ ਪਾਰਟਸ, ਅਤੇ ਹੌਜ਼ਰੀ ਸਾਮਾਨ, ਉੱਚ ਕੁੱਲ ਟਰਨਓਵਰ ਦਿਖਾਉਂਦੇ ਹਨ ਪਰ ਜੀ.ਐਸ.ਟੀ ਮਾਲੀਏ ਵਿੱਚ ਅਨੁਪਾਤਕ ਵਾਧਾ ਨਹੀਂ ਦਿਖਾਉਂਦੇ। ਇਹ ਮੁੱਖ ਤੌਰ 'ਤੇ ਜੀਐਸਟੀ ਇੱਕ ਮੰਜ਼ਿਲ-ਅਧਾਰਤ ਖਪਤ ਟੈਕਸ ਹੋਣ ਕਾਰਨ ਹੈ, ਜਿਸ ਕਾਰਨ ਆਈ.ਜੀ.ਐਸ.ਟੀ ਦੇਣਦਾਰੀ ਦੇ ਵਿਰੁੱਧ ਐਸ.ਜੀ.ਐਸ.ਟੀ ਇਨਪੁੱਟ ਟੈਕਸ ਕ੍ਰੈਡਿਟ ਦੀ ਵਿਵਸਥਾ ਰਾਹੀਂ ਪੰਜਾਬ ਤੋਂ ਮਾਲੀਆ ਬਾਹਰ ਚਲੇ ਜਾਂਦਾ ਹੈ।

ਜੀ.ਐਸ.ਟੀ ਤਹਿਤ ਇਨਵਰਟਿਡ ਡਿਊਟੀ ਢਾਂਚੇ ਨੂੰ ਘਟਾਉਣ ਜਾਂ ਰੱਦ ਕਰਨ ਲਈ ਨੀਤੀਗਤ ਦਖਲਅੰਦਾਜ਼ੀ ਦੀ ਮੰਗ ਕਰਦੇ ਹੋਏ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਕਾਰਨ ਸੂਬੇ ਨੂੰ ਕਾਫ਼ੀ ਵਾਪਸੀ ਕਰਨ ਪੈਂਦੀ ਹੈ ਜਦੋਂ ਕਿ ਨਕਦੀ ਮਾਲੀਆ ਪ੍ਰਾਪਤੀਆਂ ਘੱਟ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਇਨਵਰਟਿਡ ਡਿਊਟੀ ਢਾਂਚੇ ਅਤੇ ਨਿਰਯਾਤ ਕਾਰਨ ਪੰਜਾਬ ਵੱਲੋਂ ਹਰ ਸਾਲ ਲਗਭਗ 1,200 ਕਰੋੜ ਰੁਪਏ ਦੇ ਰਿਫੰਡ ਕੀਤੇ ਜਾਂਦੇ ਹਨ, ਜਿਸ ਨਾਲ ਮਾਲੀਆ ਪ੍ਰਭਾਵਿਤ ਹੁੰਦਾ ਹੈ। ਹੋਰ ਸਿਫ਼ਾਰਸ਼ਾਂ ਵਿੱਚ ਥ ?ਰੈਸ਼ਹੋਲਡ ਦੀ ਪਰਵਾਹ ਕੀਤੇ ਬਿਨਾਂ ਕਰ ਚੋਰੀ-ਪ੍ਰਭਾਵਿਤ ਵਸਤੂਆਂ ਲਈ ਈ-ਵੇਅ ਬਿੱਲਾਂ ਨੂੰ ਲਾਜ਼ਮੀ ਬਣਾਉਣਾ, ਨਿਰਮਾਤਾਵਾਂ ਲਈ ਬੀ-2-ਬੀ ਸਪਲਾਈਆਂ ਲਈ ਅਤੇ ਬੀ-2-ਸੀ ਸਪਲਾਈ ਲਈ ਲਾਜ਼ਮੀ ਈ-ਇਨਵੌਇਸਿੰਗ, ਧੋਖਾਧੜੀ ਵਾਲੇ ਟੈਕਸਦਾਤਾਵਾਂ ਨੂੰ ਟਰੈਕ ਕਰਨ ਲਈ ਜੀ.ਐਸ.ਟੀ.ਐਨ ਅਤੇ ਈ-ਵੇਅ ਬਿੱਲਾਂ ਨਾਲ ਆਈ.ਪੀ ਐਡਰੈੱਸ ਦੀ ਲਾਜ਼ਮੀ ਮੈਪਿੰਗ, ਅਤੇ ਜੀਓ-ਫੈਂਸਿੰਗ ਦੀ ਸ਼ੁਰੂਆਤ ਕਰਨਾ ਸ਼ਾਮਲ ਹਨ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੇਂਦਰੀ ਅਤੇ ਰਾਜ ਟੈਕਸ ਅਥਾਰਟੀਆਂ ਦੋਵਾਂ ਲਈ ਵੱਖ-ਵੱਖ ਸਰਕਾਰੀ ਪੋਰਟਲਾਂ ਤੋਂ ਡੇਟਾ ਏਕੀਕਰਨ ਲਈ ਇੱਕ ਏਕੀਕ੍ਰਿਤ ਏਆਈ-ਅਧਾਰਤ ਪਲੇਟਫਾਰਮ ਦੇ ਵਿਕਾਸ, ਅਤੇ ਜੋਖਮ ਪ੍ਰੋਫਾਈਲਿੰਗ ਦੇ ਅਧਾਰ 'ਤੇ ਇਸਦੇ ਲਾਗੂ ਹੋਣ ਤੋਂ ਪਹਿਲਾਂ ਰਜਿਸਟਰਡ ਟੈਕਸਦਾਤਾਵਾਂ ਲਈ ਲਾਜ਼ਮੀ ਬਾਇਓਮੈਟ੍ਰਿਕ ਪ੍ਰਮਾਣੀਕਰਨ ਦੀ ਵੀ ਵਕਾਲਤ ਕੀਤੀ। ਅੰਤ ਵਿੱਚ ਉਨ੍ਹਾਂ ਨੇ ਜੀ.ਐਸ.ਟੀ.ਆਰ 3ਬੀ ਫਾਰਮਾਂ ਵਿੱਚ ਆਈ.ਟੀ.ਸੀ ਦਾਅਵਿਆਂ ਨੂੰ ਸਵੈਚਾਲਿਤ ਕਰਨ, ਧੋਖਾਧੜੀ ਵਾਲੇ ਦਾਅਵਿਆਂ ਨੂੰ ਘਟਾਉਣ ਲਈ ਜੀ.ਐਸ.ਟੀ.ਆਰ 2ਬੀ ਵਿੱਚ ਉਪਲਬਧ ਰਕਮ ਤੱਕ ਦਾਅਵਿਆਂ ਨੂੰ ਸੀਮਤ ਕਰਨ ਦਾ ਵੀ ਪ੍ਰਸਤਾਵ ਰੱਖਿਆ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਹ ਕਹਿੰਦਿਆਂ ਸਮਾਪਤੀ ਕੀਤੀ ਕਿ ਪੰਜਾਬ ਵੱਲੋਂ ਮਾਲੀਆ ਪ੍ਰਾਪਤੀਆਂ ਨੂੰ ਵਧਾਉਣ ਲਈ ਵੱਧ ਤੋਂ ਵੱਧ ਯਤਨ ਕਰਨ ਦੇ ਬਾਵਜੂਦ ਲਗਾਤਾਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਸੂਬੇ ਦੇ ਲੈਂਡਲੌਕ ਹੋਣ ਅਤੇ ਖੇਤੀਬਾੜੀ ਆਧਾਰਤ ਆਰਥਿਕਤਾ ਹੋਣ ਦੇ ਨਾਤੇ ਚੱਲ ਰਹੇ ਮਾਲੀਆ ਘਾਟੇ ਨੂੰ ਪੂਰਾ ਕਰਨ ਲਈ ਅਨਾਜ ਨੂੰ ਜੀ.ਐਸ.ਟੀ ਢਾਂਚੇ ਅਧੀਨ ਸ਼ਾਮਲ ਕਰਨ 'ਤੇ ਵਿਚਾਰ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

# ਪੰਜ ਦਿਨ ਪਹਿਲਾਂ ਲਾਪਤਾ ਹੋਏ ਨੌਜਵਾਨ ਦੀ ਲਾਸ਼ ਬਰਾਮਦ

**ਸਮਾਣਾ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜ ਦਿਨ ਪਹਿਲਾਂ ਲਾਪਤਾ ਹੋਏ ਇੱਕ ਨੌਜਵਾਨ ਦੀ ਲਾਸ਼ ਭਾਖੜਾ ਨਹਿਰ ਦੇ ਖਨੌਰੀ ਹੈੱਡ ਤੋਂ ਬਰਾਮਦ ਹੋਣ ਤੋਂ ਬਾਅਦ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦੀ ਗਈ। ਮ੍ਰਿਤਕ ਦੀ ਲਾਸ਼ ਦਾ ਪੋਸਟਮਾਰਟਮ ਕਰਵਾਉਣ ਪਹੁੰਚੇ ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲੀਸ ਦੇ ਏ.ਐਸਆਈ ਜੱਜਪਾਲ ਸਿੰਘ ਨੇ ਦੱਸਿਆ ਕਿ ਨਰੇਸ਼ ਕੁਮਾਰ (42) ਪੁੱਤਰ ਮੇਲਾ ਰਾਮ ਵਾਸੀ ਅਫਸਰ ਕਲੋਨੀ ਸਮਾਣਾ ਦੇ ਭਰਾ ਸਲਿੰਦਰ ਸਿੰਘ ਵੱਲੋਂ ਸਿਟੀ ਪੁਲੀਸ ਨੂੰ ਦਰਜ ਕਰਵਾਏ ਬਿਆਨ ਅਨੁਸਾਰ ਉਸ ਦਾ ਭਰਾ 29 ਜੂਨ ਨੂੰ ਬਿਨਾਂ ਦੱਸੇ ਅਚਾਨਕ ਘਰੋਂ ਚਲਾ ਗਿਆ ਸੀ। ਗੋਤਾਖੋਰਾਂ ਵੱਲੋਂ ਸੂਚਨਾ ਦੇਣ 'ਤੇ ਪਰਿਵਾਰ ਦੇ ਲੋਕ ਭਾਖੜਾ ਨਹਿਰ ਦੇ ਖਨੌਰੀ ਹੈੱਡ ਪਹੁੰਚੇ ਅਤੇ ਸ਼ਨਾਖਤ ਉਪਰੰਤ ਮ੍ਰਿਤਕ ਦੀ ਲਾਸ਼ ਨੂੰ ਸਮਾਣਾ ਲਿਆਂਦਾ ਗਿਆ। ਅਧਿਕਾਰੀ ਅਨੁਸਾਰ ਦਰਜ ਕਰਵਾਏ ਬਿਆਨ ਦੇ ਆਧਾਰ 'ਤੇ ਪੁਲੀਸ ਨੇ ਭਾਰਤੀ ਨਿਆ ਸੰਹਿਤਾ ਦੀ ਧਾਰਾ 194 ਤਹਿਤ ਪੋਸਟਮਾਰਟਮ ਉਪਰੰਤ ਲਾਸ਼ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤੀ ਹੈ।



# ਰੁਜ਼ਗਾਰ 'ਚ ਵੀ ਵਿਤਕਰਾ ਸਹਿੰਦੀਆਂ ਔਰਤਾਂ

**ਕੰਵਲਜੀਤ ਕੌਰ ਗਿੱਲ***
98551-22857

ਅੱਜ ਦੀ ਔਰਤ ਕੰਮਕਾਜ ਦੇ ਉਸ ਹਰ ਖੇਤਰ ਵਿਚ ਸ਼ਾਮਲ ਹੋ ਰਹੀ ਹੈ ਜਿਹੜੇ 30-40 ਸਾਲ ਪਹਿਲਾਂ ਕੁਝ ਸਮਾਜਿਕ ਕਾਰਨਾਂ ਜਾਂ ਬੰਦਿਸ਼ਾਂ ਕਾਰਨ ਉਸ ਲਈ ਵਰਜਿਤ ਸਨ। ਡਾਕਟਰ, ਨਰਸ, ਵਕੀਲ, ਅਧਿਆਪਕ ਵਜੋਂ ਕੰਮ ਕਰਨ ਤੋਂ ਇਲਾਵਾ ਬੈਂਕਾਂ, ਬਿਜਲੀ ਬੋਰਡ ਵਿੱਚ ਕਰਮਚਾਰੀ, ਫ਼ੌਜ ਅਤੇ ਹਵਾਈ ਜਹਾਜ਼ ਦੇ ਪਾਇਲਟ ਆਦਿ ਵਜੋਂ ਵੀ ਔਰਤ ਹਰੇਕ ਕਿੱਤੇ ਵਿੱਚ ਆਪਣੀ ਕਾਬਲੀਅਤ ਅਤੇ ਸਿਆਣਪ ਦੇ ਜੌਹਰ ਦਿਖਾ ਰਹੀ ਹੈ। ਕਾਰਜ ਕੁਸ਼ਲਤਾ ਜਾਂ ਪ੍ਰਦਰਸ਼ਨ ਦੇ ਕਿਸੇ ਵੀ ਪੈਮਾਨੇ 'ਤੇ ਪਰਖਦਿਆਂ ਉਹ ਮਰਦ ਤੋਂ ਘੱਟ ਨਹੀਂ ਹੈ। ਇਸ ਦੇ ਉਲਟ ਉਹ ਆਪਣੇ ਦਫ਼ਤਰੀ ਕੰਮਕਾਜ ਨੂੰ ਘਰ ਦੀਆਂ ਜ਼ਿੰਮੇਵਾਰੀਆਂ ਦੇ ਨਾਲ-ਨਾਲ ਸਫ਼ਲਤਾਪੂਰਵਕ ਨਿਭਾਅ ਰਹੀ ਹੈ। ਇਸ ਸਭ ਕੁਝ ਦੇ ਬਾਵਜੂਦ ਕੀ ਕਿਰਤ ਮੰਡੀ ਜਾਂ ਰੁਜ਼ਗਾਰ ਵਿੱਚ ਮਰਦ ਅਤੇ ਔਰਤ ਲਈ ਰੁਜ਼ਗਾਰ ਦੀਆਂ ਹਾਲਤਾਂ ਬਰਾਬਰ ਹਨ? ਕੀ ਇੱਕੋ ਜਿਹੇ ਕੰਮ ਬਦਲੇ ਉਨ੍ਹਾਂ ਨੂੰ ਇੱਕੋ ਜਿਹੀ ਤਨਖ਼ਾਹ/ ਅਦਾਇਗੀ/ ਮਜ਼ਦੂਰੀ ਮਿਲਦੀ ਹੈ? ਜਾਂ ਔਰਤਾਂ ਨੂੰ ਆਮ ਤੌਰ 'ਤੇ ਕਿਸ ਪ੍ਰਕਾਰ ਦੇ ਕੰਮ/ ਸੀਟ ਉਪਰ ਲਗਾਇਆ ਜਾਂਦਾ ਹੈ? ਸਮਾਜਿਕ ਸੁਰੱਖਿਆ ਦੇ ਨਾਮ 'ਤੇ ਕੰਮ ਦੀ ਸਥਿਰਤਾ ਜਾਂ ਲਗਾਤਾਰਤਾ, ਪੈਨਸ਼ਨਯੋਗ ਕੰਮ ਆਦਿ ਵਿੱਚ ਕਿੰਨੀ ਕੁ ਬਰਾਬਰੀ ਹੈ? ਇਹ ਕੁਝ ਸੁਆਲ ਹਨ ਜਿਹੜੇ ਅਜੋਕੇ ਬਦਲਦੇ ਹਾਲਾਤ ਵਿੱਚ 'ਪੱਖਪਾਤ ਰਹਿਤ ਸਮਾਜ' ਦੀ ਉਸਾਰੀ ਵਾਸਤੇ ਜੁਆਬ ਮੰਗਦੇ ਹਨ|

ਨੈਸ਼ਨਲ ਸੈਂਪਲ ਸਰਵੇ ਦੇ ਵੱਖ-ਵੱਖ ਮੌਕਿਆਂ 'ਤੇ ਕੀਤੇ ਅਧਿਐਨ ਅਤੇ ਅੰਕੜੇ ਦੱਸਦੇ ਹਨ ਕਿ ਪਿਛਲੇ ਦੋ ਦਹਾਕਿਆਂ ਤੋਂ ਔਰਤਾਂ ਦੀ ਰੁਜ਼ਗਾਰ ਦੇ ਵੱਖ ਵੱਖ ਰੂਪਾਂ ਵਿੱਚ ਸ਼ਮੂਲੀਅਤ ਘਟ ਰਹੀ ਹੈ। 2018-19 ਵਿੱਚ 15-59 ਸਾਲ ਦੀ ਉਮਰ ਦੀਆਂ ਔਰਤਾਂ ਦੀ ਰੁਜ਼ਗਾਰ ਵਿੱਚ ਸ਼ਮੂਲੀਅਤ ਦਰ 25 ਫ਼ੀਸਦੀ ਦਰਜ ਕੀਤੀ ਗਈ ਜਿਹੜੀ 2004-05 ਵਿਚ 44.2 ਫ਼ੀਸਦੀ ਸੀ ਅਤੇ 2009-10 ਦੌਰਾਨ ਘਟ ਕੇ 33.6 ਅਤੇ 2011-12 ਵਿੱਚ 32.3 ਫ਼ੀਸਦੀ ਰਹਿ ਗਈ ਸੀ। ਰੁਜ਼ਗਾਰ ਦੇ ਮੌਕੇ ਘੱਟ ਹੋਣ ਕਾਰਨ ਜ਼ਿਆਦਾ (60-61 ਫ਼ੀਸਦੀ) ਔਰਤਾਂ ਸਵੈ-ਰੁਜ਼ਗਾਰ ਵਿੱਚ ਹਨ ਜਿਹੜੇ ਮੁੱਖ ਰੂਪ ਵਿੱਚ ਘਰਾਂ ਵਿੱਚ ਰਹਿੰਦਿਆਂ ਜਾਂ ਛੋਟੀਆਂ ਛੋਟੀਆਂ ਦੁਕਾਨਾਂ ਰਾਹੀਂ ਚਲਾਏ ਜਾਂਦੇ ਹਨ। ਕੁੱਲ ਕੰਮਕਾਜੀ ਔਰਤਾਂ ਦਾ ਲਗਪਗ 95 ਫ਼ੀਸਦੀ ਅਸੰਗਠਿਤ ਖੇਤਰ ਅਤੇ ਬਿਨਾਂ ਕਿਸੇ ਅਦਾਇਗੀ ਦੇ ਕੀਤੇ ਜਾਣ ਵਾਲੇ ਘਰੇਲੂ ਕੰਮ ਵਿੱਚ ਹੈ ਜਿੱਥੇ ਉਨ੍ਹਾਂ ਨੂੰ ਕੋਈ ਨਿਸ਼ਚਿਤ ਆਮਦਨ ਅਤੇ ਕੰਮ ਦੀ ਸੁਰੱਖਿਆ ਨਹੀਂ ਹੈ। ਪੱਕੇ, ਰੈਗੂਲਰ ਤੌਰ 'ਤੇ ਕੰਮਕਾਜੀ ਔਰਤਾਂ ਦੀ ਗਿਣਤੀ ਸਿਰਫ਼ 9-10 ਫ਼ੀਸਦੀ ਹੈ ਜਿਨ੍ਹਾਂ ਨੂੰ ਕੰਮ ਬਦਲੇ ਤਨਖ਼ਾਹ ਮਿਲਦੀ ਹੈ। ਇਹੀ ਕਾਰਨ ਹੈ ਕਿ ਵਿਸ਼ਵ ਪੱਧਰ 'ਤੇ ਕੁੱਲ ਕੰਮ ਵਿਚੋਂ 66 ਫ਼ੀਸਦੀ ਔਰਤਾਂ ਵੱਲੋਂ ਨਿਭਾਇਆ ਜਾਂਦਾ ਹੈ, ਉਨ੍ਹਾਂ ਨੂੰ ਤਨਖ਼ਾਹ/ ਮਜ਼ਦੂਰੀ ਦਾ ਮਹਿਜ਼ 10 ਫ਼ੀਸਦੀ ਮਿਲਦਾ ਹੈ ਤੇ ਕੁੱਲ ਜਾਇਦਾਦ ਦੇ ਸਿਰਫ਼ ਸੌਵੇਂ ਹਿੱਸੇ ਭਾਵ 1 ਫ਼ੀਸਦੀ ਦੀ ਮਾਲਕੀ ਹੈ। ਪੇਂਡੂ ਖੇਤਰਾਂ ਵਿੱਚ ਕੁੱਲ ਕੰਮਕਾਜੀ ਔਰਤਾਂ ਦਾ 80 ਫ਼ੀਸਦੀ ਹਿੱਸਾ ਖੇਤੀਬਾੜੀ ਵਿੱਚ ਹੈ। ਖੇਤੀਬਾੜੀ ਨਾਲ ਸਬੰਧਿਤ ਬਹੁਤੇ ਕਾਰਜ ਔਰਤਾਂ ਵੱਲੋਂ ਨਿਭਾਏ ਜਾਂਦੇ ਹਨ। ਪਿੰਡਾਂ ਦੇ ਮਰਦ ਥੋੜ੍ਹੀ ਬਹੁਤ ਸਿੱਖਿਆ ਪ੍ਰਾਪਤੀ ਉਪਰੰਤ ਕੰਮ ਦੀ ਭਾਲ ਵਿੱਚ ਸ਼ਹਿਰ ਵਿੱਚ ਚਲੇ ਜਾਂਦੇ ਹਨ ਅਤੇ ਪਿੱਛੋਂ ਖੇਤੀਬਾੜੀ ਤੇ ਇਸ ਨਾਲ ਸਬੰਧਿਤ ਹੋਰ ਕਾਰਜ ਔਰਤਾਂ ਨਿਭਾਉਂਦੀਆਂ ਹਨ। ਇਸ ਲਈ ਪੇਂਡੂ ਖੇਤਰ ਵਿੱਚ ਅਨਪੜ੍ਹ ਜਾਂ ਘੱਟ ਪੜ੍ਹੀਆਂ ਲਿਖੀਆਂ ਔਰਤਾਂ ਦੀ ਕੰਮ ਵਿੱਚ ਸ਼ਮੂਲੀਅਤ ਵਧ ਰਹੀ ਹੈ। ਕੁੱਲ ਖੇਤੀਬਾੜੀ ਦੇ ਕਿਸਾਨ/ਮਜ਼ਦੂਰ ਵਰਗ ਦਾ 42 ਫ਼ੀਸਦੀ ਔਰਤਾਂ ਹਨ। ਇੱਥੇ ਔਰਤਾਂ ਦੀ ਦਿਹਾੜੀ ਮਰਦਾਂ ਦੇ ਮੁਕਾਬਲੇ ਤਿੰਨ-ਚੌਥਾਈ ਹੈ। ਸ਼ਹਿਰੀ ਖੇਤਰਾਂ ਵਿੱਚ ਭਵਨ ਨਿਰਮਾਣ ਆਦਿ ਦੇ ਕਾਰਜ ਵਿੱਚ ਵੀ ਔਰਤਾਂ ਨੂੰ ਮਰਦਾਂ ਦੇ ਮੁਕਾਬਲੇ ਘੱਟ ਦਿਹਾੜੀ ਮਿਲਦੀ ਹੈ। ਨਿੱਜੀ ਅਦਾਰਿਆਂ ਜਾਂ ਕੰਪਨੀਆਂ ਆਦਿ ਵਿੱਚ ਕੰਮ ਕਰਦੀਆਂ ਪੜ੍ਹੀਆਂ ਲਿਖੀਆਂ ਔਰਤਾਂ ਦਾ ਤਨਖ਼ਾਹ ਪੈਕੇਜ ਵੀ ਨਾਲ ਕੰਮ ਕਰਦੇ ਮਰਦਾਂ ਨਾਲੋਂ ਘੱਟ ਹੁੰਦਾ ਹੈ। ਪ੍ਰਾਈਵੇਟ ਸਕੂਲਾਂ, ਕਾਲਜਾਂ, ਹਸਪਤਾਲਾਂ/ ਕਲੀਨਿਕ ਵਿੱਚ ਰੈਗੂਲਰ ਸਟਾਫ ਨਾਲੋਂ ਕੱਚੇ/ਕੈਯੂਅਲ ਸਟਾਫ ਨੂੰ ਵੈਸੇ ਹੀ ਘੱਟ ਉਜਰਤ ਮਿਲਦੀ ਹੈ ਪਰ ਔਰਤ ਸਟਾਫ ਨਾਲ ਇੱਥੇ ਵੀ ਵਿਤਕਰਾ ਹੁੰਦਾ ਹੈ। ਘਰਾਂ ਵਿੱਚ ਸਾਫ਼-ਸਫ਼ਾਈ ਜਾਂ ਖਾਣਾ ਆਦਿ ਬਣਾਉਣ ਲਈ ਆਉਂਦੇ ਮਰਦ ਸਹਾਇਕ ਨੂੰ ਇਸੇ ਕੰਮ ਲਈ ਆਉਂਦੀ ਔਰਤ ਨਾਲੋਂ ਵਧੇਰੇ ਅਦਾਇਗੀ ਕੀਤੀ ਜਾਂਦੀ ਹੈ। ਭਾਵੇਂ ਭਾਰਤ ਦੇ ਸੰਵਿਧਾਨ ਦੀ ਧਾਰਾ 39 ਵਿੱਚ ਇਹ ਸਪਸ਼ਟ ਲਿਖਿਆ ਹੈ ਕਿ ਇੱਕੋ ਜਿਹੇ ਕੰਮ ਬਦਲੇ ਮਰਦ ਤੇ ਔਰਤ ਨੂੰ ਬਰਾਬਰ ਦੀ ਤਨਖ਼ਾਹ ਦਿੱਤੀ ਜਾਣੀ ਚਾਹੀਦੀ ਹੈ। 1976 ਦੇ 'ਬਰਾਬਰ ਮਿਹਨਤਾਨਾ ਕਾਨੂੰਨ' ਵਿੱਚ ਵੀ ਮਰਦ ਜਾਂ ਔਰਤ ਵੱਲੋਂ ਕੀਤੇ ਗਏ ਇੱਕੋ ਜਿਹੇ ਕੰਮ ਬਦਲੇ ਅਦਾਇਗੀ ਵਖਰੇਵੇਂ ਦੀ ਸਖ਼ਤ ਮਨਾਹੀ ਬਾਰੇ ਕਿਹਾ ਗਿਆ ਹੈ। ਪਰ ਸਰਕਾਰੀ ਅਦਾਰਿਆਂ ਵਿੱਚ ਕੰਮ ਕਰਦੇ ਕਰਮਚਾਰੀਆਂ ਅਤੇ ਮਨਰੇਗਾ ਸਕੀਮ ਅਧੀਨ ਦਿਹਾੜੀ 'ਤੇ ਲੱਗੇ ਕਾਮਿਆਂ ਨੂੰ ਛੱਡ ਕੇ ਬਾਕੀ ਲਗਪਗ ਹਰੇਕ ਸਥਾਨ 'ਤੇ ਅਦਾਇਗੀ ਵਖਰੇਵਾਂ ਮੌਜੂਦ ਹੈ।

> **ਸਮਾਜਿਕ ਵਿਤਕਰੇ ਦੇ ਨਾਲ ਨਾਲ ਰੁਜ਼ਗਾਰ ਵਿੱਚ ਹਿੱਸੇਦਾਰੀ, ਕੰਮ ਦੇ ਹਾਲਾਤ ਅਤੇ ਮਿਹਨਤਾਨੇ ਆਦਿ ਵਿੱਚ ਵੀ ਔਰਤਾਂ ਨਾਲ ਵਿਤਕਰਾ ਹੁੰਦਾ ਹੈ। ਮਰਦ ਪ੍ਰਧਾਨ ਸੋਚ ਅਤੇ ਪਿੱਤਰਸੱਤਾ ਕਿਤੇ ਪ੍ਰਤੱਖ ਤੇ ਕਿਤੇ ਅਪ੍ਰਤੱਖ ਰੂਪ ਵਿੱਚ ਔਰਤ ਦੇ ਸਥਾਨ ਨੂੰ ਦੂਜੈਲਾ ਬਣਾਉਂਦੇ ਹਨ। ਅਸੰਗਠਿਤ ਖੇਤਰ ਵਿੱਚ ਔਰਤਾਂ ਨਾਲ ਵਿਤਕਰਾ ਵਧੇਰੇ ਪ੍ਰਤੱਖ ਹੈ। ਮਰਦ ਪ੍ਰਧਾਨ ਸੋਚ ਵਿਚਲੀ ਸੂਖ਼ਮ ਹਿੰਸਾ ਦੇ ਨਕਸ਼ ਥਾਂ ਥਾਂ ਦਿਖਾਈ ਦਿੰਦੇ ਹਨ।**

ਰੁਜ਼ਗਾਰ ਮੰਡੀ ਵਿੱਚ ਤਨਖ਼ਾਹ/ ਮਜ਼ਦੂਰੀ ਵਖਰੇਵਾਂ ਹੀ ਨਹੀਂ ਸਗੋਂ ਔਰਤ ਹੋਣ ਕਰਕੇ ਔਰਤ ਨੂੰ ਹੋਰ ਵੀ ਕਈ ਪ੍ਰਕਾਰ ਦੀਆਂ ਅੜਚਣਾਂ ਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਕੋ ਜਿਹੀ ਵਿਦਿਅਕ ਯੋਗਤਾ ਹੋਣ ਦੇ ਬਾਵਜੂਦ ਇੰਟਰਵਿਊ ਦੌਰਾਨ ਊਨੀ-ਇੱਕੀ ਦਾ ਫ਼ਰਕ ਹੋਣ 'ਤੇ ਆਮ ਤੌਰ ਉੱਤੇ ਮਰਦ ਉਮੀਦਵਾਰ ਨੂੰ ਪਹਿਲ ਦਿੱਤੀ ਜਾਂਦੀ ਹੈ। ਇਸ ਦਾ ਕਾਰਨ ਸਪਸ਼ਟ ਹੈ ਕਿ ਜਿੱਥੇ ਔਰਤ ਮੁਲਾਜ਼ਮ 50 ਤੋਂ ਜ਼ਿਆਦਾ ਹੋਣਗੇ ਉੱਥੇ ਕਈ ਪ੍ਰਕਾਰ ਦੀਆਂ ਔਰਤ ਪੱਖੀ ਸਹੂਲਤਾਂ ਮੁਹੱਈਆ ਕਰਨੀਆਂ ਪੈਣਗੀਆਂ। ਇਹ ਸਰਕਾਰੀ ਅਦਾਰਿਆਂ ਵਿੱਚ ਤਾਂ ਸੰਭਵ ਹੈ ਪਰ ਨਿੱਜੀ ਅਦਾਰੇ ਇਸ ਨੂੰ ਫਾਲਤੂ ਦਾ ਖਰਚਾ ਸਮਝਦੇ ਹਨ। ਇਸ ਤੋਂ ਇਲਾਵਾ ਇੰਟਰਵਿਊ ਦੌਰਾਨ ਕਈ ਪ੍ਰਕਾਰ ਦੇ ਅਣਸੁਖਾਵੇਂ ਸੁਆਲ ਔਰਤ ਉਮੀਦਵਾਰ ਨੂੰ ਪੁੱਛੇ ਜਾਂਦੇ ਹਨ ਜਿਵੇਂ: ਵਿਆਹ ਉਪਰੰਤ ਤੁਸੀਂ ਜੌਬ ਛੱਡ ਜਾਵੋਗੇ, ਬੱਚਿਆਂ ਨੂੰ ਕੌਣ ਸੰਭਾਲੇਗਾ, ਜਾਂ ਇਹ ਕੰਮ ਤੁਹਾਡੀ ਯੋਗਤਾ ਅਨੁਸਾਰ ਛੋਟਾ ਹੈ ਆਦਿ। ਗੱਲ ਭਾਵੇਂ ਨਿੱਜੀ ਕੰਪਨੀਆਂ ਦੀ ਹੋਵੇ ਜਾਂ ਸਰਕਾਰੀ/ਅਰਧ ਸਰਕਾਰੀ ਬੈਂਕਾਂ ਦੀ, ਬਹੁਤ ਘੱਟ ਗਿਣਤੀ ਵਿੱਚ ਔਰਤਾਂ ਉੱਚ ਅਹੁਦਿਆਂ ਉੱਪਰ ਪਹੁੰਚਦੀਆਂ ਹਨ। ਕੰਮਕਾਜੀ ਸੰਸਥਾਵਾਂ ਉੱਪਰ ਹੁੰਦੀ ਸਰੀਰਕ, ਮਾਨਸਿਕ ਤੇ ਮਨੋਵਿਗਿਆਨਕ ਹਿੰਸਾ ਕਿਸੇ ਤੋਂ ਛੁਪੀ ਨਹੀਂ। ਘਰ ਤੋਂ ਚੱਲ ਕੇ ਕੰਮ ਵਾਲੇ ਸਥਾਨ 'ਤੇ ਪਹੁੰਚਣ ਲਈ ਕਿਸੇ ਆਟੋ-ਰਿਕਸ਼ਾ, ਬੱਸ ਜਾਂ ਰੇਲਗੱਡੀ ਰਾਹੀਂ ਰੋਜ਼ਾਨਾ ਸਫ਼ਰ ਕਰਨਾ ਵੀ ਆਸਾਨ ਨਹੀਂ ਹੈ। ਕੰਮਕਾਜੀ ਔਰਤ ਨੂੰ ਘਰ ਅਤੇ ਬਾਹਰ ਦੇ ਕੰਮ ਵਿੱਚ ਸੰਤੁਲਨ ਬਣਾ ਕੇ ਰੱਖਣਾ ਪੈਂਦਾ ਹੈ। ਸਮਾਜਿਕ ਸੁਰੱਖਿਆ ਤਹਿਤ ਆਉਂਦੀਆਂ ਸਾਧਾਰਨ ਸਹੂਲਤਾਂ ਪ੍ਰਤੀ ਵੀ ਜ਼ਿਆਦਾਤਰ ਨਿੱਜੀ ਅਦਾਰਿਆਂ ਦਾ ਨਜ਼ਰੀਆ ਲਾਪਰਵਾਹੀ ਵਾਲਾ ਹੈ। ਇੱਥੇ ਲਗਪਗ 74.3 ਫ਼ੀਸਦੀ ਔਰਤ ਕਰਮਚਾਰੀਆਂ ਕੋਲ ਭਰਤੀ ਕੀਤੇ ਜਾਣ ਸਬੰਧੀ ਲਿਖਤੀ ਰੂਪ ਵਿੱਚ ਕੋਈ ਕਾਰਡ ਆਦਿ ਨਹੀਂ ਹੁੰਦਾ। ਆਈ-ਟੀ ਖੇਤਰ ਵਿੱਚ ਔਰਤਾਂ ਨੂੰ ਆਮ ਤੌਰ 'ਤੇ ਡੈਟਾ ਪੰਚ/ਆਪਰੇਟਰ, ਦੇਖ-ਭਾਲ ਦੀਆਂ ਸੇਵਾਵਾਂ ਵਿੱਚ ਨਰਸ, ਪੈਰਾ ਮੈਡੀਕਲ ਸਟਾਫ, ਪ੍ਰਾਇਮਰੀ ਸਕੂਲ ਟੀਚਰ, ਕਲੀਨਿਕ ਦੇ ਪੁੱਛ-ਗਿੱਛ ਡੈਸਕ ਆਦਿ 'ਤੇ ਡਿਊਟੀ ਲਗਾਈ ਜਾਂਦੀ ਹੈ ਜਿੱਥੇ ਕੰਮ ਕਰਦਿਆਂ ਤਰੱਕੀ ਕਰਨ ਦੇ ਮੌਕੇ ਬਹੁਤ ਹੀ ਘੱਟ ਹੁੰਦੇ ਹਨ। ਔਰਤਾਂ ਵੱਲੋਂ 'ਸਾਰੀਆਂ ਰੋਕਾਂ ਨੂੰ ਪਾਰ ਕਰਨ' (ਟੂ ਬਰੇਕ ਦਿ ਗਲਾਸ ਸੀਲਿੰਗ) ਵਾਲਾ ਮੁਹਾਵਰਾ ਬਹੁਤ ਹੀ ਘੱਟ ਅਤੇ ਉਂਗਲਾਂ 'ਤੇ ਗਿਣਨ ਜੋਗੀਆਂ ਔਰਤਾਂ ਲਈ ਹੀ ਸਹੀ ਸਿੱਧ ਹੁੰਦਾ ਹੈ।

ਇਸ ਵਾਸਤੇ ਜ਼ਰੂਰੀ ਹੈ ਕਿ ਬਰਾਬਰ ਹਾਲਾਤ ਵਿੱਚ ਕੀਤੇ ਜਾਂਦੇ ਬਰਾਬਰ ਕੰਮ ਦੀ ਬਰਾਬਰ ਅਦਾਇਗੀ ਕਾਨੂੰਨੀ ਤੌਰ 'ਤੇ ਅਮਲੀ ਰੂਪ ਵਿੱਚ ਯਕੀਨੀ ਬਣਾਈ ਜਾਵੇ, ਕੰਮ ਕਰਨ ਦੇ ਸੰਵਿਧਾਨਕ ਹੱਕ ਨੂੰ ਪੂਰਨ ਸੁਹਿਰਦਤਾ ਨਾਲ ਲਾਗੂ ਕੀਤਾ ਜਾਵੇ, ਕੰਮਕਾਜੀ ਸਥਾਨਾਂ ਉਪਰ ਵਾਤਾਵਰਨ ਸੁਖਾਵਾਂ ਹੋਵੇ ਅਤੇ ਔਰਤਾਂ ਨੂੰ ਲੋੜੀਂਦੀਆਂ ਸਹੂਲਤਾਂ ਜਿਵੇਂ ਬਹੁਤ ਛੋਟੇ ਬੱਚਿਆਂ ਲਈ ਕਰੈਚ, ਔਰਤਾਂ ਲਈ ਵੱਖਰਾ ਪਖਾਨਾ, ਸਟਾਫ ਰੂਮ, ਲੋੜੀਂਦੀ ਪ੍ਰਸੂਤੀ ਛੁੱਟੀ ਆਦਿ ਪ੍ਰਦਾਨ ਕੀਤੀਆਂ ਜਾਣ। ਕਰਮਚਾਰੀਆਂ ਲਈ ਲੋੜੀਂਦੇ ਅਤੇ ਢੁਕਵੇਂ ਟਰਾਂਸਪੋਰਟ ਪ੍ਰਬੰਧ ਹੋਣ। 60 ਸਾਲ ਤੋਂ ਵਧੇਰੇ ਉਮਰ ਦੀਆਂ ਔਰਤਾਂ ਵਾਸਤੇ ਆਧਾਰ ਕਾਰਡ ਨਾਲ ਜੋੜ ਕੇ ਕੋਈ ਪੈਨਸ਼ਨ ਸਕੀਮ ਲਾਗੂ ਕੀਤੀ ਜਾਣੀ ਚਾਹੀਦੀ ਹੈ। ਕਿਰਤ ਮੰਡੀ ਵਿੱਚ ਔਰਤਾਂ ਦੀ ਸ਼ਮੂਲੀਅਤ ਵਧਾਉਣ ਵਾਸਤੇ ਸਿਹਤ, ਸਫ਼ਾਈ ਤੇ ਸਿੱਖਿਆ ਦੇ ਖੇਤਰ ਵੱਲ ਵਧੇਰੇ ਤਵੱਜੋ ਦਿੱਤੀ ਜਾਵੇ। ਜੇਕਰ ਔਰਤਾਂ ਦੀ ਰੁਜ਼ਗਾਰ ਵਿੱਚ ਭਾਗੀਦਾਰੀ ਵਧਦੀ ਹੈ ਤਾਂ ਦੇਸ਼ ਦੇ ਕੁੱਲ ਘਰੇਲੂ ਉਤਪਾਦ ਵਿੱਚ 27 ਫ਼ੀਸਦੀ ਤੱਕ ਦਾ ਵਾਧਾ ਹੋ ਸਕਦਾ ਹੈ ਜਿਹੜਾ ਸਥਾਈ ਵਿਕਾਸ ਉਦੇਸ਼ਾਂ, 2030 ਦਾ ਏਜੰਡਾ ਵੀ ਹੈ। ਪੰਜਾਬ ਵਿੱਚ ਬਣੀ ਨਵੀਂ ਸਰਕਾਰ ਤੋਂ ਲੋਕਾਂ ਨੂੰ ਬਹੁਤ ਉਮੀਦਾਂ ਹਨ। ਸਰਕਾਰੀ ਖੇਤਰਾਂ ਵਿੱਚ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਕੀਤੇ ਜਾਣ ਕਿਉਂਕਿ ਇਨ੍ਹਾਂ ਅਦਾਰਿਆਂ ਵਿੱਚ ਮਰਦ ਅਤੇ ਔਰਤ ਨੂੰ ਹੋਣ ਵਾਲੀ ਕੰਮ ਦੀ ਅਦਾਇਗੀ ਵਿੱਚ ਅੰਤਰ ਨਹੀਂ ਹੁੰਦਾ। ਸਰਕਾਰੀ ਸਿੱਖਿਆ ਪ੍ਰਣਾਲੀ ਨੂੰ ਮੁੜ ਪੈਰਾਂ ਸਿਰ ਕਰਨ ਦੀ ਜ਼ਰੂਰਤ ਹੈ ਜਿਸ ਵਿੱਚ ਕਿੱਤਾ ਮੁਖੀ ਵਿਸ਼ੇ ਵੀ ਪੜ੍ਹਾਏ ਜਾਣ ਤਾਂ ਕਿ ਪੰਜਾਬ ਦੀ ਨੌਜਵਾਨੀ ਇਨ੍ਹਾਂ ਅਦਾਰਿਆਂ ਵਿੱਚੋਂ ਸਿੱਖਿਆ ਅਤੇ ਲੋੜੀਂਦੀ ਮੁਹਾਰਤ ਗ੍ਰਹਿਣ ਕਰਨ ਉਪਰੰਤ ਜ਼ਰੂਰਤ ਅਨੁਸਾਰ ਰੁਜ਼ਗਾਰ ਪ੍ਰਾਪਤ ਕਰ ਸਕੇ। ਰੁਜ਼ਗਾਰ ਮੰਡੀ ਵਿੱਚ ਮੌਜੂਦ ਔਰਤਾਂ ਪ੍ਰਤੀ ਨਾਕਾਰਾਤਮਕ ਸੋਚ ਨੂੰ ਤਬਦੀਲ ਕਰਨਾ ਸਭ ਤੋਂ ਜ਼ਰੂਰੀ ਹੈ।

* ਪ੍ਰੋਫੈਸਰ (ਸੇਵਾਮੁਕਤ), ਅਰਥਸ਼ਾਸਤਰ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਨਰਸਾਂ ਦੀ ਸੇਵਾ ਹੀ ਹੈ ਪਛਾਣ

- ਨਰਿੰਦਰ ਪਾਲ ਸਿੰਘ



ਜਦੋਂ ਕੋਈ ਬਿਮਾਰ ਵਿਅਕਤੀ ਹਸਪਤਾਲ 'ਚ ਦਾਖ਼ਲ ਹੋ ਕੇ ਇਲਾਜ ਕਰਵਾਉਂਦਾ ਹੈ ਤਾਂ ਉਸ ਦੀ ਦੇਖ-ਰੇਖ ਨਰਸਿੰਗ ਸਟਾਫ ਵੱਲੋਂ ਕੀਤੀ ਜਾਂਦੀ ਹੈ। ਡਾਕਟਰ ਵੱਲੋਂ ਸੁਝਾਈਆਂ ਦਵਾਈਆਂ ਤੇ ਇਲਾਜ ਆਦਿ ਦੀ ਜ਼ਿੰਮੇਵਾਰੀ ਮੂਲ ਰੂਪ 'ਚ ਨਰਸਿੰਗ ਸਟਾਫ ਦੀ ਹੁੰਦੀ ਹੈ। ਪਿਛਲੇ ਸਮੇਂ 'ਚ ਜਦੋਂ ਪੂਰਾ ਵਿਸ਼ਵ ਕੋਵਿਡ-19 ਮਹਾਮਾਰੀ ਨਾਲ ਜੂਝ ਰਿਹਾ ਸੀ ਤਾਂ ਲੋਕਾਂ ਦੀ ਜਾਨ ਬਚਾਉਣ ਲਈ ਆਪਣੀ ਜਾਨ ਜੋਖ਼ਮ 'ਚ ਪਾਉਣ ਵਾਲੇ ਸਿਹਤ ਕਾਮਿਆਂ ਨੂੰ ਸਲੂਟ ਤਾਂ ਜ਼ਰੂਰ ਬਣਦਾ ਹੈ। ਭਾਵੇਂ ਹਰ ਵਰ੍ਹੇ 12 ਮਈ ਨੂੰ 'ਨਰਸ ਦਿਵਸ' ਵਜੋਂ ਮਨਾਇਆ ਜਾਂਦਾ ਹੈ ਪਰ ਇਸ ਕੌਮਾਂਤਰੀ ਸਿਹਤ ਐਮਰਜੈਂਸੀ ਮੌਕੇ ਇਸ ਦਿਹਾੜੇ ਦੀ ਮਹੱਤਤਾ ਹੋਰ ਵਧੇਰੇ ਹੋ ਜਾਂਦੀ ਹੈ। ਨਰਸਿੰਗ ਸਟਾਫ ਤੋਂ ਬਗ਼ੈਰ ਸਿਹਤ ਸੇਵਾਵਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਸਾਲ 1953 'ਚ ਅਮਰੀਕਾ ਦੇ ਸਿਹਤ, ਸਿੱਖਿਆ ਅਤੇ ਭਲਾਈ ਵਿਭਾਗ ਦੇ ਅਧਿਕਾਰੀ ਡੋਰਥੀ ਸੁਥਰਲੈਂਡ ਨੇ ਇਸ ਦਿਨ ਨੂੰ ਮਨਾਉਣ ਦਾ ਪ੍ਰਸਤਾਵ ਪੇਸ਼ ਕੀਤਾ, ਜਿਸ ਦਾ ਐਲਾਨ ਅਮਰੀਕਾ ਦੇ ਰਾਸ਼ਟਰਪਤੀ ਡਵਿੱਥ ਡੀ. ਆਈਸਨਹੋਵਰ ਨੇ ਕੀਤਾ। ਅੰਤਰਰਾਸ਼ਟਰੀ ਨਰਸ ਪ੍ਰੀਸ਼ਦ ਨੇ ਪਹਿਲੀ ਵਾਰ 1965 'ਚ ਨਰਸ ਦਿਵਸ ਮਨਾਇਆ। ਫਲੋਰੈਂਸ ਨਾਈਟੈਂਗੇਲ ਨੂੰ ਆਧੁਨਿਕ ਨਰਸਿੰਗ ਦੀ ਸੰਸਥਾਪਕ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਨੂੰ ਕ੍ਰੀਮੀਅਨ ਦੇ ਯੁੱਧ 'ਚ ਜ਼ਖ਼ਮੀ ਹੋਏ ਫ਼ੌਜੀਆਂ ਦੀ ਮੈਡੀਕਲ ਸਹਾਇਤਾ ਕਰਕੇ 'ਲੇਡੀ ਵਿਦ ਦਿ ਲੈਂਪ' ਵਜੋਂ ਵੀ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਆਪਣੇ ਸਹਾਇਕਾਂ ਸਮੇਤ ਜ਼ਖ਼ਮੀਆਂ ਨੂੰ ਮੈਡੀਕਲ ਸੇਵਾਵਾਂ ਦੇ ਕੇ ਵੱਡੀ ਗਿਣਤੀ 'ਚ ਜਾਨਾਂ ਨੂੰ ਬਚਾਉਣ ਵਿਚ ਮਦਦ ਕੀਤੀ ਸੀ। ਫਲੋਰੈਂਸ ਨਾਈਟੈਂਗਲ ਦੀ ਜਨਮ ਮਿਤੀ 12 ਮਈ ਨੂੰ 'ਅੰਤਰਰਾਸ਼ਟਰੀ ਨਰਸ ਦਿਵਸ' ਦੇ ਰੂਪ ਵਿਚ ਮਨਾਉਣ ਦਾ ਫ਼ੈਸਲਾ ਜਨਵਰੀ 1974 'ਚ ਲਿਆ ਗਿਆ। ਭਾਰਤ ਸਰਕਾਰ ਦੇ ਪਰਿਵਾਰ ਤੇ ਕਲਿਆਣ ਮੰਤਰਾਲੇ ਨੇ 1973 ਵਿਚ ਰਾਸ਼ਟਰੀ ਫਲੋਰੈਂਸ ਨਾਈਟੈਂਗੇਲ ਪੁਰਸਕਾਰ ਦੀ ਸ਼ੁਰੂਆਤ ਕੀਤੀ ਤੇ ਇਹ 12 ਮਈ ਨੂੰ ਭਾਰਤ ਦੇ ਰਾਸ਼ਟਰਪਤੀ ਵੱਲੋਂ ਦਿੱਤੇ ਜਾਂਦੇ ਹਨ।

## ਸਮਾਜ ਨੂੰ ਤੰਦਰੁਸਤ ਰੱਖਣ 'ਚ ਨਿਭਾਈ ਜਾਂਦੀ ਭੂਮਿਕਾ

ਕੌਮਾਂਤਰੀ ਨਰਸ ਦਿਵਸ ਵਿਸ਼ਵ ਪੱਧਰ 'ਤੇ ਨਰਸਿੰਗ ਸਟਾਫ ਵੱਲੋਂ ਸਮਾਜ ਨੂੰ ਤੰਦਰੁਸਤ ਰੱਖਣ 'ਚ ਨਿਭਾਈ ਜਾ ਰਹੀ ਮਹੱਤਵਪੂਰਨ ਭੂਮਿਕਾ ਬਾਰੇ ਯਾਦ ਦਿਵਾਉਂਦਾ ਹੈ। ਨਰਸਾਂ ਤੇ ਹੋਰ ਸਿਹਤ ਕਰਮਚਾਰੀ ਕੋਵਿਡ-19 ਸਮੇਤ ਵੱਖ-ਵੱਖ ਮਹਾਮਾਰੀਆਂ ਖ਼ਿਲਾਫ਼ ਜੰਗ 'ਚ ਸਭ ਤੋਂ ਮੋਹਰੀ ਭੂਮਿਕਾ ਨਿਭਾਉਂਦੇ ਰਹੇ ਹਨ। ਉੱਚ ਪੱਧਰੀ ਇਲਾਜ ਤੇ ਦੇਖਭਾਲ ਕਰਨਾ, ਡਰ ਅਤੇ ਪ੍ਰਸ਼ਨਾਂ ਦਾ ਹੱਲ ਕਰਨਾ, ਬੱਚਿਆਂ ਦੀ ਸਿਹਤ, ਸੰਚਾਰੀ ਤੇ ਗ਼ੈਰ-ਸੰਚਾਰੀ ਰੋਗਾਂ, ਮਾਨਸਿਕ ਸਿਹਤ, ਐਮਰਜੈਂਸੀ ਦੀ ਤਿਆਰੀ ਤੇ ਪ੍ਰਤੀਕਿਰਿਆ, ਮਰੀਜ਼ਾਂ ਦੀ ਸੁਰੱਖਿਆ ਆਦਿ ਵਿਚ ਨਰਸਿੰਗ ਸਟਾਫ ਦੀ ਭੂਮਿਕਾ ਨੂੰ ਦੇਖਦਿਆਂ ਵਿਸ਼ਵ ਸਿਹਤ ਸੰਸਥਾ ਵੱਲੋਂ ਇਹ ਖ਼ਾਸ ਦਿਨ ਨਰਸਿੰਗ ਸਟਾਫ ਨੂੰ ਸਮਰਪਿਤ ਕੀਤਾ ਹੈ।

## ਨਰਸਾਂ ਨੂੰ ਦਿੱਤੇ ਜਾਂਦੇ ਤੋਹਫ਼ੇ

ਕੌਮਾਂਤਰੀ ਨਰਸ ਦਿਵਸ ਸੰਸਾਰ ਭਰ 'ਚ ਵੱਖ-ਵੱਖ ਤਰੀਕਿਆਂ ਨਾਲ ਮਨਾਇਆ ਜਾਂਦਾ ਹੈ। ਵੱਖ-ਵੱਖ ਦੇਸ਼ਾਂ 'ਚ ਇਸ ਦਿਨ ਨੂੰ ਮਰੀਜ਼ ਦੀ ਦੇਖਭਾਲ ਤੇ ਸਿਹਤ ਸੇਵਾ ਵਿਚ ਨਰਸਾਂ ਦੇ ਯੋਗਦਾਨ ਨੂੰ ਧਿਆਨ 'ਚ ਰੱਖਦਿਆਂ ਵਿੱਦਿਅਕ ਸੈਮੀਨਾਰ, ਵਿਚਾਰ-ਚਰਚਾ, ਵੱਖ-ਵੱਖ ਮੁਕਾਬਲੇ ਅਤੇ ਨਰਸਿੰਗ ਨਾਲ ਸਬੰਧਿਤ ਮੁੱਦਿਆਂ 'ਤੇ ਚਰਚਾ ਆਦਿ ਦਾ ਆਯੋਜਨ ਕੀਤਾ ਜਾਂਦਾ ਹੈ। ਨਰਸਾਂ ਨੂੰ ਤੋਹਫ਼ੇ,

ਫੁੱਲ ਵੰਡ ਕੇ ਅਤੇ ਉਨ੍ਹਾਂ ਲਈ ਡਿਨਰ ਦਾ ਆਯੋਜਨ ਕਰ ਕੇ ਇਹ ਦਿਨ ਉਨ੍ਹਾਂ ਨੂੰ ਸਮਰਪਿਤ ਕੀਤਾ ਜਾਂਦਾ ਹੈ।

## ਤੱਥ

ਵਿਸ਼ਵ ਭਰ ਵਿਚ ਸਿਹਤ ਤੇ ਸਮਾਜਿਕ ਕਾਰਜਾਂ 'ਚ 70 ਫ਼ੀਸਦੀ ਔਰਤਾਂ ਕਾਰਜਸ਼ੀਲ ਹਨ, ਜਿਨ੍ਹਾਂ ਵਿੱਚੋਂ ਨਰਸਿੰਗ ਸਟਾਫ ਮੁੱਖ ਹਿੱਸਾ ਹੈ।

ਨਰਸਿੰਗ ਦੁਨੀਆ ਦਾ ਸਭ ਤੋਂ ਵੱਡਾ ਸੇਵਾ ਵਾਲਾ ਕਿੱਤਾ ਹੈ। ਮੈਡੀਕਲ ਦਾ ਅਜਿਹਾ ਕੋਈ ਖੇਤਰ ਨਹੀਂ, ਜਿੱਥੇ ਨਰਸਾਂ ਦੀ ਜ਼ਰੂਰਤ ਨਾ ਹੋਵੇ। ਮੈਡੀਕਲ ਦੇ ਖੇਤਰ 'ਚ ਸਿਰਫ਼ ਡਾਕਟਰ ਹੀ ਸ਼ਾਮਿਲ ਨਹੀਂ ਹੁੰਦੇ ਸਗੋਂ ਬਤੌਰ ਸਹਾਇਕ ਕਈ ਦੂਜੇ ਲੋਕ ਵੀ ਆਪਣਾ ਵਡਮੁੱਲਾ ਯੋਗਦਾਨ ਪਾਉਂਦੇ ਹਨ। ਇਨ੍ਹਾਂ 'ਚ ਨਰਸਿੰਗ ਸਟਾਫ ਮੋਹਰੀ ਰੋਲ ਅਦਾ ਕਰਦਾ ਹੈ।

## ਮਾਂ ਦੇ ਰੂਪ 'ਚ ਕਰਦੀਆਂ ਦੇਖਭਾਲ

ਸੇਵਾ ਹੀ ਇਨ੍ਹਾਂ ਦੀ ਪਛਾਣ ਹੈ। ਜਿਸ ਤਰ੍ਹਾਂ ਇਕ ਮਾਂ ਆਪਣੇ ਬਿਮਾਰ ਬੱਚੇ ਦੀ ਦੇਖਭਾਲ ਕਰਦੀ ਹੈ, ਇਸੇ ਤਰ੍ਹਾਂ ਨਰਸ ਮਾਂ ਦੇ ਰੂਪ 'ਚ ਕੰਮ ਕਰਦੀ ਹੈ, ਜਿਸ ਕਾਰਨ ਉਨ੍ਹਾਂ ਦਾ ਨਾਂ ਸਿਸਟਰ ਦੇ ਤੌਰ 'ਤੇ ਪ੍ਰਚਲਿਤ ਹੋ ਗਿਆ। ਦਰਅਸਲ ਇਹ ਮਰੀਜ਼ ਦੇ ਸਰੀਰਕ ਦੁੱਖ ਨੂੰ ਸਮਝ ਕੇ ਉਨ੍ਹਾਂ ਨੂੰ ਬਿਮਾਰੀਆਂ ਨਾਲ ਲੜਨ ਦਾ ਮਾਨਸਿਕ

ਜਜ਼ਬਾ ਵੀ ਪ੍ਰਦਾਨ ਕਰਦੀਆਂ ਹਨ। ਇਹ ਕਿਹਾ ਜਾ ਸਕਦਾ ਹੈ ਕਿ ਨਰਸਿੰਗ ਸਟਾਫ ਤੋਂ ਬਿਨਾਂ ਹਸਪਤਾਲ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

# ਕਿਹੋ ਜਿਹੀ ਹੋਵੇਗੀ ਕੈਨੇਡੀਅਨ ਪੰਜਾਬੀ?

**ਸ਼ਮੀਲ**

ਮੈਂ ਕੈਨੇਡੀਅਨ ਰੇਡੀਓ ਨੈੱਟਵਰਕ 'ਰੈੱਡ ਐੱਫ ਐੱਮ' 'ਤੇ ਟੋਰਾਂਟੋ ਵਿਚ ਮੌਰਨਿੰਗ ਸ਼ੋਅ ਕਰਦਾ ਹਾਂ। ਸੁਣਨ ਵਾਲਿਆਂ ਵਿਚ ਚੜ੍ਹਦੇ ਪੰਜਾਬ ਵਾਲੇ ਵੀ ਨੇ ਅਤੇ ਲਹਿੰਦੇ ਵਾਲੇ ਵੀ। ਜਿਹੜੀ ਪੀੜ੍ਹੀ ਕੈਨੇਡਾ ਵਿਚ ਹੀ ਵੱਡੀ ਹੋਈ, ਉਹ ਵੀ ਸੁਣਦੀ ਹੈ। ਇਸ ਤਰ੍ਹਾਂ ਦੇ ਰਲੇ ਮਿਲੇ ਸਰੋਤਿਆਂ ਨਾਲ ਜਦੋਂ ਤੁਸੀਂ ਗੱਲ ਕਰਦੇ ਹੋ ਤਾਂ ਤੁਹਾਡੇ ਮਨ ਵਿਚ ਇਹ ਖਿਆਲ ਰਹਿੰਦਾ ਹੈ ਕਿ ਤੁਹਾਡੀ ਗੱਲ ਹਰ ਕਿਸੇ ਦੇ ਸਮਝ ਵਿਚ ਆ ਜਾਵੇ। ਤੁਸੀਂ ਅਜਿਹੀ ਭਾਸ਼ਾ ਬੋਲਣ ਦੀ ਕੋਸ਼ਿਸ਼ ਕਰਦੇ ਹੋ, ਜਿਹੜੀ ਇਸ ਤਰ੍ਹਾਂ ਦੇ ਰਲੇ ਮਿਲੇ ਸਰੋਤਿਆਂ ਵਿਚ ਸਭ ਦੇ ਸਮਝ ਆ ਜਾਵੇ। ਮੈਨੂੰ ਇਕ ਦੋ ਵਾਰ ਪਾਕਿਸਤਾਨੀ ਪਿਛੋਕੜ ਵਾਲੇ ਸਰੋਤਿਆਂ ਨੇ ਇਹ ਗੱਲ ਕਹੀ ਵੀ ਕਿ ਤੁਸੀਂ ਅਜਿਹੇ ਸ਼ਬਦ ਨਾ ਵਰਤੋ, ਜਿਹੜੇ ਸਾਡੇ ਵਾਲੇ ਪਾਸੇ ਸਮਝ ਨਹੀਂ ਆਉਂਦੇ। ਇਸ ਨਾਲ ਮੈਂ ਹੋਰ ਸੁਚੇਤ ਹੋ ਗਿਆ। ਇਸ ਤਰ੍ਹਾਂ ਦੇ ਸਰੋਤਿਆਂ ਨਾਲ ਗੱਲਬਾਤ ਕਰਦੇ ਹੋਏ ਤੁਹਾਨੂੰ ਕਿਤੇ ਵਿਚਾਲੇ ਖੜ੍ਹਨਾ ਪੈਣਾ ਹੈ। ਨਾ ਇੱਥੇ ਤੁਹਾਡਾ ਦੂਰਦਰਸ਼ਨ ਵਾਲੀ 'ਦੂਰਭਾਸ਼-ਟਾਈਪ' ਭਾਸ਼ਾ ਨਾਲ ਕੰਮ ਚੱਲ ਸਕਦਾ ਹੈ, ਨਾ ਤੁਸੀਂ ਮਨਪ੍ਰੀਤ ਬਾਦਲ ਦੀ ਤਰ੍ਹਾਂ ਉਰਦੂ ਸ਼ਬਦ ਉਸ ਵਿਚ ਭਰ ਸਕਦੇ ਹੋ ਅਤੇ ਨਾ ਹੀ ਪੇਂਡੂ ਮੁਹਾਵਰੇ ਵਾਲੀ ਪੁਰਾਣੀ ਪੰਜਾਬੀ ਤੁਸੀਂ ਵਰਤ ਸਕਦੇ ਹੋ। ਇਸ ਤਰ੍ਹਾਂ ਦੀਆਂ ਲੋੜਾਂ ਜਾਂ ਮਜਬੂਰੀਆਂ 'ਚੋਂ ਇਕ ਨਵੀਂ ਤਰ੍ਹਾਂ ਦੀ ਭਾਸ਼ਾ ਵਿਕਸਤ ਹੁੰਦੀ ਹੈ, ਜਿਹੜੇ ਤਿੰਨੇ ਵਰਗਾਂ- ਲਹਿੰਦੇ ਵਾਲੇ, ਚੜ੍ਹਦੇ ਵਾਲੇ ਅਤੇ ਕੈਨੇਡਾ ਵਿਚ ਜੰਮੇ-ਪਲੇ, ਸਭ ਦੇ ਸਮਝ ਆ ਸਕੇ। ਇਸ ਮਜਬੂਰੀ ਜਾਂ ਹਾਲਤ ਵਿਚੋਂ ਇਕ ਨਵੀਂ ਕੈਨੇਡੀਅਨ ਪੰਜਾਬੀ ਦੇ ਨਕਸ਼ ਉੱਭਰਦੇ ਨਜ਼ਰ ਆਉਂਦੇ ਹਨ।

ਆਮ ਕਰਕੇ ਪੰਜਾਬੀ ਵਿਦਵਾਨ ਜਾਂ ਅਕੈਡਮੀਸ਼ਨ ਇਹ ਚਿੰਤਾ ਕਰਦੇ ਹਨ ਕਿ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਬੋਲੀ ਦੋ ਅਲੱਗ ਅਲੱਗ ਦਿਸ਼ਾਵਾਂ ਵਿਚ ਜਾ ਰਹੀ ਹੈ। ਭਾਰਤ ਵਾਲੇ ਪਾਸੇ ਸੰਸਕ੍ਰਿਤ-ਹਿੰਦੀ ਸਰੋਤਾਂ 'ਚੋਂ ਆਏ ਸ਼ਬਦ ਵਧਦੇ ਜਾ ਰਹੇ ਹਨ ਅਤੇ ਪਾਕਿਸਤਾਨੀ ਪੰਜਾਬੀ ਵਿਚ ਫਾਰਸੀ-ਉਰਦੂ ਵਾਲੇ ਪਾਸਿਓਂ ਆਏ ਲਫਜ਼ ਵਧ ਰਹੇ ਹਨ। ਇਸ ਗੱਲ ਦਾ ਪਤਾ ਗੀਤ ਸੁਣਦੇ ਹੋਏ ਜਾਂ ਨਾਟਕ-ਡਰਾਮਾ ਦੇਖਦੇ ਹੋਏ ਪਤਾ ਨਹੀਂ ਲੱਗਦਾ, ਪਰ ਜੇ ਤੁਸੀਂ ਕਿਸੇ ਸਾਹਿਤ ਆਲੋਚਨਾ ਦਾ ਪੇਪਰ ਸੁਣੋ ਜਾਂ ਕਿਸੇ ਗੰਭੀਰ ਮੁੱਦੇ 'ਤੇ ਕਿਸੇ ਵਿਦਵਾਨ ਨੂੰ ਬੋਲਦੇ ਹੋਏ ਸੁਣੋ ਤਾਂ ਇਹ ਫ਼ਰਕ ਪਤਾ ਲੱਗਦਾ ਹੈ। ਮੇਰਾ ਖਿਆਲ ਹੈ ਕਿ ਇਸ ਚਿੰਤਾ ਨੂੰ ਕੈਨੇਡੀਅਨ ਪੰਜਾਬੀ ਦੂਰ ਕਰ ਸਕਦੀ ਹੈ।

ਜੋ ਪੰਜਾਬੀ ਕੈਨੇਡਾ ਵਿਚ ਵਿਕਸਤ ਹੋ ਰਹੀ ਹੈ, ਉਸ ਵਿਚ ਬਹੁਤ ਸਾਰੇ ਮੁਹਾਵਰੇ, ਗੱਲ ਕਹਿਣ ਦੇ ਤਰੀਕੇ ਜਾਂ ਸ਼ਬਦ ਅਜਿਹੇ ਵੀ ਆ ਰਹੇ ਹਨ, ਜਿਹੜੇ ਇੱਥੋਂ ਦੇ ਲਾਈਫ-ਸਟਾਈਲ 'ਚੋਂ ਨਿਕਲੇ ਹਨ। ਜਿਵੇਂ ਅਸੀਂ 'ਗਰੌਸਰੀ ਕਰਨ' ਜਾਂਦੇ ਹਾਂ, ਗਰੌਸਰੀ ਖ਼ਰੀਦਣ ਨਹੀਂ। ਨਵੀਂ ਪੀੜ੍ਹੀ ਦੇ ਬੱਚਿਆਂ ਵਿਚ 'ਮੈਂ ਕਰਨਾ ਮੰਗਦਾ' ਆਮ ਹੋਣ ਲੱਗਿਆ ਹੈ। 'ਝਾੜਾ' ਧੁਨੀ ਦਾ ਉਚਾਰਨ ਘਟ ਰਿਹਾ ਹੈ। ਹੋ ਸਕਦਾ ਹੈ ਕਿ ਨਵੇਂ ਬੱਚਿਆਂ ਲਈ 'ਝਾੜਾ' ਵੀ ਉਸੇ ਤਰ੍ਹਾਂ ਅਲੋਪ ਹੋ ਚੁੱਕੀ ਧੁਨ ਬਣ ਜਾਵੇ, ਜਿਵੇਂ ਪੈਂਤੀ ਅੱਖਰੀ ਦੇ ਕੁਝ ਅੱਖਰ ਸਾਡੇ ਲਈ ਪਹਿਲਾਂ ਹੀ ਅਲੋਪ ਹੋ ਚੁੱਕੇ ਹਨ; ਜਿਨ੍ਹਾਂ ਨੂੰ ਸਿਰਫ਼ ਗੁਰਬਾਣੀ ਵਿਚ ਵਰਤਿਆ ਹੋਇਆ ਅਸੀਂ ਦੇਖਦੇ ਹਾਂ। ਲਹਿਜ਼ੇ ਵਿਚ ਵੀ ਫ਼ਰਕ ਪਵੇਗਾ। ਜਿਵੇਂ ਆਸਟਰੇਲੀਆ/ ਨਿਊਜ਼ੀਲੈਂਡ ਜਾਂ ਯੂ ਐੱਸ/ਕੈਨੇਡਾ ਦੀ ਇੰਗਲਿਸ਼ ਬ੍ਰਿਟਿਸ਼ ਭਾਸ਼ਾ ਨਾਲੋਂ ਵੱਖਰੀ ਬਣ ਗਈ ਹੈ ਜਾਂ ਜਿਵੇਂ ਕਿਊਬੈਕ ਦੀ ਫਰੈਂਚ ਫਰਾਂਸ ਦੀ ਭਾਸ਼ਾ ਨਾਲੋਂ ਵੱਖਰੀ ਹੈ ਜਾਂ ਜਿਵੇਂ ਬਰਾਜ਼ੀਲ ਦੀ ਪੁਰਤਗਾਲੀ ਭਾਸ਼ਾ ਪੁਰਤਗਾਲ ਵਾਲੀ ਨਾਲੋਂ ਵੱਖਰੀ ਨੁਹਾਰ ਵਾਲੀ ਹੋ ਗਈ ਹੈ, ਉਸੇ ਤਰੀਕੇ ਨਾਲ ਕੈਨੇਡੀਅਨ ਪੰਜਾਬੀ ਦਾ ਵੀ ਇਕ ਖ਼ਾਸ ਕਲਚਰਲ ਮੁਹਾਂਦਰਾ ਹੋਵੇਗਾ।

ਕੈਨੇਡਾ ਦੀ ਪੰਜਾਬੀ ਜੋ ਅਸੀਂ ਮੀਡੀਆ ਵਿਚ ਵਰਤ ਰਹੇ ਹਾਂ, ਉਸ ਵਿਚ ਅੰਗਰੇਜ਼ੀ ਵਾਲੇ ਸ਼ਬਦ ਲਗਾਤਾਰ ਵਧ ਰਹੇ ਹਨ। ਇਹ ਸ਼ਬਦ ਲਹਿੰਦੇ ਵਾਲਿਆਂ, ਚੜ੍ਹਦੇ ਵਾਲਿਆਂ ਅਤੇ ਕੈਨੇਡਾ ਦੇ ਜੰਮੇ-ਪਲਿਆਂ, ਸਭ ਨੂੰ ਸਮਝ ਆਉਂਦੇ ਹਨ। 'ਘੱਟ-ਗਿਣਤੀ' ਜਾਂ 'ਅਕਲੀਅਤ' ਕਹਿਣ ਦੀ ਥਾਂ 'ਮਾਈਨੌਰਿਟੀ' ਸਾਰਿਆਂ ਨੂੰ ਸਮਝ ਆਉਂਦਾ ਹੈ। 'ਸਕਾਫ਼ਤ' ਜਾਂ 'ਸੱਭਿਆਚਾਰ' ਦੀ ਥਾਂ 'ਕਲਚਰ' ਸਭ ਨੂੰ ਸਮਝ ਆਉਂਦਾ ਹੈ। ਇਹ ਸਿਰਫ਼ ਕੁਝ ਮਿਸਾਲਾਂ ਹਨ। ਪੰਜਾਬੀ ਨੂੰ ਪਿਆਰ ਕਰਨ ਵਾਲਿਆਂ, ਪੰਜਾਬੀ ਵਿਦਵਾਨਾਂ ਜਾਂ ਲੇਖਕਾਂ ਦੇ ਮਨ ਵਿਚ ਇਹ ਸੁਆਲ ਹੋ ਸਕਦਾ ਹੈ ਕਿ ਕੀ ਇਹ ਰੁਝਾਨ ਗ਼ਲਤ ਹੈ ਜਾਂ ਠੀਕ? ਇਹ ਨਾ ਗ਼ਲਤ ਹੈ ਨਾ ਠੀਕ। ਭਾਸ਼ਾਵਾਂ ਜੀਵਨ ਦੇ ਵਹਾਅ ਅਤੇ ਸਹੂਲਤ ਮੁਤਾਬਕ ਬਣਦੀਆਂ-ਵਿਕਸਦੀਆਂ ਹਨ, ਨਾ ਕਿ ਕਿਸੇ ਨੈਤਿਕ ਸੁਆਲ ਮੁਤਾਬਕ। ਮੇਰਾ ਜੋ ਪਿਛੋਕੜ ਹੈ, ਉਸ ਮੁਤਾਬਕ ਮੇਰਾ ਲਗਾਓ ਉਸ ਤਰ੍ਹਾਂ ਦੀ ਬੋਲੀ ਨਾਲ ਹੋਵੇਗਾ, ਜੋ ਮੈਂ ਸ਼ੁਰੂ ਤੋਂ ਬੋਲ ਰਿਹਾ ਹਾਂ। ਪਰ ਸਮਾਜ ਮੇਰੇ ਲਗਾਓ ਅਨੁਸਾਰ ਨਹੀਂ ਚੱਲਦਾ। ਇਸ ਕਰਕੇ ਮੈਂ ਇਹ ਨਹੀਂ ਕਹਿ ਰਿਹਾ ਕਿ ਇਹ ਰੁਝਾਨ ਗ਼ਲਤ ਹੈ ਜਾਂ ਠੀਕ ਹੈ; ਸਿਰਫ਼ ਉਸ ਸਥਿਤੀ ਜਾਂ ਹਾਲਤ ਨੂੰ ਬਿਆਨ ਕਰ ਰਿਹਾ ਹਾਂ, ਜਿਹੜੀ ਭਾਸ਼ਾ ਦੇ ਵਿਕਾਸ ਨੂੰ ਪ੍ਰਭਾਵਤ/ਜਾਂ ਨਿਰਧਾਰਤ ਕਰ ਰਹੀ ਹੈ।

ਹੋਰ ਗੱਲਾਂ ਦੇ ਨਾਲ ਨਾਲ ਕੈਨੇਡੀਅਨ ਪੰਜਾਬੀ ਇਕ ਅਜਿਹੀ ਪੰਜਾਬੀ ਹੋਵੇਗੀ, ਜਿਸ ਵਿਚ ਬਹੁਤ ਸਾਰੇ ਸ਼ਬਦ ਅੰਗਰੇਜ਼ੀ ਦੇ ਹੋਣਗੇ। ਇਹ ਕਈ ਪੰਜਾਬੀ ਲੇਖਕਾਂ, ਪੰਜਾਬੀ ਨੂੰ ਪਿਆਰ ਕਰਨ ਵਾਲੇ ਲੋਕਾਂ ਜਾਂ ਵਿਦਵਾਨਾਂ ਨੂੰ ਓਪਰੀ ਲੱਗੇਗੀ, ਜਿਵੇਂ ਚੜ੍ਹਦੇ ਵਾਲਿਆਂ ਨੂੰ ਲਹਿੰਦੇ ਵਾਲਿਆਂ ਦੀ ਲੱਗਦੀ ਹੈ, ਜਾਂ ਲਹਿੰਦੇ ਵਾਲਿਆਂ ਨੂੰ ਚੜ੍ਹਦੇ ਵਾਲਿਆਂ ਦੀ ਲੱਗਦੀ ਹੈ, ਪਰ ਇਸ ਬਾਰੇ ਇਕ ਚੰਗੀ ਗੱਲ ਇਹ ਹੋਵੇਗੀ ਕਿ ਇਹ ਸਾਰਿਆਂ ਨੂੰ ਸਮਝ ਆਵੇਗੀ। ਨਾ ਸਿਰਫ਼ ਭਾਰਤ ਜਾਂ ਪਾਕਿਸਤਾਨ ਵਾਲਿਆਂ ਨੂੰ ਬਲਕਿ ਪੱਛਮੀ ਮੁਲਕਾਂ ਦੀ ਨਵੀਂ ਪੰਜਾਬੀ ਪੀੜ੍ਹੀ ਨੂੰ ਵੀ। ਜੇ ਕੋਈ ਭਾਸ਼ਾ ਸਮਝਣ ਵਿਚ ਆਸਾਨੀ ਪੈਦਾ ਕਰੇ ਤਾਂ ਉਸਨੂੰ ਗੁਣ ਸਮਝੀਏ ਜਾਂ ਔਗੁਣ?



# ਨਫ਼ਰਤ ਸਿਹਤ ਲਈ ਵੀ ਗੰਭੀਰ ਖਤਰਾ ਹੈ

**ਡਾ. ਅਰੁਣ ਮਿੱਤਰਾ**

12 ਅਪਰੈਲ 2023 ਦੀ ਨਵ ਭਾਰਤ ਟਾਈਮਜ਼ ਵਿੱਚ ਛਪੀ ਖਬਰ ਦੇ ਅਨੁਸਾਰ, ਇੱਕ ਪੋਸਟ ਦਾ ਹਵਾਲਾ ਦਿੰਦੇ ਹੋਏ, ਜਿਸ ਵਿੱਚ ਇੱਕ ਬੱਚੇ ਦੀ ਮਾਂ ਨੇ ਦੱਸਿਆ ਸੀ ਕਿ ਉਸ ਦੀ ਧੀ ਅੱਜ ਰੋਂਦੀ ਹੋਈ ਘਰ ਆਈ ਤੇ ਉਸ ਨੇ ਪੁੱਛਿਆ ਕਿ 'ਕੀ ਅਸੀਂ ਮੁਸਲਮਾਨ ਇੰਨੇ ਗੰਦੇ ਹਾਂ' ? ਛੇਵੀਂ ਜਮਾਤ ਵਿੱਚ ਉਸ ਦੀ ਜਮਾਤਣ ਵੱਲੋਂ ਉਸ ਦੇ ਮੂੰਹ 'ਤੇ ਥੁੱਕਣ ਤੋਂ ਬਾਅਦ ਹੋਇਆ, ਜਦੋਂਕਿ ਉਸ ਨੂੰ ਪਤਾ ਲੱਗਿਆ ਕਿ ਉਹ ਮੁਸਲਮਾਨ ਹੈ। ਇਹ ਬਹੁਤ ਚਿੰਤਾ ਦਾ ਵਿਸ਼ਾ ਹੈ ਅਤੇ ਇਹ ਉਸ ਗੱਲ ਦਾ ਪ੍ਰਤੀਬਿੰਬ ਹੈ, ਜੋ ਕੁਝ ਘਰਾਂ ਵਿੱਚ ਲਗਾਤਾਰ ਚਰਚਾ ਕੀਤੀ ਜਾ ਰਹੀ ਹੈ ਅਤੇ ਬੱਚਿਆਂ ਦੇ ਦਿਮਾਗ ਵਿੱਚ ਪਾਈ ਜਾ ਰਹੀ ਹੈ। ਉਸ ਉਮਰ ਦੇ ਬੱਚੇ ਧਾਰਮਿਕ ਵਖਰੇਵਿਆਂ, ਧਰਮ, ਜਾਤ, ਨਸਲ ਜਾਂ ਲਿੰਗ ਦੇ ਆਧਾਰ 'ਤੇ ਕਿਸੇ ਨਾਲ ਨਫ਼ਰਤ ਕਰਨ ਦੀ ਗੱਲ ਨਹੀਂ ਕਰਦੇ ਪਰ ਲਗਾਤਾਰ ਨਕਾਰਾਤਮਕ ਚਰਚਾਵਾਂ ਬੱਚੇ ਦੇ ਵਿਕਾਸਸ਼ੀਲ ਮਨ 'ਤੇ ਲੰਬੇ ਸਮੇਂ ਲਈ ਪ੍ਰਭਾਵ ਪਾਉਂਦੀਆਂ ਹਨ। ਗੁਜਰਾਤ ਵਿੱਚ ਹੋਏ ਦੰਗਿਆਂ ਤੋਂ ਬਾਅਦ 7 ਮਈ, 2002 ਦੇ ਟਾਈਮਜ਼ ਆਫ਼ ਇੰਡੀਆ ਨੇ ਰਿਪੋਰਟ ਦਿੱਤੀ ਸੀ ਕਿ “ਧਰਮ ਨਿਰਪੱਖਤਾ ਦੀ ਉਮੀਦ ਦੇ ਆਖਰੀ ਸਾਹ ਲੈ ਰਹੀ ਹੈ। ਖਾਸ ਤੌਰ 'ਤੇ ਬੱਚਿਆਂ ਦੇ ਮੂੰਹ 'ਚੋਂ ਅੱਗ ਬਰਸ ਰਹੀ ਹੈ। ਨਫ਼ਰਤ ਦਾ ਬੀਜ ਜਵਾਨੀ ਤੱਕ ਪਹੁੰਚਣ ਤੋਂ ਪਹਿਲਾਂ ਹੀ ਬੱਚੇ ਦੇ ਮਨ ਵਿਚ ਬੀਜ ਦਿੱਤਾ ਜਾਂਦਾ ਹੈ।''

ਸਾਡੇ ਸਮਾਜ ਵਿਚ ਜਿੱਥੇ ਜਾਤ-ਪਾਤ ਅਤੇ ਧਰਮ ਦੇ ਆਧਾਰ 'ਤੇ ਭੇਦ-ਭਾਵ ਪਹਿਲਾਂ ਹੀ ਮੌਜੂਦ ਹਨ, ਉੱਥੇ ਦੂਜਿਆਂ ਪ੍ਰਤੀ ਨਫ਼ਰਤ ਦੀਆਂ ਭਾਵਨਾਵਾਂ ਨੂੰ ਜਗਾਉਣਾ ਆਸਾਨ ਹੈ। ਜਰਮਨੀ ਦੇ ਨਾਜ਼ੀ ਸਿਆਸਤਦਾਨ ਪਾਲ ਜੋਸਫ਼ ਗੋਏਬਲਜ਼ ਜੋ ਕਿ ਨਾਜ਼ੀ ਪਾਰਟੀ ਦਾ ਮੁੱਖ ਪ੍ਰਚਾਰਕ ਸੀ ਅਤੇ 1933 ਤੋਂ 1945 ਤੱਕ ਪ੍ਰਚਾਰ ਮੰਤਰੀ ਰਿਹਾ, ਨੇ ਇਸ ਸਿਧਾਂਤ 'ਤੇ ਕੰਮ ਕੀਤਾ ਕਿ 'ਜੇਕਰ ਤੁਸੀਂ ਇੱਕ ਝੂਠ ਨੂੰ ਅਕਸਰ ਦੁਹਰਾਉਂਦੇ ਹੋ ਤਾਂ ਲੋਕ ਇਸ 'ਤੇ ਵਿਸ਼ਵਾਸ ਕਰਨਗੇ, ਇਥੋਂ ਤੱਕ ਕਿ ਤੁਸੀਂ ਆਪ ਵੀ ਇਸ ਨੂੰ ਸੱਚ ਮੰਨਣ ਲਗ ਜਾਓਗੇ। ਇੱਕ ਵਾਰ ਬੋਲਿਆ ਗਿਆ ਝੂਠ, ਝੂਠ ਹੀ ਰਹਿੰਦਾ ਹੈ ਪਰ ਹਜ਼ਾਰ ਵਾਰ ਬੋਲਿਆ ਗਿਆ ਝੂਠ ਸੱਚ ਬਣ ਜਾਂਦਾ ਹੈ।''

ਉਸ ਨੇ ਯਹੂਦੀਆਂ ਦੇ ਵਿਰੁੱਧ ਇੱਕ ਯੋਜਨਾਬੱਧ ਪ੍ਰਚਾਰ ਕੀਤਾ। ਇਹ ਪ੍ਰਚਾਰਿਆ ਗਿਆ ਕਿ ਯਹੂਦੀ ਖੁੰਬਾਂ ਵਾਂਗ ਵਧਦੇ ਹਨ ਅਤੇ ਉਹ ਜਰਮਨੀ ਦੀਆਂ ਸਮੱਸਿਆਵਾਂ ਦਾ ਕਾਰਨ ਹਨ। ਉਸ ਤੋਂ ਬਾਅਦ ਨਾਜ਼ੀਆਂ ਨੇ ਯਹੂਦੀਆਂ ਦੀ ਨਸਲਕੁਸ਼ੀ ਕੀਤੀ। ਨਾਜ਼ੀ ਦੌਰ ਵਿੱਚ 60 ਲੱਖ ਯਹੂਦੀ ਮਾਰੇ ਗਏ ਸਨ। ਇਨ੍ਹਾਂ ਵਿਚੋਂ 30 ਲੱਖ ਯਹੂਦੀ ਪੋਲੈਂਡ ਵਿੱਚ ਕਤਲ ਕੀਤੇ ਗਏ। ਯੂਰਪ ਤੇ ਏਸ਼ੀਆ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਯਹੂਦੀ-ਵਿਰੋਧ (Anti-semitism) ਅਜੇ ਵੀ ਲੋਕਾਂ ਦੀ ਮਾਨਸਿਕਤਾ ਦਾ ਹਿੱਸਾ ਹੈ। ਹੁਟੂਸ ਦੁਆਰਾ ਤੂਤਸੀਆਂ ਦੇ ਵਿਰੁੱਧ ਪ੍ਰਚਾਰ ਦੇ ਕਾਰਨ 1994 ਵਿੱਚ ਰਾਵਾਂਡਾ ਵਿੱਚ ਕਬਾਇਲੀ ਯੁੱਧ ਹੋਇਆ, ਜਿਸ ਵਿੱਚ ਸਿਰਫ 100 ਦਿਨਾਂ ਦੇ ਅੰਤਰਾਲ ਵਿੱਚ 8,00,000 ਤੋਂ ਵੱਧ ਲੋਕ ਮਾਰੇ ਗਏ ਸਨ। ਭਾਰਤ ਦੀ ਵੰਡ ਦੌਰਾਨ 10 ਲੱਖ ਲੋਕ ਮਾਰੇ ਗਏ ਸਨ। ਮਨੀਪੁਰ ਵਿੱਚ ਹਿੰਸਾ ਦੀਆਂ ਤਾਜ਼ਾ ਘਟਨਾਵਾਂ ਆਉਣ ਵਾਲੇ ਦਹਾਕਿਆਂ ਤੱਕ ਕੂਕੀ ਅਤੇ ਮਿਤਈ ਲੋਕਾਂ ਨੂੰ ਇੱਕ ਦੂਜੇ ਤੋਂ ਦੂਰ ਕਰ ਦੇਣਗੀਆਂ।

ਇਹ ਨੋਟ ਕਰਨਾ ਸਭ ਤੋਂ ਘਿਣਾਉਣੀ ਗੱਲ ਸੀ ਕਿ ਮਹਾਮਾਰੀ ਦੌਰਾਨ ਵੀ ਜਦੋਂ ਲੋਕਾਂ ਨੂੰ ਇਕਜੁਟ ਹੋਣ ਦੀ ਜ਼ਰੂਰਤ ਸੀ, ਤਬਲੀਗੀਆਂ ਦੇ ਵਿਰੁੱਧ ਇੱਕ ਝੂਠਾ ਪ੍ਰਚਾਰ ਸ਼ੁਰੂ ਕੀਤਾ ਗਿਆ ਅਤੇ ਬਿਨਾਂ ਕਿਸੇ ਸਬੂਤ ਦੇ ਕੋਵਿਡ ਫੈਲਾਉਣ ਦਾ ਦੋਸ਼ ਲਗਾ ਕੇ ਉਨ੍ਹਾਂ ਨੂੰ ਫੜ ਲਿਆ ਗਿਆ ਸੀ। ਹਾਲਾਂਕਿ ਬਾਅਦ ਵਿਚ ਅਦਾਲਤ ਨੇ ਉਨ੍ਹਾਂ ਨੂੰ ਬਰੀ ਕਰ ਦਿੱਤਾ ਸੀ।

ਜਦੋਂ ਕੁਝ ਔਰਤਾਂ ਨਾਗਰਿਕ ਸੋਧ ਬਿੱਲ ਵਿਰੁੱਧ ਸ਼ਾਹੀਨ ਬਾਗ ਵਿੱਚ ਧਰਨੇ 'ਤੇ ਬੈਠੀਆਂ ਤਾਂ ਉਨ੍ਹਾਂ ਦਾ ਮਜ਼ਾਕ ਉਡਾਇਆ ਗਿਆ। ਕੁਝ ਮਹੀਨੇ ਪਹਿਲਾਂ ਹੀ ਗੁਜਰਾਤ ਸਰਕਾਰ ਵੱਲੋਂ ਬਿਲਕਿਸ ਬਾਨੋ ਦੇ ਪਰਿਵਾਰ ਦੇ ਕਾਤਲਾਂ ਅਤੇ ਬਲਾਤਕਾਰੀਆਂ ਨੂੰ ਉਸੇ ਸਮੇਂ ਰਿਹਾਅ ਕਰ ਦਿੱਤਾ ਗਿਆ, ਜਦੋਂ ਪ੍ਰਧਾਨ ਮੰਤਰੀ 15 ਅਗਸਤ 2022 ਨੂੰ ਲਾਲ ਕਿਲ੍ਹੇ ਤੋਂ ਔਰਤਾਂ ਦੀ ਇੱਜ਼ਤ ਬਚਾਉਣ ਦੀ ਆਪਣੀ ਵਚਨਬੱਧਤਾ ਬਾਰੇ ਗੱਲ ਕਰ ਰਹੇ ਸਨ। ਹੁਣ ਅਸੀਂ ਦੇਖ ਰਹੇ ਹਾਂ ਕਿ ਜੰਤਰ-ਮੰਤਰ ਨਵੀਂ ਦਿੱਲੀ ਵਿੱਚ ਧਰਨੇ 'ਤੇ ਬੈਠੀਆਂ ਔਰਤਾਂ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਕਰ ਰਹੀਆਂ ਹਨ, ਜਿਸ 'ਤੇ ਮਹਿਲਾ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਦੇ ਦੋਸ਼ ਲਗਾਏ ਜਾ ਰਹੀ ਹਨ। ਇਹ ਔਰਤਾਂ ਕਿਸੇ ਵੀ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਨਹੀਂ ਹਨ। ਉਹ ਜਾਣ ਭਾਈਚਾਰੇ ਤੋਂ ਆਉਂਦੀਆਂ ਹਨ। ਇਹ ਇੱਕ ਸਪੱਸ਼ਟ ਸੰਦੇਸ਼ ਹੈ ਕਿ ਨਫ਼ਰਤ ਦੇ ਬਿਰਤਾਂਤ ਵਿਚ ਕਿਸੇ ਨੂੰ ਬਖਸ਼ਿਆ ਨਹੀਂ ਜਾਂਦਾ।

ਇਹ ਸਮਝਣ ਦਾ ਸਮਾਂ ਹੈ ਕਿ ਨਫ਼ਰਤ ਦਾ ਬਿਰਤਾਂਤ ਕਿਸੇ ਇੱਕ ਫਿਰਕੇ ਜਾਂ ਨਸਲੀ ਸਮੂਹ 'ਤੇ ਨਹੀਂ ਰੁਕਦਾ। ਇਹ ਕਮਜ਼ੋਰ ਵਰਗਾਂ ਦੇ ਵਿਰੁੱਧ ਇੱਕ ਮਾਨਸਿਕਤਾ ਬਣ ਜਾਂਦੀ ਹੈ। ਕਮਜ਼ੋਰ ਵਰਗਾਂ ਨੂੰ ਸਾਰੀਆਂ ਬੁਰਾਈਆਂ ਲਈ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਹਿਟਲਰ ਯਹੂਦੀਆਂ ਨੂੰ ਖ਼ਤਮ ਕਰਨਾ ਚਾਹੁੰਦਾ ਸੀ ਅਤੇ ਆਪਣੇ ਆਪ ਨੂੰ ਸੱਚਾ ਈਸਾਈ ਸਾਬਤ ਕਰਨਾ ਚਾਹੁੰਦਾ ਸੀ ਪਰ ਅਖੀਰ ਵਿੱਚ ਦੂਜੇ ਵਿਸ਼ਵ ਯੁੱਧ ਵਿੱਚ ਮਾਰੇ ਗਏ ਸਾਢੇ ਪੰਜ ਕਰੋੜ ਤੋਂ ਵੱਧ ਲੋਕਾਂ ਵਿੱਚੋਂ ਬਹੁਤ ਸਾਰੇ ਈਸਾਈ ਸਨ।

ਕੱਟੜਤਾ ਤੇ ਨਫਰਤ ਮਨੁੱਖੀ ਵਿਹਾਰ ਦਾ ਹਿੱਸਾ ਨਹੀਂ ਹੈ। ਲੋਕ ਹਮੇਸ਼ਾ ਸ਼ਾਂਤੀ ਨਾਲ ਰਹਿਣ ਲਈ ਤਰਸਦੇ ਰਹੇ ਹਨ। ਦੂਸਰਿਆਂ ਵਿਰੁੱਧ ਨਫ਼ਰਤ ਘਟੀਆ ਮਨੋਰਥ ਨਾਲ ਫੈਲਾਈ ਜਾਂਦੀ ਹੈ। ਅੰਗਰੇਜ਼ਾਂ ਦੇ ਭਾਰਤ ਆਉਣ ਤੋਂ ਪਹਿਲਾਂ ਹਿੰਦੂਆਂ ਅਤੇ ਮੁਸਲਮਾਨਾਂ ਦੇ ਇੱਕ ਦੂਜੇ ਦੇ ਵਿਰੁੱਧ ਲੜਨ ਦੀਆਂ ਬਹੁਤ ਘੱਟ ਰਿਪੋਰਟਾਂ ਹਨ। ਦੇਸ਼ 'ਤੇ ਰਾਜ ਕਰਨ ਦੇ ਉਦੇਸ਼ ਨਾਲ ਬਸਤੀਵਾਦੀ ਸ਼ਕਤੀ ਨੇ ਸਮਾਜ ਨੂੰ ਵੰਡਣ ਲਈ ਸਾਰੇ ਸਾਧਨਾਂ ਦੀ ਵਰਤੋਂ ਕੀਤੀ ਤਾਂ ਜੋ ਦੇਸ਼ 'ਤੇ ਆਪਣੀ ਪਕੜ ਮਜ਼ਬੂਤ ਕੀਤੀ ਜਾ ਸਕੇ।

ਉਹ ਦੇਸ਼ ਨੂੰ ਵੰਡਣ ਵਿੱਚ ਵੀ ਕਾਮਯਾਬ ਹੋ ਗਏ। ਹਾਲਾਂਕਿ ਇੱਥੇ ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਵੰਡ ਦੌਰਾਨ ਹੋਏ ਦੰਗਿਆਂ ਵਿੱਚ 10 ਲੱਖ ਤੋਂ ਵੱਧ ਹਿੰਦੂ, ਸਿੱਖਾਂ ਅਤੇ ਮੁਸਲਮਾਨਾਂ ਦੇ ਮਾਰੇ ਜਾਣ ਦੇ ਬਾਵਜੂਦ, ਭਾਰਤ ਦੇ ਲੋਕਾਂ ਨੇ ਨਫ਼ਰਤ ਦੀ ਰਾਜਨੀਤੀ ਨੂੰ ਨਕਾਰ ਦਿੱਤਾ ਅਤੇ ਆਜ਼ਾਦ ਭਾਰਤ ਵਿੱਚ ਪਹਿਲੀ ਵਾਰ ਹੋਈਆਂ ਚੋਣਾਂ ਵਿੱਚ ਫਿਰਕੂ ਫੁੱਟ ਪਾਊ ਤਾਕਤਾਂ ਨੂੰ ਹਰਾਇਆ ਅਤੇ ਧਰਮ, ਜਾਤ ਜਾਂ ਲਿੰਗ ਦੇ ਭੇਦਭਾਵ ਤੋਂ ਰਹਿਤ ਮਾਨਵਵਾਦ ਅਤੇ ਸਨਮਾਨ ਦੇ ਆਦਰਸ਼ਾਂ 'ਤੇ ਆਧਾਰਿਤ ਦੇਸ਼ ਦਾ ਨਿਰਮਾਣ ਕਰਨ ਦਾ ਨਿਰਣਾ ਕੀਤਾ। ਇਹ ਭਾਰਤ ਦਾ ਵਿਚਾਰ ਸੀ ਅਤੇ ਬਸਤੀਵਾਦੀ ਸ਼ਕਤੀ ਵਿਰੁੱਧ ਸਮੂਹਿਕ ਆਜ਼ਾਦੀ ਅੰਦੋਲਨ ਦਾ ਪ੍ਰਤੀਬਿੰਬ ਸੀ।

ਹੁਣ ਕੀ ਹੋਇਆ ਹੈ, ਇਹ ਇੱਕ ਵੱਡਾ ਸਵਾਲ ਹੈ? ਭਾਰਤ ਦੇ ਲੋਕ ਉਨ੍ਹਾਂ ਤਾਕਤਾਂ ਦੇ ਪ੍ਰਭਾਵ ਵਿਚ ਕਿਉਂ ਭਟਕ ਰਹੇ ਹਨ, ਜਿਨ੍ਹਾਂ ਨੇ ਕਦੇ ਵੀ ਆਜ਼ਾਦੀ ਦੀ ਲੜਾਈ ਵਿੱਚ ਹਿੱਸਾ ਨਹੀਂ ਲਿਆ, ਸਗੋਂ ਬਸਤੀਵਾਦੀ ਮਾਲਕਾਂ ਦਾ ਸਾਥ ਦਿੱਤਾ।

ਵੱਡੇ ਹੋਣ ਦੀ ਪ੍ਰਕਿਰਿਆ ਦੌਰਾਨ ਸਮਾਜਿਕ ਸਿੱਖਿਆ ਅਤੇ ਮਨੋਵਿਗਿਆਨਕ ਬਣਤਰ, ਨੌਜਵਾਨ ਦਿਮਾਗਾਂ ਦੇ ਭਵਿੱਖ ਦੇ ਵਿਵਹਾਰ ਦੇ ਨਮੂਨਿਆਂ ਵਿੱਚ ਬਹੁਤ ਵੱਡਾ ਫ਼ਰਕ ਪਾਉਂਦੇ ਹਨ।

ਉਹ ਆਪਣੀ ਪਰਵਰਿਸ਼ ਦੇ ਦੌਰਾਨ ਪੱਖਪਾਤ, ਨਫ਼ਰਤ ਅਤੇ ਹੋਰ ਬਹੁਤ ਸਾਰੇ ਨਕਾਰਾਤਮਕ ਵਿਚਾਰਾਂ ਤੋਂ ਪ੍ਰਭਾਵਿਤ ਹੁੰਦੇ ਹਨ। ਇਸ ਲਈ ਇਸ ਦਾ ਗੰਭੀਰਤਾ ਨਾਲ ਅਧਿਐਨ ਕਰਨਾ ਅਤੇ ਇਸ ਤਰ੍ਹਾਂ ਦੇ ਅਸ਼ਲੀਲ ਵਿਵਹਾਰ ਨੂੰ ਵਾਪਰਨ ਤੋਂ ਰੋਕਣਾ ਜ਼ਰੂਰੀ ਹੈ। ਹੁਣ ਲੋਕਾਂ ਨੇ ਫੈਸਲਾ ਕਰਨਾ ਹੈ ਕਿ ਅਸੀਂ ਕਿਸ ਤਰ੍ਹਾਂ ਇਕਜੁੱਟ ਹੋ ਕੇ ਅੱਗੇ ਵਿਕਾਸ ਕਰਨਾ ਹੈ? ਨਫ਼ਰਤ ਸਮਾਜ ਨੂੰ ਵੰਡ ਦੀ, ਏਕਤਾ ਨੂੰ ਤੋੜਦੀ ਅਤੇ ਸ਼ਾਂਤੀਪੂਰਨ ਸਹਿ-ਹੋਂਦ ਨੂੰ ਖ਼ਤਰੇ 'ਚ ਪਾਉਂਦੀ ਹੈ। ਜਮਹੂਰੀ ਤਾਕਤਾਂ ਨੂੰ ਜਮਹੂਰੀ ਮੰਚਾਂ ਤੇ ਸੰਗਠਨਾਂ ਨੂੰ ਮਜ਼ਬੂਤ ਕਰਦੇ ਹੋਏ ਨਫ਼ਰਤ ਵਿਰੁੱਧ ਲੜਣ ਦੀ ਲੋੜ ਹੈ।

ਸੰਪਰਕ: 94170-00360



## ਸੰਪਾਦਕੀ

# ਸਦੀਆਂ ਪੁਰਾਣੀ ਦਲਾਈ ਲਾਮਾ ਦੀ ਸੰਸਥਾ ਚੱਲਦੀ ਰਹੇਗੀ

ਤਿੱਬਤੀਆਂ ਅਤੇ ਕੌਮਾਂਤਰੀ ਬਰਾਦਰੀ ਲਈ ਇਹ ਧਰਵਾਸ ਦੀ ਗੱਲ ਹੈ ਕਿ ਸਦੀਆਂ ਪੁਰਾਣੀ ਦਲਾਈ ਲਾਮਾ ਦੀ ਸੰਸਥਾ ਚੱਲਦੀ ਰਹੇਗੀ। ਚੌਦਵੇਂ ਦਲਾਈ ਲਾਮਾ, ਜਿਨ੍ਹਾਂ ਦਾ ਦੁਨੀਆ ਦੇ ਸਭ ਤੋਂ ਪ੍ਰਸਿੱਧ ਧਾਰਮਿਕ ਹਸਤੀਆਂ ਵਿੱਚ ਸ਼ੁਮਾਰ ਕੀਤਾ ਜਾਂਦਾ ਹੈ, ਨੇ ਆਪਣੀ ਜਾਨਸ਼ੀਨੀ ਦੀ ਯੋਜਨਾ ਦਾ ਖ਼ੁਲਾਸਾ ਕਰ ਦਿੱਤਾ ਹੈ ਜੋ ਬਿਨਾਂ ਸ਼ੱਕ ਚੀਨ ਲਈ ਸੁਖਾਵੀਂ ਨਹੀਂ ਹੋਵੇਗੀ। ਅਮਨ ਲਈ ਨੋਬੇਲ ਪੁਰਸਕਾਰ ਜੇਤੂ ਦਲਾਈ ਲਾਮਾ ਜੋ ਅਗਲੇ ਐਤਵਾਰ ਨੂੰ 90 ਸਾਲ ਦੇ ਹੋ ਜਾਣਗੇ, ਨੇ ਆਖਿਆ ਹੈ ਕਿ ਗਾਡੇਨ ਫੌਡਰੈਂਗ ਟਰੱਸਟ ਜੋ ਉਨ੍ਹਾਂ ਵੱਲੋਂ ਕਾਇਮ ਕੀਤਾ ਗਿਆ ਗ਼ੈਰ-ਲਾਭਕਾਰੀ ਅਦਾਰਾ ਹੈ, ਨੂੰ ਤਿੱਬਤੀ ਬੋਧੀ ਮੁਖੀਆਂ ਨਾਲ ਸਲਾਹ ਮਸ਼ਵਰਾ ਕਰ ਕੇ ਉਨ੍ਹਾਂ ਦੇ ਵਾਰਸ ਦੀ ਚੋਣ ਕਰਨ ਦਾ ਪੂਰਾ ਹੱਕ ਹਾਸਿਲ ਹੈ। ਉੱਧਰ, ਪੇਈਚਿੰਗ ਇਸ ਗੱਲ ਉੱਪਰ ਅੜਿਆ ਹੋਇਆ ਹੈ ਕਿ ਨਵੇਂ ਲਾਮਾ ਦੀ ਚੋਣ ਦੀ ਪ੍ਰੋੜਤਾ ਉਸੇ ਵੱਲੋਂ ਕੀਤੀ ਜਾਵੇਗੀ।

ਦਲਾਈ ਲਾਮਾ ਦੀ ਇਹ ਪੇਸ਼ਕਦਮੀ ਇਸ ਮੰਤਵ ਨਾਲ ਕੀਤੀ ਗਈ ਹੈ ਤਾਂ ਕਿ ਚੀਨ ਨੂੰ ਉਨ੍ਹਾਂ ਦੇ ਜਾਨਸ਼ੀਨ ਦੀ ਚੋਣ ਵਿੱਚ ਦਖ਼ਲ ਦੇਣ ਤੋਂ ਰੋਕਿਆ ਜਾ ਸਕੇ। ਸਦੀ ਪੁਰਾਣੀ ਤਿੱਬਤੀ ਪ੍ਰੰਪਰਾ ਮੁਤਾਬਿਕ ਨਵੇਂ ਲਾਮਾ ਦੀ ਤਲਾਸ਼ ਉਦੋਂ ਸ਼ੁਰੂ ਕੀਤੀ ਜਾਂਦੀ ਹੈ ਜਦੋਂ ਵਰਤਮਾਨ ਲਾਮਾ ਦੀ ਮੌਤ ਹੋ ਜਾਂਦੀ ਹੈ। ਬਹਰਹਾਲ ਇਸ ਵਿਧੀ ਵਿੱਚ ਬਦਲਾਅ ਕੀਤਾ ਗਿਆ ਹੈ ਤਾਂ ਕਿ ਜਦੋਂ ਇਹ ਪਦ ਖਾਲੀ ਹੋਵੇ ਤਾਂ ਚੀਨ ਆਪਣੀ ਪਸੰਦ ਦਾ ਦਲਾਈ ਲਾਮਾ ਨਾ ਬਣਾ ਸਕੇ। ਆਲਮੀ ਭਾਵਨਾਵਾਂ ਅਤੇ ਅਮਰੀਕੀ ਦਬਾਅ ਦੇ ਪੇਸ਼ੇਨਜ਼ਰ ਪੇਈਚਿੰਗ ਲਈ ਇਸ ਪੇਸ਼ਕਦਮੀ ਨੂੰ ਠੱਲ੍ਹ ਪਾਉਣਾ ਸੌਖਾ ਨਹੀਂ ਹੋਵੇਗਾ।

ਧਰਮਸ਼ਾਲਾ ਵਿੱਚ ਮੌਜੂਦ ਜਲਾਵਤਨ ਤਿੱਬਤੀ ਸਰਕਾਰ ਮੁਤਾਬਿਕ ਡੋਨਲਡ ਟਰੰਪ ਪ੍ਰਸ਼ਾਸਨ ਨੇ ਜਲਾਵਤਨ ਤਿੱਬਤੀਆਂ ਲਈ ਇਮਦਾਦ ਵਿੱਚ ਕਟੌਤੀਆਂ ਚੁੱਕਣ ਅਤੇ ਸਿਹਤ ਅਤੇ ਸਿੱਖਿਆ ਨਾਲ ਜੁੜੇ ਪ੍ਰਾਜੈਕਟਾਂ ਲਈ 70 ਲੱਖ ਡਾਲਰ ਦੀ ਇਮਦਾਦ ਦੇਣ ਦਾ ਫ਼ੈਸਲਾ ਕੀਤਾ ਹੈ। ਪਿਛਲੇ ਸਾਲ ਤਤਕਾਲੀ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਇੱਕ ਬਿਲ ’ਤੇ ਸਹੀ ਪਾਈ ਸੀ ਜਿਸ ਤਹਿਤ ਤਿੱਬਤ ਲਈ ਅਮਰੀਕੀ ਇਮਦਾਦ ਵਿੱਚ ਵਾਧਾ ਕੀਤਾ ਗਿਆ ਸੀ ਅਤੇ ਚੀਨ ਅਤੇ ਦਲਾਈ ਲਾਮਾ ਵਿਚਕਾਰ ਗੱਲਬਾਤ ਨੂੰ ਹੱਲਾਸ਼ੇਰੀ ਦੇਣ ਦੀ ਵਿਵਸਥਾ ਕੀਤੀ ਗਈ ਸੀ ਤਾਂ ਕਿ ਦੋਵੇਂ ਧਿਰਾਂ ਵਿਵਾਦ ਨੂੰ ਸ਼ਾਂਤਮਈ ਢੰਗ ਨਾਲ ਸੁਲਝਾਅ ਸਕਣ।

ਇਸ ਮਾਮਲੇ ’ਚ ਭਾਰਤ ਵੀ ਅਹਿਮ ਧਿਰ ਹੈ ਕਿਉਂਕਿ 1959 ਵਿੱਚ ਦਲਾਈ ਲਾਮਾ ਤਿੱਬਤ ਤੋਂ ਭੱਜ ਕੇ ਇੱਥੇ ਆ ਗਏ ਸਨ ਅਤੇ ਉਦੋਂ ਤੋਂ ਇੱਥੇ ਰਹਿ ਰਹੇ ਹਨ। ਇਸ ਦੇ ਬਾਵਜੂਦ ਨਵੀਂ ਦਿੱਲੀ ਤਿੱਬਤੀਆਂ ਲਈ ‘ਹਕੀਕੀ ਖ਼ੁਦਮੁਖ਼ਤਾਰੀ’ ਦੀ ਮੰਗ ਦੇ ਮੁੱਦੇ ’ਤੇ ਪੇਈਚਿੰਗ ਨਾਲ ਟਾਕਰਾ ਕਰਨ ਤੋਂ ਟਾਲ਼ਾ ਵੱਟਦੀ ਰਹੀ ਹੈ। ਦਲਾਈ ਲਾਮਾ ਵੱਲੋਂ ਆਪਣੇ ਅਗਲੇ ਵਾਰਸ ਬਾਰੇ ਸਪੱਸ਼ਟ ਸਟੈਂਡ ਲੈਣ ਨਾਲ ਭਾਰਤ ਨੂੰ ਚੀਨ ਖ਼ਿਲਾਫ਼ ਆਪਣੀ ਕੂਟਨੀਤਕ ਤਾਕਤ ਦਾ ਮੁਜ਼ਾਹਰਾ ਕਰਨ ਦਾ ਮੌਕਾ ਮਿਲ ਗਿਆ ਹੈ ਜਿਵੇਂ ਇਸ ਨੇ ਸ਼ੰਘਾਈ ਸਹਿਯੋਗ ਸੰਘ ਦੇ ਸੰਮੇਲਨ ’ਚ ਪਹਿਲਗਾਮ ਅਤਿਵਾਦੀ ਹਮਲੇ ਦਾ ਜ਼ਿਕਰ ਨਾ ਕਰਨ ਵਾਲੇ ਸਾਂਝੇ ਬਿਆਨ ਨੂੰ ਰੱਦ ਕਰ ਕੇ ਦਿਖਾਈ ਸੀ।

## 40 ਘੰਟਿਆਂ ਦੇ ਟਰੈਫਿਕ ਜਾਮ, ਜਿਸ ਕਰ ਕੇ ਤਿੰਨ ਮੌਤਾਂ ਹੋਈਆਂ

ਪਿਛਲੇ ਹਫ਼ਤੇ 40 ਘੰਟਿਆਂ ਦੇ ਟਰੈਫਿਕ ਜਾਮ, ਜਿਸ ਕਰ ਕੇ ਤਿੰਨ ਮੌਤਾਂ ਹੋ ਗਈਆਂ ਸਨ, ਦੇ ਮੁੱਦੇ ਨੂੰ ਸਿੱਝਣ ਨੂੰ ਲੈ ਕੇ ਭਾਰਤੀ ਰਾਸ਼ਟਰੀ ਰਾਜਮਾਰਗ ਅਥਾਰਿਟੀ (ਐੱਨਐੱਚਏਆਈ) ਨੂੰ ਕਾਫ਼ੀ ਨੁਕਤਾਚੀਨੀ ਝੱਲਣੀ ਪਈ ਹੈ। ਇਸ ਪ੍ਰਸੰਗ ਵਿੱਚ ਮੱਧ ਪ੍ਰਦੇਸ਼ ਹਾਈ ਕੋਰਟ ਵਿੱਚ ਲਏ ਗਏ ਇਸ ਦੇ ਸਟੈਂਡ ਨੂੰ ਬੇਹੂਦਾ ਅਤੇ ਸੰਵੇਦਨਹੀਣ ਕਰਾਰ ਦਿੱਤਾ ਗਿਆ ਜਿਸ ਪਤਾ ਲੱਗਦਾ ਹੈ ਕਿ ਇਸ ਤਰ੍ਹਾਂ ਦੀ ਮਾਨਸਿਕਤਾ ਜ਼ਮੀਨੀ ਹਕੀਕਤ ਤੋਂ ਕੋਹਾਂ ਦੂਰ ਹੈ। ਜਨਹਿੱਤ ਪਟੀਸ਼ਨ ’ਤੇ ਸੁਣਵਾਈ ਦੌਰਾਨ ਐੱਨਐੱਚਏਆਈ ਦੀ ਇਸ ਗੱਲੋਂ ਖਿਚਾਈ ਕੀਤੀ ਗਈ ਕਿ ਇਸ ਵੱਲੋਂ ਦੇਰੀ ਨਾਲ ਕੀਤੇ ਗਏ ਨੁਕਸਦਾਰ ਸੜਕ ਨਿਰਮਾਣ ਕਾਰਜ ਕਰ ਕੇ ਆਗਰਾ-ਮੁੰਬਈ ਰਾਸ਼ਟਰੀ ਰਾਜਮਾਰਗ ਦੇ ਇੰਦੌਰ-ਦੇਵਾਸ ਸੈਕਸ਼ਨ ਉੱਪਰ ਟਰੈਫਿਕ ਜਾਮ ਲੱਗ ਗਿਆ ਸੀ। ਐੱਨਐੱਚਏਆਈ ਦੇ ਵਕੀਲ ਨੇ ਇਸ ਮੁਤੱਲਕ ਇਹ ਟਿੱਪਣੀ ਕੀਤੀ ਕਿ “ਐਨੇ ਸਵੇਰੇ ਆਖ਼ਿਰਕਾਰ ਐਨੇ ਲੋਕ ਬਿਨਾਂ ਕੰਮ ਤੋਂ ਘਰੋਂ ਕਿਉਂ ਘਰੋਂ ਨਿਕਲ ਜਾਂਦੇ ਹਨ ?”ਇਸੇ ਕਰ ਕੇ ਸਖ਼ਤ ਰੋਸ ਪੈਦਾ ਹੋ ਗਿਆ। ਜਿੱਥੇ ਇਸ ਰਾਸ਼ਟਰੀ ਏਜੰਸੀ ਨੂੰ ਮੁਆਫ਼ੀ ਮੰਗਣੀ ਚਾਹੀਦੀ ਸੀ, ਉੱਥੇ ਇਸ ਨੇ ਉਲਟਾ ਲੋਕਾਂ ਨੂੰ ਹੀ ਕਸੂਰਵਾਰ ਠਹਿਰਾਅ ਦਿੱਤਾ।

ਸੜਕਾਂ ਅਤੇ ਰਾਜਮਾਰਗਾਂ ਦੇ ਵੱਡੇ ਪ੍ਰਾਜੈਕਟਾਂ ਵਿੱਚ ਅਮੁੱਕ ਦਿੱਕਤਾਂ ਭਾਰਤ ਦੇ ਲੋਕਾਂ ਦੀ ਹੋਣੀ ਬਣ ਗਈਆਂ ਹਨ। ਬਹੁਤੀਆਂ ਥਾਵਾਂ ’ਤੇ ਘੱਟੋ-ਘੱਟ ਆਵਾਜਾਈ ਰੁਕਾਵਟਾਂ ਯਕੀਨੀ ਬਣਾਉਣ ਦੀਆਂ ਸਰਬੋਤਮ ਪਿਰਤਾਂ ਨਦਾਰਦ ਹਨ। ਕੇਂਦਰੀ ਮੰਤਰੀ ਨਿਤਿਨ ਗਡਕਰੀ ਵੱਲੋਂ ਸੜਕਾਂ ਦੀ ਗੁਣਵੱਤਾ ਅਤੇ ਸੁਰੱਖਿਆ ਪੈਮਾਨਿਆਂ ਵਿੱਚ ਸੁਧਾਰ ਲਿਆਉਣ ਲਈ ਸਰਗਰਮ ਭੂਮਿਕਾ ਨਿਭਾਈ ਜਾ ਰਹੀ ਹੈ ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਵੀ ਮੰਨਣਾ ਪਿਆ ਹੈ ਕਿ ਹਾਲੇ ਵੀ ਸੁਧਾਰ ਦੀ ਗੁੰਜਾਇਸ਼ ਹੈ। ਕਈ ਥਾਵਾਂ ’ਤੇ ਧਰਾਤਲੀ ਚੁਣੌਤੀਆਂ ਅਤੇ ਜ਼ਮੀਨ ਐਕੁਆਇਰ ਕਰਨ ਦੀਆਂ ਔਕੜਾਂ ਪੇਸ਼ ਆਉਂਦੀਆਂ ਹਨ ਪਰ ਜ਼ਮੀਨੀ ਪੱਧਰ ’ਤੇ ਕਾਰਕਰਦਗੀ ਨਾਲ ਜੁੜਿ ?ਆ ਅਹਿਮ ਖੇਤਰ ਆਮ ਤੌਰ ’ਤੇ ਨਿਰਮਾਣ ਕੰਪਨੀਆਂ ਤੇ ਠੇਕੇਦਾਰਾਂ ਰਾਹੀਂ ਹੀ ਕੀਤਾ ਜਾਂਦਾ ਹੈ। ਤਜਰਬਾ, ਕਾਬਲੀਅਤ, ਨੈਤਿਕਤਾ ਇਹ ਸਾਰੇ ਕਾਰਕ ਭੂਮਿਕਾ ਨਿਭਾਉਂਦੇ ਹਨ। ਗੁਣਵੱਤਾ ਅਤੇ ਕੰਮ ਦੀ ਗਤੀ ਵਿਵਾਦ ਦਾ ਬਿੰਦੂ ਬਣ ਸਕਦਾ ਹੈ। ਐੱਨਐੱਚਏਆਈ ਦੇ ਅਫਸਰਾਂ ਦੀ ਕੁੱਟਮਾਰ ਕਰਨ ਦੇ ਦੋਸ਼ ਵਿੱਚ ਹਿਮਾਚਲ ਪ੍ਰਦੇਸ਼ ਦੇ ਇੱਕ ਮੰਤਰੀ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ ਜਿਸ ਤੋਂ ਬਾਅਦ ਦੋਸ਼ ਅਤੇ ਪ੍ਰਤੀ-ਦੋਸ਼ ਸ਼ੁਰੂ ਹੋ ਗਏ ਹਨ।

ਭਾਰਤ ਦੇ ਸੜਕੀ ਨੈੱਟਵਰਕ ਵਿੱਚ ਹਾਲੀਆ ਸਾਲਾਂ ਦੌਰਾਨ ਕਾਫ਼ੀ ਸੁਧਾਰ ਆਇਆ ਹੈ ਅਤੇ ਇਸ ਲਈ ਸਬੰਧਿਤ ਏਜੰਸੀਆਂ ਦਾ ਕਾਰਜ ਸ਼ਲਾਘਾਯੋਗ ਹੈ। ਇਸ ਦੇ ਰਿਪੋਰਟ ਕਾਰਡ ਵਿੱਚ ਕਈ ਨਾਂਹਮੁਖੀ ਪਹਿਲੂ ਵੀ ਹਨ ਜਿਵੇਂ ਕਿ ਸਮਾਂ-ਸੀਮਾ ਦੀ ਬਹੁਤੀ ਪ੍ਰਵਾਹ ਨਹੀਂ ਕੀਤੀ ਜਾਂਦੀ ਜਾਂ ਪ੍ਰਾਜੈਕਟ ਦੇ ਮੁਕੰਮਲ ਹੋਣ ਵਿੱਚ ਦੇਰੀ, ਨੁਕਸਦਾਰ ਕੰਮਾਂ ਅਤੇ ਨਾਅਹਿਲੀਅਤ ਲਈ ਕੋਈ ਜਵਾਬਦੇਹੀ ਤੈਅ ਨਹੀਂ ਕੀਤੀ ਜਾਂਦੀ। ਐੱਨਐੱਚਏਆਈ ਨੂੰ ਆਪਣੇ ਤੌਰ ਤਰੀਕਿਆਂ ’ਤੇ ਅੰਤਰਝਾਤ ਮਾਰਨ ਦੀ ਲੋੜ ਹੈ ਅਤੇ ਆਪਣੀਆਂ ਕਮੀਆਂ ਨੂੰ ਸੁਧਾਰਨਾ ਚਾਹੀਦਾ ਹੈ।

# ਪੰਜਾਬ ਸਰਕਾਰ ਸਮਾਜ ਦੇ ਲੋੜਵੰਦ ਅਤੇ ਪੱਛੜੇ ਵਰਗਾਂ ਦੀ ਮਦਦ ਕਰ ਰਹੀ ਹੈ: ਵਿਧਾਇਕ ਸ਼ੈਰੀ ਕਲਸੀ



ਬਟਾਲਾ, 7 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਕਮਜ਼ੋਰ ਅਤੇ ਪੱਛੜੇ ਵਰਗਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਐੱਸ.ਸੀ ਭਾਈਚਾਰੇ ਨਾਲ ਸਬੰਧਤ ਪਰਿਵਾਰਾਂ ਦੇ ਕਰਜ਼ਾ ਮੁਆਫ਼ ਕੀਤੇ ਗਏ ਹਨ। ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਦੱਸਿਆ ਕਿ ਪੰਜਾਬ ਸਰਕਾਰ ਸਮਾਜ ਦੇ ਲੋੜਵੰਦ ਅਤੇ ਪੱਛੜੇ ਵਰਗਾਂ ਦੀ ਮਦਦ ਕਰ ਰਹੀ ਹੈ।

ਵਿਧਾਇਕ ਸ਼ੈਰੀ ਕਲਸੀ ਨੇ ਕਿ ਸੂਬਾ ਸਰਕਾਰ ਲੋਕਾਂ ਦੀ ਵੱਧ ਤੋਂ ਵੱਧ ਭਲਾਈ ਨੂੰ ਯਕੀਨੀ ਬਣਾ ਰਹੀ ਹੈ ਤਾਂ ਜੋ ਸਮਾਜ ਦੇ ਹਰ ਵਰਗ ਨੂੰ ਇਸ ਦਾ ਲਾਭ ਮਿਲ ਸਕੇ। ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਸੂਬੇ ਦੇ ਪੱਛੜੇ ਤੇ ਕਮਜ਼ੋਰ ਵਰਗਾਂ ਨੂੰ ਇਹ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਇਹ ਇਸ ਕਰਕੇ ਸੰਭਵ ਹੋਇਆ ਹੈ ਕਿਉਂਕਿ ਪਹਿਲੀ ਵਾਰ ਸੂਬੇ ਦਾ ਬਜਟ ਆਮ ਆਦਮੀ ਦੀ ਭਲਾਈ ਲਈ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਸਰਕਾਰੀ ਖਜ਼ਾਨੇ ਦਾ ਇੱਕ-ਇੱਕ ਪੈਸਾ ਜਨਤਕ ਭਲਾਈ ’ਤੇ ਖਰਚ ਕਰ ਰਹੀ ਹੈ।

ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਤੇ ਵਿੱਤ ਨਿਗਮ (ਪੀ.ਐੱਸ.ਸੀ.ਐੱਫ.ਸੀ.) ਵੱਲੋਂ 31 ਮਾਰਚ, 2020 ਤੱਕ ਵੰਡੇ ਗਏ ਕਰਜ਼ਿਆਂ ’ਤੇ ਲੀਕ ਫੇਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਮੁਆਫ਼ੀ ਪੀ.ਐੱਸ.ਸੀ.ਐੱਫ.ਸੀ. ਦੁਆਰਾ ਉਪਰੋਕਤ ਮਿਤੀ ਤੱਕ ਵੰਡੇ ਗਏ ਸਾਰੇ ਕਰਜ਼ਿਆਂ ਲਈ ਹੈ, ਜਿਸ ਨਾਲ ਐੱਸ.ਸੀ. ਭਾਈਚਾਰਾ ਅਤੇ ਦਿਵਿਆਂਗ ਵਰਗ ਦੇ ਕਰਜ਼ਦਾਰਾਂ ਨੂੰ ਲੋੜੀਂਦੀ ਰਾਹਤ ਮਿਲੀ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਇਨ੍ਹਾਂ ਲਾਭਪਾਤਰੀਆਂ ਨੂੰ ‘ਕੋਈ ਬਕਾਇਆ ਨਹੀਂ’ ਸਰਟੀਫਿਕੇਟ ਜਾਰੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ 30 ਅਪ੍ਰੈਲ, 2025 ਤੱਕ ਗਿਣਿਆ ਗਿਆ ਮੂਲ, ਵਿਆਜ ਅਤੇ ਦੰਡ ਵਿਆਜ ਸਮੇਤ ਬਣਦੀ ਪੂਰੀ ਰਕਮ ਸੂਬਾ ਸਰਕਾਰ ਵੱਲੋਂ ਪੀ.ਐੱਸ.ਸੀ.ਐੱਫ.ਸੀ. ਨੂੰ ਵਾਪਸ ਕੀਤੀ ਜਾਵੇਗੀ।

# ਬੀ. ਐੱਸ. ਸੀ. ਫੈਸ਼ਨ ਡਿਜ਼ਾਇਨਿੰਗ ਦੇ ਨਤੀਜਿਆਂ ਵਿੱਚ ਸਰਕਾਰੀ ਕਾਲਜ ਮਾਛੀਵਾੜਾ ਦੀ ਗੁਰਜੀਤ ਕੌਰ ਨੇ ਯੂਨੀਵਰਸਿਟੀ ਚੋਂ ਕੀਤਾ ਦੂਜਾ ਸਥਾਨ ਪ੍ਰਾਪਤ



ਮਾਛੀਵਾੜਾ ਸਾਹਿਬ, 7 ਜੁਲਾਈ
-ਸਤੀਸ਼ ਕੁਮਾਰ-
-ਪ੍ਰੈਸ ਕੀ ਤਾਕਤ ਬਿਊਰੋ

ਸਥਾਨਕ ਸਰਕਾਰੀ ਕਾਲਜ ਮਾਛੀਵਾੜਾ ਦੇ ਵਿਦਿਆਰਥੀ ਪ੍ਰਿੰਸੀਪਲ ਡਾ ਗੁਰਸ਼ਰਨ ਸਿੰਘ ਸੰਧੂ ਹੋਰਾ ਦੀ ਯੋਗ ਅਗਵਾਈ ਵਿੱਚ ਹਰੇਕ ਖੇਤਰ ਵਿੱਚ ਮੱਲਾਂ ਮਾਰ ਰਹੇ ਹਨ, ਇਸ ਬਾਰੇ ਜਾਣਕਾਰੀ ਦਿੰਦਿਆਂ ਮੀਡੀਆ ਇੰਚਾਰਜ ਡਾ. ਕਮਲਜੀਤ ਕੌਰ ਬਾਂਗਾ ਨੇ ਦੱਸਿਆ ਕਿ ਯੂਨੀਵਰਸਿਟੀ ਪ੍ਰੀਖਿਆਵਾਂ ਦੇ ਨਤੀਜਿਆਂ ਵਿੱਚ ਕਾਲਜ ਦੀ ਬੀ.ਐੱਸ.ਸੀ ਫੈਸ਼ਨ ਡਿਜ਼ਾਈਨਿੰਗ ਭਾਗ ਤੀਜਾ ਦੀ ਵਿਦਿਆਰਥਣ ਗੁਰਜੀਤ ਕੌਰ ਨੇ 95.5% ਨੰਬਰ ਹਾਸਲ ਕਰਕੇ ਯੂਨੀਵਰਸਿਟੀ ਵਿੱਚੋਂ ਦੂਜਾ ਸਥਾਨ ਤੇ ਕਾਲਜ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ,ਜਦੋ ਕਿ ਗਗਨਪ੍ਰੀਤ ਕੌਰ ਨੇ 91% ਨੰਬਰਾਂ ਨਾਲ ਕਾਲਜ ਵਿੱਚ ਦੂਜਾ ਤੇ ਮਹਿਕ ਨੇ 89.4% ਅੰਕਾਂ ਨਾਲ ਕਾਲਜ ਵਿੱਚੋਂ ਤੀਜਾ ਸਥਾਨ ਪ੍ਰਾਪਤ ਕਰਕੇ ਕਾਲਜ, ਮਾਪਿਆਂ, ਇਲਾਕੇ ਤੇ ਅਧਿਆਪਕਾਂ ਦਾ ਨਾਮ ਰੌਸ਼ਨ ਕੀਤਾ ।ਵਿਦਿਆਰਥੀ ਦੀ ਇਸ ਪ੍ਰਾਪਤੀ ਤੇ ਡਾ ਸੰਧੂ ਨੇ ਵਿਦਿਆਰਥੀਆਂ ਤੇ ਉਹਨਾ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ ਤੇ ਵਿਭਾਗ ਦੇ ਮੁਖੀ ਸਹਾਇਕ ਪ੍ਰੋਫੈਸਰ ਦੀਕਸ਼ਾ ਸਿੰਧਵਾਨੀ ਤੇ ਰਿਸੋਰਸ ਪਰਸਨ ਹੇਮਲਤਾ ਦੀ ਮਿਹਨਤ ਤੇ ਸਮਰਪਣ ਭਾਵਨਾ ਦੀ ਸ਼ਲਾਘਾ ਕੀਤੀ।

# ਸ਼ਿਵ ਲੰਗਰ ਕਮੇਟੀ ਵਲੋਂ ਅਮਰਨਾਥ ਯਾਤਰੀਆਂ ਲਈ ਬੁਰਾੜੀ ਮਾਰਗ ’ਤੇ 33ਵਾਂ ਭੰਡਾਰਾ ਸ਼ੁਰੂ : ਅਮਰ ਗੋਇਲ, ਸ਼ਿਵ ਗਰਗ



ਸਮਾਣਾ, 7 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਬਾਬਾ ਅਮਰਨਾਥ ਬਰਫਾਨੀ (ਜੰਮੂ ਕਸ਼ਮੀਰ) ਦੀ ਯਾਤਰਾ ਸ਼ੁਰੂ ਹੋਣ ਨਾਲ ਹੀ ਸ਼ਿਵ ਲੰ✂ਗਰ ਕਮੇਟੀ ਸਮਾਣਾ ਵਲੋਂ ਬਾਲਟਾਲ ਅਤੇ ਅਮਰਨਾਥ ਬਰਫਾਨੀ ਗੁਫਾ ਦੇ ਵਿਚਕਾਰ ਬੁਰਾੜੀ ਮਾਰਗ ’ਤੇ 45 ਦਿਨ ਚੱਲਣ ਵਾਲਾ 33ਵਾਂ ਵਿਸ਼ਾਲ ਭੰਡਾਰੇ ਦੀ ਸ਼ੁਰੂਆਤ ਗਣੇਸ਼ ਵੰਦਨਾ ਅਤੇ ਭੋਲੇਨਾਥ, ਮਾਤਾ ਪਾਰਵਤੀ ਦੇ ਜੈਕਾਰਿਆਂ ਨਾਲ ਸ਼ੁਰੂ ਕੀਤੀ ਗਈ। ਅੱਜ ਯਾਤਰਾ ਦੇ ਪਹਿਲੇ ਦਿਨ ਅਮਰਨਾਥ ਬਰਫਾਨੀ ਬਾਬਾ ਦੇ ਦਰਸ਼ਨਾਂ ਲਈ ਜਾ ਰਹੇ ਯਾਤਰੀਆਂ ਵਿਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਜੰਮੂ ਕਸ਼ਮੀਰ ਅਤੇ ਕੇਂਦਰ ਸਰਕਾਰ ਵਲੋਂ ਸੁਰੱਖਿਆ ਦੇ ਬਹੁਤ ਹੀ ਸਖਤ ਪ੍ਰਬੰਧ ਕੀਤੇ ਹੋਏ ਸੀ। ਇਸ ਮੌਕੇ ਸ਼ਿਵ ਲੰਗਰ ਕਮੇਟੀ ਦੇ ਪ੍ਰਧਾਨ ਅਮਰ ਗੋਇਲ ਅਤੇ ਬੁਰਾੜੀ ਮਾਰਗ ’ਤੇ ਚੱਲਣ ਵਾਲੇ ਭੰਡਾਰੇ ਦੇ ਇੰਚਾਰਜ ਸ਼ਿਵ ਨਰਾਇਣ ਗਰਗ ਨੇ ਦੱਸਿਆ ਕਿ ਅੱਜ 3 ਜੁਲਾਈ ਨੂੰ ਬਾਬਾ ਅਮਰਨਾਥ ਬਰਫਾਨੀ ਦੀ ਯਾਤਰਾ ਸ਼ੁਰੂ ਹੋਣ ਨਾਲ ਧਾਰਮਿਕ ਰੀਤੀ ਰਿਵਾਜ ਨਾਲ ਭੰਡਾਰੇ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਭੰਡਾਰੇ ਵਿਚ ਹਰ ਰੋਜ਼ 10 ਹਜ਼ਾਰ ਤੋਂ 15 ਹਜ਼ਾਰ ਯਾਤਰੀਆਂ ਲਈ ਭੋਜਨ ਦੀ ਵਿਵਸਥਾ ਕੀਤੀ ਗਈ ਹੈ, ਜਿਸ ਵਿਚ ਯਾਤਰੀਆਂ ਲਈ ਸਵੇਰ ਦਾ ਨਾਸ਼ਤਾ, ਦੁਪਿਹਰ ਦਾ ਖਾਣਾ ਅਤੇ ਰਾਤ ਦੇ ਖਾਣੇ ਤੋਂ ਇਲਾਵਾ ਹਰ ਤਰ੍ਹਾਂ ਦੇ ਅਚਾਰ, ਮੁਰੱਬਾ, ਚਾਹ, ਕਾਫੀ, ਗਰਮ ਦੁੱਧ, ਡਰਾਈ ਫਰੂਟ ਦੇ ਨਾਲ ਨਾਲ ਵਰਤ ਰੱਖਣ ਵਾਲੇ ਯਾਤਰੀਆਂ ਲਈ ਅਲੱਗ ਤੋਂ ਖਾਣੇ ਅਤੇ ਫਲ ਫਰੂਟ ਦਾ ਵੀ ਪ੍ਰਬੰਧ ਕੀਤਾ ਗਿਆ ਹੈ ਅਤੇ ਯਾਤਰੀਆਂ ਦੇ ਰਾਤ ਨੂੰ ਰੁਕਣ ਲਈ ਟੈਂਟ, ਗਰਮ ਕੰਬਲ, ਰਜਾਈਆਂ, ਹੀਟਰ ਅਤੇ ਗਰਮ ਪਾਣੀ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 45 ਦਿਨ ਚੱਲਣ ਵਾਲੇ ਇਸ ਭੰਡਾਰੇ ਵਿਚ ਮੈਡੀਕਲ ਸੁਵਿਧਾ ਦਾ ਵੀ ਪੂਰਾ ਪ੍ਰਬੰਧ ਕੀਤਾ ਗਿਆ ਹੈ ਤਾਂ ਕਿ ਬਾਬਾ ਅਮਰਨਾਥ ਦੀ ਯਾਤਰਾ ਕਰਨ ਵਾਲੇ ਯਾਤਰੀਆਂ ਨੂੰ ਕਿਸੇ ਵੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਅਮਰ ਗੋਇਲ ਅਤੇ ਸ਼ਿਵ ਨਰਾਇਣ ਗਰਗ ਨੇ ਦੱਸਿਆ ਕਿ ਇਸ ਭੰਡਾਰੇ ਨੂੰ ਚਲਾਵੁਣ ਲਈ ਤਕਰੀਬਨ 3 ਮਹੀਨੇ ਪਹਿਲਾਂ ਹੀ ਸਾਰੀਆਂ ਤਿਆਰੀਆਂ ਸ਼ੁਰੂ ਕਰਨੀਆਂ ਪੈਂਦੀਆਂ ਹਨ ਅਤੇ ਇਸ ਭੰਡਾਰੇ ਵਿਚ ਸਾਫ ਸਫਾਈ ਅਤੇ ਸਵਾਦਿਸ਼ਟ ਖਾਣ ਦੀਆਂ ਚੀਜ਼ਾਂ ਅਤੇ ਸਬਜੀ ਰੋਟੀ, ਸਨੈਕਸ ਆਦਿਬਣਾਉਣ ਲਈ ਖਾਸ ਸ਼ੈਫ ਅਤੇ ਕਾਰੀਗਰਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਅਤੇ ਭੰਡਾਰੇ ਵਿਚ ਖਾਣ ਪੀਣ ਵਾਲੀਆਂ ਵਸਤੂਆਂ ਅਤੇ ਭੋਜਨ ਆਦਿ ਬਣਾਉਣ ਦਾ ਸਾਰਾ ਕੰਮ ਲੰਗਰ ਕਮੇਟੀ ਦੇ ਮੈਂਬਰਾਂ ਦੀ ਨਿਗਰਾਨੀ ਹੇਠ ਹੀ ਸਾਫ ਸੁਥਰਾ ਤਿਆਰ ਕੀਤਾ ਜਾਂਦਾ ਹੈ। ਉਨ੍ਹਾਂ ਅਮਰਨਾਥ ਆਉਣ ਵਾਲੇ ਯਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਦਰਸ਼ਨਾਂ ਦੀ ਤਰੀਕ ਅਨੁਸਾਰ ਹੀ ਆਉਣ ਅਤੇ ਆਪਣਾ ਅਸਲੀ ਆਧਾਰ ਕਾਰਡ ਨਾਲ ਲੈ ਕੇ ਆਉਣ ਤਾਂ ਕਿ ਉਨ੍ਹਾਂ ਨੂੰ ਇਥੇ ਕਿਸੇ ਵੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਏ। ਇਸ ਮੌਕੇ ਜੀਵਨ ਗੋਇਲ, ਗਗਨ ਗੁਪਤਾ, ਦਿਨੇਸ਼ ਜੈਨ (ਰੋਡਾ) ਭਾਜਪਾ ਆਗੂ, ਨਲਿਨੀ ਚੋਪੜਾ, ਰਾਜ ਸ਼ਰਮਾ, ਵਿਪਨ ਕੁਮਾਰ, ਮੋਹਿਤ ਗੋਇਲ, ਚੰਦਰ ਮੋਹਨ ਭੋਲਾ, ਦੀਪਕ ਮੋਦੀ, ਤਰੁਨ ਜਿੰਦਲ, ਸੁਨੀਲ ਗੁਪਤਾ, ਸ਼ਿਵ ਕੁਮਾਰ ਆਦਿ ਹਾਜ਼ਰ ਸਨ।

# ਜਲ ਸ਼ਕਤੀ ਅਭਿਆਨ ਕੈਚ ਦਾ ਰੇਨ ਤਹਿਤ ਹੋਈ ਮੀਟਿੰਗ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ, ਕਰਮਚਾਰੀਆਂ ਤੇ ਕੇਂਦਰ ਤੋਂ ਆਏ ਹੋਏ ਸੀ. ਐੱਨ. ਓਜ਼ ਨੇ ਕੀਤੀ ਸ਼ਿਰਕਤ



ਤਰਨ ਤਾਰਨ, 7 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਜਲ ਸ਼ਕਤੀ ਅਭਿਆਨ ਕੈਚ ਦਾ ਰੇਨ ਤਹਿਤ ਡਿਪਟੀ ਕਮਿਸ਼ਨਰ ਤਰਨ ਤਾਰਨ ਸੀ ? ਰਾਹੁਲ ਦੇ ਨਿਰਦੇਸ਼ਾਂ ਹੇਠ ਹੋਈ ਮੀਟਿੰਗ ਦੌਰਾਨ ਐਸਡੀਐਮ ਤਰਨ ਤਾਰਨ ਸ੍ਰੀ ਅਰਵਿੰਦਰਪਾਲ ਸਿੰਘ ਅਤੇ ਜਿਲਾ ਵਿਕਾਸ ਤੇ ਪੰਚਾਇਤ ਅਫਸਰ ਸ੍ਰੀ ਅਭਿਨਵ ਗੋਇਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ, ਕਰਮਚਾਰੀਆਂ ਤੇ ਕੇਂਦਰ ਤੋਂ ਆਏ ਹੋਏ ਸੀ. ਐੱਨ. ਓਜ਼ ਨੇ ਉਚੇਚੇ ਤੌਰ ’ਤੇ ਸਿਰਕਤ ਕੀਤੀ।

ਇਸ ਮੌਕੇ ਤੇ ਸ਼ ?ਰੀ ਸਿਮਰਨਜੀਤ ਸਿੰਘ, ਉਪ ਮੰਡਲ ਇੰਜੀਨੀਅਰ ਨੋਡਲ ਅਫਸਰ, ਜਲ ਸ਼ਕਤੀ ਅਭਿਆਨ ਤਰਨ ਤਾਰਨ ਵੱਲੋ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ ਸਾਰੇ ਪ੍ਰਤੀਭਾਗੀਆਂ ਅਤੇ ਆਏ ਹੋਏ ਮੁੱਖ ਮਹਿਮਾਨ ਕੇਂਦਰ ਤੋ ਆਏ ਹੋਏ ਸੀ.ਐੱਨ. ਓਜ਼ ਦਾ ਨਿੱਘਾ ਸਵਾਗਤ ਕੀਤਾ ਗਿਆ।

ਸ਼ਰੀ ਸਿਮਰਨਜੀਤ ਸਿੰਘ, ਨੋਡਲ ਅਫਸਰ, ਜਲ ਸ਼ਕਤੀ ਅਭਿਆਨ ਤਰਨ ਤਾਰਨ ਵੱਲੋ ਜਾਣਕਾਰੀ ਦਿੰਦਿਆ ਦੱਸਿਆ ਗਿਆ ਕਿ ਜਿਲ੍ਹਾ ਤਰਨ ਤਾਰਨ ਵਿਖੇ ਵੱਖ-ਵੱਖ ਵਿਭਾਗਾ ਵੱਲੋ ਮੀਂਹ ਦੇ ਪਾਣੀ ਨੂੰ ਬਚਾਉਣ, ਸਾਂਭ- ਸੰਭਾਲ ਅਤੇ ਸਹੀ ਵਰਤੋ ਸਬੰਧੀ ਉਪਰਾਲੇ ਕੀਤੇ ਜਾ ਰਹੇ ਹਨ।

ਜ਼ਿਲ੍ਹੇ ਵੱਲੋ ਜ਼ਿਲ੍ਹਾ ਵਾਟਰ ਕੰਜ਼ਰਵੇਸ਼ਨ ਪਲਾਨ ਤਹਿਤ ਜਲ ਸ਼ਕਤੀ ਕੇਂਦਰ ਸਥਾਪਿਤ ਕੀਤਾ ਗਿਆ ਹੈ । ਜਿੱਥੇ ਕੋਈ ਵੀ ਵਿਅਕਤੀ ਜਲ ਸ਼ਕਤੀ ਅਭਿਆਨ ਤਹਿਤ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ । ਵੱਖ-ਵੱਖ ਪਿੰਡਾਂ ਵਿੱਚ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਰਿਚਾਰਜ ਸਟੱਕਚਰ ਬਣਾਏ ਜਾ ਰਹੇ ਹਨ, ਵਣ ਵਿਭਾਗ ਦੇ ਸਹਿਯੋਗ ਨਾਲ ਵੱਖ-ਵੱਖ ਵਿਭਾਗਾਂ ਵਲੋਂ ਟ ?ਰੀ ਪਲਾਂਟੇਸ਼ਨ ਕਰਵਾਈ ਜਾ ਰਹੀ ਹੈ ।

ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋ ਨਹਿਰੀ ਪਾਣੀ ਪ੍ਰੋਜੈਕਟ ਰਾਹੀਂ ਸਰਹੱਦੀ 99 ਪਿੰਡਾਂ ਨੂੰ ਆਰਸੈਨਿਕ ਮੁਕਤ ਪਾਣੀ ਮੁਹੱਈਆ ਕਰਵਾਉਣ ਲਈ ਮੈਗਾ ਪ੍ਰੋਜੈਕਟ ਤਿਆਰ ਕੀਤਾ ਜਾ ਰਿਹਾ ਹੈ, ਜਿੱਥੇ ਪ੍ਰੋਜੈਕਟ ਰਾਹੀਂ ਪੇਂਡੂ ਖੇਤਰ ਦੇ ਲੋਕਾ ਨੂੰ ਸਾਫ ਅਤੇ ਸ਼ੁੱਧ ਪਾਣੀ ਮੁਹੱਈਆ ਕਰਵਾਇਆ ਜਾਵੇਗਾ, ਉੱਥੇ ਨਾਲ ਦੀ ਨਾਲ ਇਹ ਪ੍ਰੋਜੈਕਟ ਧਰਤੀ ਹੇਠਲੇ ਪਾਣੀ ਪੱਧਰ ਨੂੰ ਉੱਪਰ ਚੁੱਕਣ ਵਿੱਚ ਵੀ ਸਹਿਯੋਗ ਦੇਵੇਗਾ ।

ਖੇਤੀਬਾੜੀ ਵਿਭਾਗ ਵੱਲੋ ਕਿਸਾਨਾਂ ਨੂੰ ਪਾਣੀ ਨੂੰ ਬਚਾਉਣ ਸਬੰਧੀ ਜਾਗਰੂਕ ਕਰਨ ਲਈ ਬਲਾਕ ਪੱਧਰ ’ਤੇ 8 ਕੈਂਪ ਲਗਾਏ ਗਏ ਹਨ, ਜਿਸ ਵਿੱਚ ਕੁੱਲ 11000 ਪ੍ਰਤੀਭਾਗੀਆਂ ਵੱਲੋਂ ਭਾਗ ਲਿਆ ਅਤੇ ਪਾਣੀ ਨੂੰ ਬਚਾਉਣ ਅਤੇ ਫਸਲੀ ਚੱਕਰ ਨੂੰ ਅਪਨਾਉਣ ਦੀ ਸੰਕਲਪ ਲਿਆ ਗਿਆ।

ਮਗਨਰੇਗਾ ਤਹਿਤ ਛੱਪੜਾ ਦਾ ਨਵੀਨੀਕਰਨ ਕੀਤਾ ਗਿਆ, ਜਿਸ ਵਿੱਚ ਥਾਪਰ ਮਾਡਲ, ਸੀਚੇਵਾਲ ਮਾਡਲ ਅਤੇ ਸਾਂਝੇ ਜਲ ਤਲਾਬਾਂ ਦੀ ਉਸਾਰੀ ਕੀਤੀ ਗਈ । ਇਸ ਤੋ ਇਲਾਵਾ ਮੀਂਹ ਦੇ ਪਾਣੀ ਸਾਂਭ-ਸੰਭਾਲ ਲਈ ਜ਼ਿਲ੍ਹਾ ਤਰਨ ਤਾਰਨ ਵਿਖੇ ਵੱਖ-ਵੱਖ ਸਰਕਾਰੀ ਬਿਲਡਿੰਗਾਂ ਅਤੇ ਸਕੂਲਾਂ ਵਿਖੇ ਰੇਨ ਵਾਟਰ ਹਾਰਵੈਸਟਿੰਗ ਸਟੱਕਚਰ ਬਣਾਏ ਗਏ ਹਨ, ਜ਼ਿਲ੍ਹਾ ਸਿੱਖਿਆ ਵਿਭਾਗ ਤਰਨ ਤਾਰਨ ਵੱਲੋ ਸਕੂਲਾਂ ਵਿੱਚ ਮੀਂਹ ਦੇ ਪਾਣੀ ਨੂੰ ਬਚਾਉਣ ਅਤੇ ਸਹੀ ਵਰਤੋ ਲਈ ਸਕੂਲਾਂ ਵਿੱਚ ਪਾਣੀ ਦੀ ਸਾਂਭ-ਸੰਭਾਲ ਸਬੰਧੀ ਸਵੇਰ ਦੀ ਸਭਾ ਵਿੱਚ ਜਾਗਰੂਕਤਾ ਅਤੇ ਸੁੰਹ /ਸੰਕਲਪ ਕਰਵਾਏ ਜਾ ਰਹੇ । ਇਸ ਤੇ ਇਲਾਵਾ ਬੱਚਿਆ ਨੂੰ ਇਹਨਾਂ ਪ੍ਰੋਗਰਾਮ ਵਿੱਚ ਸ਼ਾਮਿਲ ਕਰਕੇ ਪੋਸਟਰ ਮੈਕਿੰਗ, ਸਲੋਗਨ ਰਾਇਟਿੰਗ ਅਤੇ ਪੈਟਿੰਗ ਮੁਕਾਬਲੇ ਕਰਵਾਏ ਜਾ ਰਹੇ ਹਨ।

# 9 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਸਬੰਧੀ ਤਿਆਰੀ ਕਰਦੇ ਹੋਏ ਫੀਲਡ ਮੁਲਾਜ਼ਮ



ਬਠਿੰਡਾ, 7 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰੀ ਟਰੇਡ ਜਥੇਬੰਦੀਆਂ ਮੁਲਾਜ਼ਮ ਫੈਡਰੇਸ਼ਨਾਂ, ਆਜਾਦ ਜਥੇਬੰਦੀਆਂ ਦੇ ਸੱਦੇ 09 ਜੁਲਾਈ ਨੂੰ ਕੇਂਦਰ ਦੀ ਮੋਦੀ ਸਰਕਾਰ ਦੀਆਂ ਫਾਸ਼ੀਵਾਦੀ ਅਤੇ ਮਜ਼ਦੂਰ, ਮੁਲਾਜ਼ਮ, ਕਿਸਾਨ ਅਤੇ ਹੋਰ ਕਿਰਤੀ ਵਰਗ ਦੇ ਵਿਰੋਧੀ ਆਰਥਿਕ ਨੀਤੀਆਂ ਦੇ ਖਿਲਾਫ ਦੇਸ਼ ਵਿਆਪੀ ਹੜਤਾਲ ਜਿੱਥੇ ਕੇਂਦਰ ਦੀ ਮੋਦੀ ਸਰਕਾਰ ਦੇ ਖਿਲਾਫ ਕੀਤੀ ਜਾ ਰਹੀ ਹੈ।

ਉੱਥੇ ਪੰਜਾਬ ਅੰਦਰ ਭਗਵੰਤ ਮਾਨ ਦੀ ਅਗਵਾਈ ਹੇਠ ਚੱਲ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਅਪਣਾਈਆਂ ਜਾ ਰਹੀਆਂ ਮਜ਼ਦੂਰ, ਮੁਲਾਜ਼ਮ,ਕਿਸਾਨ ਅਤੇ ਹੋਰ ਕਿਰਤੀ ਵਰਗ ਵਿਰੋਧੀ ਨੀਤੀਆਂ ਦੇ ਖਿਲਾਫ ਵੀ ਕੀਤੀ ਜਾ ਰਹੀ ਹੈ। ਜਿਸ ਦੀ ਤਿਆਰੀ ਸਬੰਧੀ ਅੱਜ ਮੀਟਿੰਗ ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਤੇ ਜ਼ਿਲ੍ਹਾ ਪ੍ਰਧਾਨ ਬਲਰਾਜ ਸਿੰਘ ਮੌੜ ਦੀ ਪ੍ਰਧਾਨਗੀ ਹੇਠ ਜਥੇਬੰਦੀ ਦੇ ਦਫਤਰ ਬਠਿੰਡਾ ਵਿਖੇ ਹੋਈ ਜਿਸ ਵਿੱਚ ਪੀ ਐਸ ਐਸ ਐਫ ਦੇ ਜਿਲਾ ਪ੍ਰਧਾਨ ਹਰਨੇਕ ਸਿੰਘ ਗਹਿਰੀ ਸੁਬਾਈ ਆਗੂ ਦਰਸ਼ਨ ਸ਼ਰਮਾ,ਸੁਖਚੈਨ ਸਿੰਘ, ਲਖਬੀਰ ਸਿੰਘ ਭਾਗੀਬਾਂਦਰ ਜਿਲਾ ਕਮੇਟੀ ਆਗੂ ਹੰਸਰਾਜ ਬੀਜਵਾ ਕਿਸ਼ੋਰ ਚੰਦ ਗਾਜ,ਧਰਮ ਸਿੰਘ ਕੋਠਾ ਗੁਰੂ,ਬਲਜਿੰਦਰ ਸਿੰਘ,ਗੁਰਜੰਟ ਸਿੰਘ ਮਾਨ,ਜੀਤਰਾਮ ਦੋਦੜਾ, ਗੁਰਚਰਨ ਸਿੰਘ ਜੌੜਕੀਆਂ,ਪਰਮਜੀਤ ਸਿੰਘ, ਸੁਨੀਲ ਕੁਮਾਰ ਅਤੇ ਹੋਰ ਆਗੂ ਸ਼ਾਮਲ ਹੋਏ ਆਗੂਆਂ ਨੇ ਕਿਹਾ ਕਿ ਮੁਲਾਜ਼ਮ ਮਜ਼ਦੂਰ ਵਿਰੋਧੀ ਸਰਕਾਰਾਂ ਦੇ ਖਿਲਾਫ 9 ਜੁਲਾਈ ਨੂੰ ਫੀਲਡ ਦੇ ਸਮੁੱਚੇ ਮੁਲਾਜ਼ਮ ਹੜਤਾਲ ਸਬੰਧੀ ਪੰਜਾਬ ਵਾਟਰ ਸਪਲਾਈ ਐਂਡ ਸੀਵਰੇਜ ਬੋਰਡ ਦਫਤਰ ਭਾਗੂ ਰੋਡ ਬਠਿੰਡਾ ਵਿਖੇ ਇਕੱਤਰ ਹੋ ਕੇ ਰੋਸ ਮੁਜ਼ਾਹਰਾ ਕਰਨਗੇ ਜਥੇਬੰਦੀ ਆਗੂਆਂ ਨੇ ਪੰਜਾਬ ਸਰਕਾਰ ਮੰਗ ਕੀਤੀ ਕਿ ਹਰ ਤਰ੍ਹਾਂ ਦੇ ਦਿਹਾੜੀਦਾਰ ਮੁਲਾਜ਼ਮਾਂ ਨੂੰ ਬਿਨਾਂ ਸ਼ਰਤ ਰੈਗੂਲਰ ਕੀਤਾ ਜਾਵੇ ਅਤੇ ਉਹਨਾਂ ਦੀਆਂ ਉਜਰਤਾਂ ਦੇ ਵਿੱਚ ਵਾਧਾ ਕੀਤਾ ਜਾਵੇ ਪੇ ਕਮਿਸ਼ਨ ਦੇ ਬਕਾਏ ਇਕੱਠੇ ਦਿੱਤੇ ਜਾਣ,ਰਹਿੰਦੀਆਂ ਡੀਏ ਦੀਆਂ ਕਿਸਤਾਂ ਦੇ ਕੇ ਉਨਾਂ ਦੇ ਬਕਾਏ ਤੁਰੰਤ ਦਿੱਤੇ ਜਾਣ, ਠੇਕੇਦਾਰੀ ਸਿਸਟਮ ਬੰਦ ਕਰਕੇ ਮਹਿਕਮਿਆ ਵਿੱਚ ਰੈਗੂਲਰ ਭਰਤੀ ਕੀਤੀ ਜਾਵੇ।

# ਵਿਧਾਇਕ ਛੀਨਾ ਵੱਲੋਂ ਵਾਰਡ ਨੰਬਰ 33 ’ਚ ਸੜਕ ਨਿਰਮਾਣ ਕਾਰਜ਼ਾਂ ਦਾ ਆਗਾਜ਼



ਲੁਧਿਆਣਾ, 7 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਸਨੀਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਜਿਸਦੇ ਤਹਿਤ ਵੱਖ-ਵੱਖ ਇਲਾਕਿਆਂ ਵਿੱਚ ਵਿਕਾਸ ਪ੍ਰੋਜੈਕਟ ਜੰਗੀ ਪੱਧਰ ’ਤੇ ਚੱਲ ਰਹੇ ਹਨ ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਦੱਖਣੀ ਤੋਂ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਵਲੋਂ ਵਾਰਡ ਨੰਬਰ 33 ਅਧੀਨ ਸਤਿਸੰਗ ਘਰ ਤੋਂ ਬਾਪੂ ਮਾਰਕੀਟ ਤੱਕ ਬਣਨ ਵਾਲੀ ਸੜਕ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ ਕਰਦਿਆਂ ਕੀਤਾ। ਵਿਧਾਇਕ ਛੀਨਾ ਨੇ ਕਿਹਾ ਕਿ ਇਸ ਪ੍ਰੋਜੈਕਟ ’ਤੇ ਕਰੀਬ 57 ਲੱਖ ਰੁਪਏ ਦੀ ਲਾਗਤ ਆਵੇਗੀ।

ਵਿਧਾਇਕ ਛੀਨਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਇਨ੍ਹਾਂ ਸੜਕਾਂ ਨੂੰ ਹਮੇਸ਼ਾਂ ਅਣਗੌਲਿਆ ਕੀਤਾ ਹੈ ਅਤੇ ਸੜਕਾਂ ਦੀ ਹਾਲਤ ਬਹੁਤ ਮਾੜੀ ਸੀ।

ਉਨ੍ਹਾਂ ਦੱਸਿਆ ਕਿ ਸੜਕਾਂ ਦਾ ਸਿਰਫ਼ ਪੈਚ ਵਰਕ ਹੀ ਕੀਤਾ ਜਾ ਰਿਹਾ ਸੀ ਅਤੇ ਬਰਸਾਤ ਦੇ ਮੌਸਮ ਵਿੱਚ ਲੋਕਾਂ ਦਾ ਇੱਥੋਂ ਲੰਘਣਾ ਮੁਸ਼ਕਲ ਹੋ ਜਾਂਦਾ ਸੀ ਅਤੇ ਅਕਸਰ ਰਾਹਗੀਰ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਸਨ। ਇਸ ਮੌਕੇ ਰਜਿੰਦਰ ਸਿੰਘ, ਕੁਲਦੀਪ ਧੀਂਗਾਨ, ਪ੍ਰਭਜੋਤ ਅਤੇ ਹੋਰ ਇਲਾਕਾ ਨਿਵਾਸੀ ਵੀ ਮੌਜੂਦ ਸਨ।

# ਸਵਰਗੀ ਬਾਬੂ ਭਗਵਾਨ ਦਾਸ ਅਰੋੜਾ ਦੀ 25ਵੀਂ ਬਰਸੀ ਮੌਕੇ ਸ਼ਰਧਾਂਜਲੀ ਸਮਾਗਮ ਦਾ ਆਯੋਜਨ

ਸੁਨਾਮ, 7 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸੁਨਾਮ ਊਧਮ ਸਿੰਘ ਵਾਲਾ/ਸੰਗਰੂਰ, 3 ਜੁਲਾਈ (ਜੋਗਿੰਦਰ) - ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਪਿਤਾ ਅਤੇ ਸਾਬਕਾ ਮੰਤਰੀ ਪੰਜਾਬ ਸਵ. ਬਾਬੂ ਭਗਵਾਨ ਦਾਸ ਅਰੋੜਾ ਦੀ 25ਵੀਂ ਬਰਸੀ ਦੇ ਮੌਕੇ ’ਤੇ ਸ਼ਰਧਾਂਜਲੀ ਸਮਾਗਮ ਦਾ ਆਯੋਜਨ ਸਥਾਨਕ ਗੁਰੂ ਨਾਨਕ ਦੇਵ ਡੈਂਟਲ ਕਾਲਜ, ਲਖਮੀਰਵਾਲਾ ਰੋੜ, ਸੁਨਾਮ ਊਧਮ ਸਿੰਘ ਵਾਲਾ ਵਿਖੇ ਕੀਤਾ ਗਿਆ, ਜਿਸ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਕੈਬਨਿਟ ਮੰਤਰੀ ਸ੍ਰ ਗੁਰਮੀਤ ਸਿੰਘ ਖੁੱਡੀਆਂ, ਗੁਰਦਿੱਤ ਸਿੰਘ ਸੇਖੋਂ, ਮਨਜੀਤ ਸਿੰਘ ਬਿਲਾਸਪੁਰ, ਚੇਤਨ ਸਿੰਘ ਜੋੜੇਮਾਜਰਾ, ਅਸ਼ੋਕ ਪਰਾਸ਼ਰ ਪੱਪੀ, ਦਵਿੰਦਰਜੀਤ ਸਿੰਘ ਲਾਡੀ ਢੋਸ, ਗੁਰਪ੍ਰੀਤ ਸਿੰਘ ਬਣਾਂਵਾਲੀ, ਡਾ ਚਰਨਜੀਤ ਚੰਨੀ, ਦਲਵੀਰ ਸਿੰਘ ਟੌਂਗ, ਕੁਲਜੀਤ ਸਿੰਘ ਰੰਧਾਵਾ, ਡਾ ਵਿਜੈ ਸਿੰਗਲਾ, ਜਗਦੀਪ ਸਿੰਘ ਕਾਕਾ ਬਰਾੜ, ਇੰਦਰਬੀਰ ਸਿੰਘ ਨਿੱਜਰ, ਨਰਿੰਦਰ ਕੌਰ ਭਰਾਜ, ਕੁਲਵੰਤ ਸਿੰਘ ਪੰਡੋਰੀ (ਸਾਰੇ ਵਿਧਾਇਕ), ਹਰਪਾਲ ਕੌਰ (ਮਾਤਾ ਜੀ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ) ਸਮੇਤ ਹੋਰ ਸ਼ਖਸ਼ੀਅਤਾਂ ਨੇ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਉਨ੍ਹਾਂ ਵੱਲੋਂ ਪਾਏ ਵਡਮੁੱਲੇ ਯੋਗਦਾਨ ਨੂੰ ਯਾਦ ਕੀਤਾ। ਇਸ ਮੌਕੇ ਬਾਬੂ ਭਗਵਾਨ ਦਾਸ ਅਰੋੜਾ ਦੀ ਨਿੱਘੀ ਯਾਦ ਨੂੰ ਸਮਰਪਿਤ ਮੁਫ਼ਤ ਡੈਂਟਲ ਅਤੇ ਮੈਡੀਕਲ ਕੈਂਪ ਵੀ ਲਗਾਇਆ ਗਿਆ। ਇਸ ਕੈਂਪ ਦਾ ਇਲਾਕੇ ਦੇ ਹਜ਼ਾਰਾਂ ਲੋਕਾਂ ਨੇ ਲਾਭ ਲਿਆ।



ਸ਼ਰਧਾਂਜ਼ਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਬਾਬੂ ਭਗਵਾਨ ਦਾਸ ਅਰੋੜਾ ਸਿੱਖਿਆ ਅਤੇ ਸਿਹਤ ਦੇ ਖੇਤਰ ਵਿਚ ਲਾਮਿਸਾਲ ਕੰਮ ਕਰਕੇ ਹੋਰਨਾਂ ਲਈ ਚਾਨਣ ਮੁਨਾਰਾ ਬਣਨ ਦਾ ਸੁਭਾਗ ਪ੍ਰਾਪਤ ਕੀਤਾ। ਬਾਬੂ ਭਗਵਾਨ ਦਾਸ ਅਰੋੜਾ ਦੀ ਦੇਣ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ ਅਤੇ ਉਨ੍ਹਾਂ ਦੇ ਸਪੁੱਤਰ ਅਮਨ ਅਰੋੜਾ ਵੀ ਆਪਣੇ ਪਿਤਾ ਵਾਂਗ ਹੀ ਪੂਰੀ ਇਮਾਨਦਾਰੀ ਤੇ ਮਿਹਨਤ ਨਾਲ ਲੋਕ ਸੇਵਾ ਨੂੰ ਸਮਰਪਿਤ ਹਨ। ਉਨ੍ਹਾਂ ਕਿਹਾ ਕਿ ਬਾਬੂ ਭਗਵਾਨ ਦਾਸ ਨੇ ਇਲਾਕੇ ਦੀ ਸੇਵਾ ਦਾ ਸੰਕਲਪ ਮਨ ਵਿੱਚ ਲੈ ਕੇ ਇਹ ਡੈਂਟਲ ਕਾਲਜ ਇਥੇ ਸਥਾਪਤ ਕੀਤਾ ਸੀ ਤਾਂ ਜੋ ਇਥੋਂ ਦੇ ਲੋਕਾਂ ਨੂੰ ਅਤਿ ਆਧੁਨਿਕ ਇਲਾਜ ਸੁਵਿਧਾਵਾਂ ਮਿਲ ਸਕਣ। ਪੈਸਾ ਕਮਾਉਣਾ ਬਾਬੂ ਭਗਵਾਨ ਦਾਸ ਅਰੋੜਾ ਦਾ ਮਕਸਦ ਨਹੀਂ ਸੀ। 30 ਸਾਲ ਪਹਿਲਾਂ ਲਾਇਆ ਬੂਟਾ ਅੱਜ ਉਹ ਦਰੱਖਤ ਬਣ ਗਿਆ ਹੈ ਜਿਸਦੀ ਛਾਂ ਕਈ ਲੋਕ ਮਾਣ ਰਹੇ ਹਨ। ਉਹਨਾਂ ਕਿਹਾ ਕਿ ਮਨੁੱਖਤਾ ਦੀ ਭਲਾਈ ਲਈ ਸਰਗਰਮ ਰਹਿਣ ਵਾਲੀਆਂ ਨੇਕ ਰੂਹਾਂ ਨੂੰ ਹਮੇਸ਼ਾਂ ਯਾਦ ਰੱਖਿਆ ਜਾਂਦਾ ਹੈ ਅਤੇ ਉਹਨਾਂ ਦੀ ਨਿੱਘੀ ਯਾਦ ਨੂੰ ਸਮਰਪਿਤ ਇਹ ਸ਼ਰਧਾਂਜਲੀ ਸਮਾਗਮ, ਜ਼ਿੰਦਗੀ ਵਿੱਚ ਉਹਨਾਂ ਵੱਲੋਂ ਕੀਤੀਆਂ ਨੇਕ ਕਮਾਈਆਂ ਦਾ ਸਪਸ਼ਟ ਸਬੂਤ ਹੈ।

ਉਹਨਾਂ ਨੇ ਕਿਹਾ ਕਿ ਇਨਸਾਨੀਅਤ ਦੇ ਭਲੇ ਲਈ ਕੰਮ ਕਰਨ ਵਾਲੇ ਹਮੇਸ਼ਾਂ ਯਾਦ ਰੱਖੇ ਜਾਂਦੇ ਹਨ। ਅਰੋੜਾ ਪਰਿਵਾਰ ਨੇ ਨੇਕ ਦਿਲੀ ਨਾਲ ਹਮੇਸ਼ਾਂ ਹੀ ਗਰੀਬਾਂ ਤੇ ਲੋੜਵੰਦਾਂ ਦੀ ਮਦਦ ਕੀਤੀ ਹੈ ਅਤੇ ਬਾਬੂ ਭਗਵਾਨ ਦਾਸ ਅਰੋੜਾ ਦੇ ਪਦਚਿੰਨ੍ਹਾਂ ’ਤੇ ਚੱਲ ਕੇ ਕੈਬਨਿਟ ਮੰਤਰੀ ਅਮਨ ਅਰੋੜਾ ਵੀ ਪੂਰੀ ਤਨਦੇਹੀ ਨਾਲ ਲੋਕ ਸੇਵਾ ਚ ਜੁਟੇ ਹੋਏ ਹਨ। ਬਾਬੂ ਭਗਵਾਨ ਦਾਸ ਅਰੋੜਾ ਨੇਕ ਦਿਲ ਇਨਸਾਨ ਸਨ ਅਤੇ ਉਹਨਾਂ ਵੱਲੋਂ ਇਲਾਕੇ ਦੀ ਨੁਹਾਰ ਸੰਵਾਰਨ ਦਾ ਜੋ ਬੀੜਾ ਚੁੱਕਿਆ ਗਿਆ ਸੀ ਉਸ ਨੂੰ ਅਮਨ ਅਰੋੜਾ ਬਾਖੂਬੀ ਪੂਰਾ ਕਰਨ ਵਿੱਚ ਜੁਟੇ ਹੋਏ ਹਨ।

ਉਨ੍ਹਾਂ ਕਿਹਾ ਕਿ ਮਾਪਿਆਂ ਦੀਆਂ ਦੁਆਵਾਂ ਸਦਕਾ ਹੀ ਇਨਸਾਨ ਬੁਲੰਦੀਆਂ ਨੂੰ ਛੂੰਹਦਾ ਹੈ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਆਪਣੇ ਪਿਤਾ ਬਾਬੂ ਭਗਵਾਨ ਦਾਸ ਅਰੋੜਾ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਹਰ ਸਾਲ ਕਰਵਾਇਆ ਜਾਂਦਾ ਸਮਾਗਮ ਉਨ੍ਹਾਂ ਦੀ ਆਪਣੇ ਪਿਤਾ ਪ੍ਰਤੀ ਨਿੱਘੀ ਸੋਚ ਦਾ ਪ੍ਰਗਟਾਓ ਕਰਦਾ ਹੈ ।ਅਖੀਰ ਵਿੱਚ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦੇ ਹਾਂ ਕਿਹਾ ਕਿ ਉਹਨਾਂ ਦੇ ਪਿਤਾ ਜੀ ਦੇ ਸਦੀਵੀ ਵਿਛੋੜੇ ਤੋਂ 25 ਸਾਲ ਬਾਅਦ ਵੀ ਉਹਨਾਂ ਦੇ ਪਿਤਾ ਦੁਆਰਾ ਕੀਤੇ ਲੋਕ ਪੱਖੀ ਕਾਰਜਾਂ ਨੂੰ ਮਾਣ ਸਤਿਕਾਰ ਮਿਲਦਾ ਪਿਆ ਹੈ ਜੋ ਕਿ ਪਰਮਾਤਮਾ ਦੀ ਵੱਡੀ ਮਿਹਰ ਦੇ ਸਦਕਾ ਹੀ ਸੰਭਵ ਹੋ ਸਕਿਆ ਹੈ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਉਹ ਵਿਧਾਨ ਸਭਾ ਹਲਕਾ ਸੁਨਾਮ ਨੂੰ ਮਾਡਲ ਹਲਕੇ ਵਜੋਂ ਸੂਬੇ ਦਾ ਮੋਹਰੀ ਹਲਕਾ ਬਣਾਉਣ ਦੀ ਦਿਸ਼ਾ ਵਿੱਚ ਨਿਰੰਤਰ ਕਾਰਜਸ਼ੀਲ ਹਨ। ਸ਼ਰਧਾਂਜਲੀ ਸਮਾਰੋਹ ਦੌਰਾਨ ਉਨ੍ਹਾਂ ਨੇ ਆਪਣੇ ਮਾਤਾ ਜੀ ਪਰਮੇਸ਼ਵਰੀ ਦੇਵੀ ਅਤੇ ਭੈਣ ਰਾਧਿਕਾ ਅਰੋੜਾ ਸਮੇਤ ਸਮੁੱਚੇ ਪਰਿਵਾਰ ਦੀ ਤਰਫ਼ੋਂ ਸਮੂਹ ਸ਼ਖ਼ਸੀਅਤਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਰਾਗੀ ਬਹਾਦਰ ਸਿੰਘ ਜੀ ਦੇ ਰਾਗੀ ਜੱਥੇ ਨੇ ਇਲਾਹੀ ਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਸ਼੍ਰੀ ਸੰਦੀਪ ਰਿਸ਼ੀ, ਜ਼ਿਲ੍ਹਾ ਪੁਲਿਸ ਮੁਖੀ ਸਰਤਾਜ ਸਿੰਘ ਚਾਹਲ, ਉਪ ਮੰਡਲ ਮੈਜਿਸਟਰੇਟ ਸੁਨਾਮ ਪਰਮੋਦ ਸਿੰਗਲਾ, ਡੀ ਐਸ ਪੀ ਹਰਵਿੰਦਰ ਸਿੰਘ ਖਹਿਰਾ, ਸੰਦੀਪ ਗਿਲਹੋਤਰਾ ਸਮੇਤ ਪੰਜਾਬ ਭਰ ਤੋਂ ਵੱਖ ਵੱਖ ਅਦਾਰਿਆਂ ਨਿਗਮਾਂ ਦੇ ਚੇਅਰਮੈਨਾਂ, ਵੱਡੀ ਗਿਣਤੀ ਵਿੱਚ ਮਾਰਕੀਟ ਕਮੇਟੀਆਂ ਦੇ ਚੇਅਰਮੈਨ, ਨਗਰ ਕੌਂਸਲ ਪ੍ਰਧਾਨ, ਇਲਾਕੇ ਦੇ ਪੰਚ ਸਰਪੰਚਾਂ ਸਮੇਤ ਹੋਰ ਅਹੁਦੇਦਾਰ ਤੇ ਕੌਂਸਲਰ ਸਮੇਤ ਪਾਰਟੀ ਆਗੂ ਤੇ ਵਰਕਰ ਠਾਠਾਂ ਮਾਰਦੇ ਇਕੱਠ ਦੇ ਰੂਪ ਵਿੱਚ ਹਾਜ਼ਰ ਸਨ। ਸਮਾਗਮ ਦੌਰਾਨ ਸਟੇਜ ਸੰਚਾਲਨ ਦੀ ਭੂਮਿਕਾ ਅਵਤਾਰ ਸਿੰਘ ਈਲਵਾਲ ਚੇਅਰਮੈਨ ਨਗਰ ਸੁਧਾਰ ਟਰੱਸਟ ਸੰਗਰੂਰ ਨੇ ਨਿਭਾਈ।

# ਆਲ ਇੰਡੀਆ ਮੰਦਰ ਪ੍ਰਬੰਧਕ ਕਮੇਟੀ (ਰਜਿ:) ਪਟਿਆਲਾ ਨੇ ਸਕਾਲਰਸ਼ਿਪ ਵੰਡ ਸਮਾਰੋਹ ਦਾ ਕੀਤਾ ਆਯੋਜਨ

## ਵਿਦਿਆ ਅਤੇ ਚੰਗੇ ਸੰਸਕਾਰਾਂ ਤੋਂ ਬਿਨਾਂ ਮਨੁੱਖ ਇੱਕ ਜਾਨਵਰ ਵਾਂਗ ਹੈ: ਭੈਣ ਨੀਲਮ ਦੱਤ



**ਪਟਿਆਲਾ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਦਿਆ ਅਤੇ ਚੰਗੇ ਸੰਸਕਾਰਾਂ ਤੋਂ ਵਿਹੀਨ ਨਰ ਪਸ਼ੂ ਸਮਾਨ ਹੁੰਦਾ ਹੈ ਇਹ ਸ਼ਬਦ ਆਲ ਇੰਡੀਆ ਸ਼੍ਰੋਮਣੀ ਮੰਦਰ ਪ੍ਰਬੰਧਕ ਕਮੇਟੀ (ਰਜਿ:) ਪਟਿਆਲਾ ਵੱਲੋਂ ਲੋੜਵੰਦ ਅਤੇ ਹੋਣਹਾਰ ਵਿਦਿਆਰਥੀਆਂ ਦੇ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਦੇ ਉਦੇਸ਼ ਨਾਲ ਚਲਾਈ ਜਾ ਰਹੀ ਸਮਾਜ ਸੇਵਾ ਮੁਹਿੰਮ ਤਹਿਤ ਐਸ.ਡੀ.ਐਸ.ਈ. ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਵਿਖੇ ਇੱਕ ਸਕਾਲਰਸ਼ਿਪ ਵੰਡ ਸਮਾਗਮ ਦੇ ਦੌਰਾਨ ਭੈਣ ਨੀਲਮ ਦੱਤ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਹੇ। ਸਮਾਗਮ ਵਿੱਚ ਮੁੱਖ ਮਹਿਮਾਨ ਦੀ ਭੂਮਿਕਾ ਸ੍ਰੀਮਤੀ ਨੀਲਮ ਦੱਤ ਨੇ ਅਦਾ ਕੀਤੀ, ਜੋ ਕਿ ਇੱਕ ਕ੍ਰਾਂਤੀਕਾਰੀ ਸਨਾਤਨ ਧਰਮੀ ਅਤੇ ਨਿਰਸਵਾਰਥ ਸਮਾਜ ਸੇਵਿਕਾ ਹਨ ਅਤੇ ਆਲ ਇੰਡੀਆ ਸ਼੍ਰੋਮਣੀ ਮੰਦਰ ਪ੍ਰਬੰਧਕ ਕਮੇਟੀ (ਰਜਿਸਟਰਡ) ਪਟਿਆਲਾ ਦੇ ਸੰਸਥਾਪਕ ਪ੍ਰਧਾਨ ਸਵਰਗੀ ਅਨਿਲ ਦੱਤ ਦੀ ਪਤਨੀ ਹਨ। ਸਮਾਗਮ ਦੀ ਪ੍ਰਧਾਨਗੀ ਸਨਾਤਨ ਧਰਮ ਸੰਸਕ੍ਰਿਤ ਇੰਗਲਿਸ਼ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਰਿਧੂਦਮਨ ਸਿੰਘ ਨੇ ਕੀਤੀ। ਇਸ ਸ਼ੁਭ ਮੌਕੇ 'ਤੇ ਮੌਜੂਦ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੰਦੇ ਹੋਏ ਸ੍ਰੀਮਤੀ ਨੀਲਮ ਦੱਤ ਨੇ ਕਿਹਾ ਕਿ ਸਿੱਖਿਆ ਅਤੇ ਚੰਗੇ ਸੰਸਕਾਰਾਂ ਤੋਂ ਬਿਨਾਂ ਮਨੁੱਖ ਜਾਨਵਰ ਵਰਗਾ ਹੁੰਦਾ ਹੈ। ਇਸ ਲਈ, ਸਾਰੇ ਵਿਦਿਆਰਥੀਆਂ ਨੂੰ ਵਿੱਦਿਆ ਰੂਪੀ ਗਿਆਨ ਦੇ ਭੰਡਾਰ ਨੂੰ ਪ੍ਰਾਪਤ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਿੱਖਿਆ ਇੱਕ ਅਜਿਹਾ ਧਨ ਹੈ ਜਿਸਨੂੰ ਕੋਈ ਚੋਰ ਕਦੇ ਵੀ ਚੋਰੀ ਨਹੀਂ ਕਰ ਸਕਦਾ। ਇਹ ਧਨ, ਮਨੁੱਖ ਦੇ ਦਿਮਾਗ ਅਤੇ ਦਿਲ ਦੇ ਖਜ਼ਾਨੇ ਵਿੱਚ ਸੁਰੱਖਿਅਤ ਰਹਿੰਦਾ ਹੈ ਅਤੇ ਇਸਦੀ ਮਦਦ ਨਾਲ ਮਨੁੱਖ ਆਪਣੇ ਜੀਵਨ ਵਿੱਚ ਹਰ ਤਰ੍ਹਾਂ ਦੀ ਸਫਲਤਾ ਪ੍ਰਾਪਤ ਕਰ ਸਕਦਾ ਹੈ।

ਇਸ ਨਾਲ ਸਾਨੂੰ ਜ਼ਿੰਦਗੀ ਵਿੱਚ ਹਰ ਤਰ੍ਹਾਂ ਦੀ ਉਚਾਈਆਂ ਨੂੰ ਛੂਹਣ ਦੀ ਤਾਕਤ ਮਿਲਦੀ ਹੈ। ਸਮਾਗਮ ਵਿੱਚ ਕਰਨ ਮੋਦਗਿਲ ਜਨਰਲ ਸਕੱਤਰ, ਵਰਿੰਦਰ ਮੋਦਗਿਲ, ਗੋਰਾ ਲਾਲ ਭਾਰਦਵਾਜ ਅਤੇ ਸੁਰੇਸ਼ ਕਾਮਰਾ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਐਸ. ਡੀ.ਐਸ.ਈ. ਸੀਨੀਅਰ ਸੈਕੰਡਰੀ ਸਕੂਲ ਦੀ ਮਾਤ ਸੰਸਥਾ ਸ੍ਰੀ ਸਨਾਤਨ ਧਰਮ ਸਭਾ (ਰਜਿ:) ਪਟਿਆਲਾ ਦੇ ਪ੍ਰਧਾਨ ਲਾਲ ਚੰਦ ਜਿੰਦਲ, ਸੀਨੀਅਰ ਉਪ-ਪ੍ਰਧਾਨ ਸ਼੍ਰੀ ਵਿਜੇ ਮੋਹਨ ਗੁਪਤਾ, ਉਪ-ਪ੍ਰਧਾਨ ਸ਼੍ਰੀ ਐਨ.ਕੇ. ਜੈਨ, ਸਕੂਲ ਮੈਨੇਜਰ ਇੰਜੀਨੀਅਰ ਐਮ.ਐਮ. ਸਿਆਲ ਅਤੇ ਸਕੂਲ ਦੇ ਪ੍ਰਿੰਸੀਪਲ ਰਿਧੂਦਮਨ ਸਿੰਘ ਦੀ ਯੋਗ ਅਗਵਾਈ ਵਿੱਚ ਐਸ ਡੀ ਐਸ ਈ ਸੀਨੀਅਰ ਸੈਕੰਡਰੀ ਸਕੂਲ ਵਿੱਚ ਪਟਿਆਲਾ ਜ਼ਿਲ੍ਹੇ ਦੇ ਹਜ਼ਾਰਾਂ ਬੱਚਿਆਂ ਨੂੰ ਉੱਚ ਪੱਧਰੀ ਸਿੱਖਿਆ, ਅੰਤਰਰਾਸ਼ਟਰੀ ਪੱਧਰ ਤੇ ਖੇਡਾਂ ਅਤੇ ਸਨਾਤਨ ਧਰਮ ਦੀਆਂ ਪਵਿੱਤਰ ਕਦਰਾਂ-ਕੀਮਤਾਂ ਪ੍ਰਦਾਨ ਕੀਤੀ ਜਾ ਰਹੀਆਂ ਹਨ।

ਅੱਜ ਦੇ ਸਮਾਰੋਹ ਵਿੱਚ ਆਲ ਇੰਡੀਆ ਸ਼੍ਰੋਮਣੀ ਮੰਦਰ ਪ੍ਰਬੰਧਕ ਕਮੇਟੀ (ਰਜਿ:) ਪਟਿਆਲਾ ਵੱਲੋਂ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਲਈ 15,000 ਰੁਪਏ ਦੇ ਵਜ਼ੀਫ਼ੇ ਦਾ ਚੈੱਕ ਪ੍ਰਦਾਨ ਕਰਦੇ ਹੋਏ, ਸਕੂਲ ਦੇ ਪ੍ਰਿੰਸੀਪਲ ਰਿਧੂਦਮਨ ਸਿੰਘ ਨੇ ਸੰਸਥਾ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਸਕੂਲ ਦੇ ਐਸ.ਐਸ. ਮਾਸਟਰ ਅਨਿਲ ਕੁਮਾਰ ਭਾਰਤੀ ਦੀ ਵੀ ਪ੍ਰਸ਼ੰਸਾ ਕੀਤੀ, ਜਿਨ੍ਹਾਂ ਦੇ ਯਤਨਾਂ ਸਦਕਾ ਸਕੂਲ ਦੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇਣ ਦਾ ਇਹ ਸ਼ੁਭ ਕਾਰਜ ਸ਼ੁਰੂ ਕੀਤਾ ਗਿਆ ਸੀ। ਪ੍ਰੋਗਰਾਮ ਦੇ ਅੰਤ ਵਿੱਚ ਸੰਸਥਾ ਦੇ ਸੰਸਥਾਪਕ ਪ੍ਰਧਾਨ ਸਵਰਗੀ ਅਨਿਲ ਦੱਤ ਅਤੇ ਉਹਨਾਂ ਦੇ ਸਪੁੱਤਰ ਸਵਰਗੀ ਨਿਖਿਲ ਦੱਤ ਨੂੰ ਦੋ ਮਿੰਟ ਦਾ ਮੌਨ ਧਾਰਨ ਕਰ ਕੇ ਸ਼ਰਧਾਂਜਲੀ ਵੀ ਭੇਟ ਕੀਤੀ ਗਈ।

# ਟ੍ਰੈਫਿਕ ਉਲੰਘਣਾ ਦੇ 31 ਚਲਾਨ, 7 ਲੱਖ 29 ਹਜ਼ਾਰ ਜੁਰਮਾਨੇ : ਆਰ.ਟੀ.ਓ ਬਬਨਦੀਪ ਸਿੰਘ ਵਾਲੀਆ



**ਘਨੌਰ/ਪਟਿਆਲਾ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ੰਭੂ ਟੋਲ ਪਲਾਜਾ ਬਚਾਉਣ ਲਈ ਘਨੌਰ ਤੇ ਸਨੌਰ ਖੇਤਰ ਦੀਆਂ ਸੜਕਾਂ 'ਤੇ ਚੱਲਦੇ ਭਾਰੀ ਵਾਹਨਾਂ 'ਤੇ ਕਾਰਵਾਈ ਕਰਦਿਆਂ ਰੀਜ਼ਨਲ ਟਰਾਂਸਪੋਰਟ ਅਫ਼ਸਰ ਪਟਿਆਲਾ ਬਬਨਦੀਪ ਸਿੰਘ ਵਾਲੀਆ ਦੀ ਇਨਫੋਰਸਮੈਂਟ ਟੀਮ ਨੇ ਦੋ ਦਿਨਾਂ 'ਚ ਟ੍ਰੈਫਿਕ ਉਲੰਘਣਾ ਦੇ 31 ਚਲਾਨ ਕੱਟਕੇ 7 ਲੱਖ 29 ਹਜ਼ਾਰ ਰੁਪਏ ਦੇ ਜੁਰਮਾਨੇ ਕੀਤੇ ਹਨ। ਆਰ.ਟੀ.ਓ. ਨੇ ਦੱਸਿਆ ਕਿ ਘਨੌਰ-ਅੰਬਾਲਾ ਸਿਟੀ ਵਾਇਆ ਕਪੂਰੀ-ਲੋਹ ਸਿੰਬਲੀ ਸੜਕ 'ਤੇ ਭਾਰੀ ਵਹੀਕਲਾਂ ਦੀ ਵਪਾਰਕ ਆਵਾਜਾਈ ਵਾਲੇ ਵਾਹਨਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਭਾਰੀ ਵਾਹਨ ਜਿੱਥੇ ਛੋਟੀਆਂ ਸੜਕਾਂ ਦਾ ਭਾਰੀ ਨੁਕਸਾਨ ਕਰਦੇ ਹਨ, ਉਥੇ ਹੀ ਇਨ੍ਹਾਂ ਕਰਕੇ ਵੱਡੇ ਹਾਦਸੇ ਵੀ ਵਾਪਰਦੇ ਹਨ। ਬਬਨਦੀਪ ਸਿੰਘ ਵਾਲੀਆ ਨੇ ਦੱਸਿਆ ਕਿ ਲੋਕ ਨਿਰਮਾਣ ਵਿਭਾਗ ਦੇ ਪ੍ਰਾਂਤਕ ਮੰਡਲ-2 ਦੇ ਕਾਰਜਕਾਰੀ ਇੰਜੀਨੀਅਰ ਨੇ ਇੱਕ ਪੱਤਰ ਲਿਖਕੇ ਉਨ੍ਹਾਂ ਦੇ ਧਿਆਨ 'ਚ ਲਿਆਂਦਾ ਸੀ ਕਿ ਘਨੌਰ, ਅੰਬਾਲਾ ਸਿਟੀ ਵਾਇਆ ਕਪੂਰੀ ਲੋਹ ਸਿੰਬਲੀ ਸੜਕ ਉੱਪਰ ਹਰਿਆਣਾ ਰਾਜ ਵੱਲੋਂ ਆਉਣ ਵਾਲੇ ਭਾਰੀ ਵਾਹਨ ਤੇ ਟਿੱਪਰ ਟੈਕਸ ਬਚਾਉਣ ਲਈ ਚੱਲਦੇ ਹਨ, ਇਸ ਨਾਲ ਖੇਤਰ ਦੀਆਂ ਸੜਕਾਂ ਦਾ ਨੁਕਸਾਨ ਹੋ ਰਿਹਾ ਹੈ ਅਤੇ ਨਾਲ ਹੀ ਸਰਕਾਰ ਦੇ ਖ਼ਜ਼ਾਨੇ ਦਾ ਵੀ ਨੁਕਸਾਨ ਹੋ ਰਿਹਾ ਸੀ। ਇਸੇ ਕਾਰਨ ਹਲਕੇ ਵਾਹਨਾਂ ਤੇ ਖੇਤਰ ਦੇ ਵਸਨੀਕਾਂ ਨੂੰ ਵੀ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਆਰ.ਟੀ.ਓ ਨੇ ਦੱਸਿਆ ਕਿ ਭਾਰੀ ਵਾਹਨਾਂ ਤੇ ਨਜਾਇਜ਼ ਟਿੱਪਰਾਂ ਖ਼ਿਲਾਫ਼ ਉਨ੍ਹਾਂ ਦੇ ਇਨਫੋਰਸਮੈਂਟ ਵਿੰਗ ਵੱਲੋਂ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪਹਿਲੇ ਦਿਨ ਟੂਰਿਸਟ ਬੱਸ-1, ਮਿੰਨੀ ਬੱਸਾਂ-2, ਸਕੂਲ ਬੱਸਾਂ-3, ਓਵਰ ਲੋਡ ਟਿੱਪਰ ਤੇ ਕੈਂਟਰ-4 ਅਤੇ ਇੱਕ ਬਿਨ੍ਹਾਂ ਸੀਟ ਬੈਲਟ, ਬਿਨ੍ਹਾਂ ਦਸਤਾਵੇਜ-1 ਅਤੇ ਕਮਰਸ਼ੀਅਲ ਵਰਤੋਂ ਦੇ-5 ਅਤੇ ਕੁਲ 17 ਚਲਾਨ ਕੀਤੇ ਗਏ ਹਨ ਅਤੇ 3 ਲੱਖ 32 ਹਜ਼ਾਰ ਦੇ ਜੁਰਮਾਨੇ ਕੀਤੇ ਗਏ। ਜਦੋਂ ਕਿ ਅੱਜ ਓਵਰਲੋਡਿੰਗ ਦੇ 9, ਬਿਨ੍ਹਾਂ ਦਸਤਾਵੇਜ ਸਕੂਲ ਬੱਸ-1, ਗ਼ੈਰਕਾਨੂੰਨੀ ਚੌੜਾਈ-2 ਅਤੇ ਵਾਹਨਾ ਦੀ ਗ਼ੈਰ ਮਨਜ਼ੂਰਸ਼ੁਦਾ ਕਮਰਸ਼ੀਅਲ ਵਰਤੋਂ ਦੇ 2 ਚਲਾਨ ਤੇ ਕੁਲ 14 ਚਲਾਨ ਕਰਕੇ 3 ਲੱਖ 97 ਹਜ਼ਾਰ ਰੁਪਏ ਦੇ ਜ਼ੁਰਮਾਨੇ ਕੀਤੇ ਗਏ।

# ਪਟਿਆਲਾ ਜ਼ਿਲ੍ਹੇ 'ਚ ਡੇਂਗੂ ਦੀ ਰੋਕਥਾਮ ਲਈ ਸਿਹਤ ਵਿਭਾਗ ਸਰਗਰਮ : ਸਿਵਲ ਸਰਜਨ

## ➢ ਸਿਹਤ ਵਿਭਾਗ ਵੱਲੋਂ ਹੁਣ ਤੱਕ 339820 ਤੋਂ ਵੱਧ ਘਰਾਂ ਦਾ ਸਰਵੇ; 1023 ਥਾਵਾਂ 'ਤੇ ਮਿਲੇ ਲਾਰਵੇ ਨੂੰ ਨਸ਼ਟ ਕਰਵਾਇਆ : ਡਾ. ਜਗਪਾਲਇੰਦਰ ਸਿੰਘ ➢ ਡੇਂਗੂ ਦੇ ਖ਼ਾਤਮੇ ਲਈ ਲੋਕ ਸਹਿਯੋਗ ਦੇਣ; ਆਪਣੇ ਆਲੇ ਦੁਆਲੇ ਖੜੇ ਪਾਣੀ ਦੇ ਸਰੋਤਾਂ ਨੂੰ ਹਫ਼ਤੇ ਵਿੱਚ ਇਕ ਵਾਰ ਜ਼ਰੂਰ ਸੁੱਕਾ ਰੱਖਣ : ਸਿਵਲ ਸਰਜਨ



**ਪਟਿਆਲਾ, 7 ਜੁਲਾਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ੍ ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੱਜ ਸਿਹਤ ਵਿਭਾਗ ਵੱਲੋਂ ਹਰ ਸ਼ੁੱਕਰਵਾਰ ਵਾਰ ਡੇਂਗੂ 'ਤੇ ਵਾਰ ਮੁਹਿੰਮ ਤਹਿਤ ਪਟਿਆਲਾ ਜ਼ਿਲ੍ਹੇ ਦੇ 35084 ਘਰਾਂ ਤੱਕ ਪਹੁੰਚ ਕਰਕੇ 255 ਥਾਵਾਂ 'ਤੇ ਮਿਲੇ ਲਾਰਵੇ ਨੂੰ ਨਸ਼ਟ ਕਰਵਾਇਆ। ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਨੇ ਦੱਸਿਆ ਕਿ ਹੁਣ ਤੱਕ ਸਿਹਤ ਵਿਭਾਗ ਦੀ ਟੀਮ ਵੱਲੋਂ ਹੁਣ ਤੱਕ ਕੁਲ 3,39,820 ਘਰਾਂ ਦਾ ਸਰਵੇ ਕਰਕੇ 1023 ਥਾਵਾਂ 'ਤੇ ਮਿਲੇ ਲਾਰਵੇ ਨੂੰ ਨਸ਼ਟ ਕਰਵਾਇਆ ਹੈ।

ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਰਕਾਰੀ ਅਤੇ ਪ੍ਰਾਈਵੇਟ ਨਰਸਿੰਗ ਸਕੂਲਾਂ/ਕਾਲਜਾਂ ਦੇ ਨਰਸਿੰਗ ਵਿਦਿਆਰਥੀਆਂ ਅਤੇ ਆਸ਼ਾ ਵਰਕਰ ਦੇ ਸਹਿਯੋਗ ਨਾਲ ਡੇਂਗੂ ਦੇ ਹਾਟ-ਸਪਾਟ ਇਲਾਕਿਆਂ ਦੀ ਚੈਕਿੰਗ ਲਈ ਜ਼ਿਲ੍ਹੇ ਭਰ ਵਿੱਚ ਸਪੈਸ਼ਲ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦੀ ਅਗਵਾਈ ਸਿਵਲ ਸਰਜਨ ਸਮੇਤ ਜ਼ਿਲ੍ਹਾ ਪ੍ਰੋਗਰਾਮ ਅਫ਼ਸਰਾਂ ਅਤੇ ਸੀਨੀਅਰ ਮੈਡੀਕਲ ਅਫ਼ਸਰਾਂ ਵੱਲੋਂ ਕੀਤੀ ਗਈ।

ਸਿਵਲ ਸਰਜਨ ਨੇ ਦੱਸਿਆ ਕਿ ਅੱਜ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਕ੍ਰਿਸ਼ਨਾ ਕਲੋਨੀ ਚਾਰ ਨੰਬਰ ਡਵੀਜ਼ਨ, ਦੇਸੀ ਮਹਿਮਾਨਦਾਰੀ, ਅਰੋੜਿਆਂ ਸਟਰੀਟ ਟੀ.ਬੀ ਹਸਪਤਾਲ ਰੋਡ ਨੇੜੇ ਭਸੀਨ ਇਲੈਕਟ੍ਰੋਨਿਕਸ, ਜੁਝਾਰ ਨਗਰ, ਆਜ਼ਾਦ ਨਗਰ, ਜਗਦੀਸ਼ ਆਸ਼ਰਮ ਰੋਡ, ਬੈਂਕ ਕਲੋਨੀ, ਮਾਡਲ ਟਾਊਨ ਨੇੜੇ ਸੀਐਚਸੀ, ਖ਼ਾਲਸਾ ਮੁਹੱਲਾ ਧੋਬੀ ਘਾਟ, ਲੱਕੜ ਮੰਡੀ, ਤ੍ਰਿਪੜੀ ਮੇਨ ਮਾਰਕਿਟ ਤੋਂ ਮੀਡੀਆ ਰੋਡ, ਫੋਕਲ ਪੁਆਇੰਟ, ਕਸ਼ਮੀਰੀ ਗੁਰਦੁਆਰਾ ਸਾਹਿਬ ਤੋਂ ਰਤਨ ਨਗਰ ਐਕਸਟੈਨਸ਼ਨ ਇਲਾਕਿਆਂ ਵਿੱਚ ਘਰ ਘਰ ਵਿਜ਼ਟ ਕਰਕੇ ਡੇਂਗੂ ਦਾ ਲਾਰਵਾ ਚੈੱਕ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ 'ਚ ਪੰਚਾਇਤ ਵਿਭਾਗ, ਨਗਰ ਨਿਗਮ ਸਮੇਤ ਵੀਐੱਚਐਨਐਸਸੀ ਅਤੇ ਲੋਕਲ ਮੁਹੱਲੇ ਦੇ ਮੁਹਤਬਰ ਵਿਅਕਤੀਆਂ ਦੀ ਵੀ ਮਦਦ ਲਈ ਜਾ ਰਹੀ ਹੈ।

ਡਾ. ਜਗਪਾਲਇੰਦਰ ਸਿੰਘ ਨੇ ਦੱਸਿਆ ਕਿ ਮੁਹਿੰਮ ਦੌਰਾਨ ਲੋਕਾਂ ਨੂੰ ਡੇਂਗੂ ਅਤੇ ਮਲੇਰੀਆ ਤੋਂ ਬਚਾਅ ਅਤੇ ਲੱਛਣਾਂ ਸਬੰਧੀ ਜਾਣਕਾਰੀ ਮੁਹੱਈਆ ਕਰਵਾਈ ਗਈ ਅਤੇ ਪਾਣੀ ਦੇ ਖੜ੍ਹੇ ਸਰੋਤਾਂ ਦੀ ਚੈਕਿੰਗ ਕੀਤੀ ਗਈ। ਜਿਨ੍ਹਾਂ ਘਰਾਂ ਅਤੇ ਥਾਵਾਂ ਵਿੱਚ ਡੇਂਗੂ ਦਾ ਲਾਰਵਾ ਮਿਲਿਆ ਉਸ ਨੂੰ ਮੌਕੇ ਉੱਤੇ ਹੀ ਨੋਟ ਕੀਤਾ ਗਿਆ। ਲੋਕਾਂ ਨੂੰ ਮੱਛਰਾਂ ਦੀ ਪੈਦਾਇਸ਼ ਰੋਕਣ ਲਈ ਆਪਣੇ ਘਰਾਂ ਦੀਆਂ ਛੱਤਾਂ ਜਾਂ ਵਿਹੜੇ ਵਿੱਚ ਪਏ ਕਬਾੜ ਆਦਿ ਸਮਾਨ ਵਿੱਚ ਪਾਣੀ ਜਮ੍ਹਾਂ ਨਾ ਹੋਣ ਦੇਣ ਬਾਰੇ ਸਮਝਾਇਆ ਗਿਆ। ਡਾ. ਜਗਪਾਲਇੰਦਰ ਸਿੰਘ ਨੇ ਕਿਹਾ ਕਿ ਸਿਹਤ ਵਿਭਾਗ ਡੇਂਗੂ ਦੇ ਪਸਾਰ ਨੂੰ ਰੋਕਣ ਲਈ ਪੂਰੀ ਤਰ੍ਹਾਂ ਚੌਕਸ ਹੈ। ਇਸ ਮੁਹਿੰਮ ਦਾ ਮੰਤਵ ਇਸ ਭਿਆਨਕ ਬਿਮਾਰੀ ਤੋ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਆਲ਼ੇ ਦੁਆਲੇ ਦੀ ਸਫ਼ਾਈ ਰੱਖਣ ਅਤੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ ,ਪਾਣੀ ਦੀ ਨਿਕਾਸੀ ਕੀਤੀ ਜਾਵੇ।

ਜ਼ਿਲ੍ਹਾ ਐਪੀਡੇਮੋਲੋਜਿਸਟ ਡਾ. ਸੁਮਿਤ ਸਿੰਘ ਨੇ ਦੱਸਿਆ ਕਿ ਡੇਂਗੂ ਵਿਰੋਧੀ ਚਲਾਏ ਡਰਾਈ ਡੇਅ ਮੁਹਿੰਮ ਅਧੀਨ ਸਟਾਫ਼ ਦੀਆਂ ਟੀਮਾਂ ਨਾਲ ਨਰਸਿੰਗ ਵਿਦਿਆਰਥੀਆਂ ਵੱਲੋਂ ਜ਼ਿਲ੍ਹੇ ਭਰ ਦੇ 35084 ਘਰਾਂ ਵਿਚ ਪਹੁੰਚ ਕੇ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ ਅਤੇ 255 ਥਾਵਾਂ ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ। ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਸਿਹਤ ਟੀਮਾਂ ਵੱਲੋਂ ਡਰਾਈ ਡੇਅ ਮੁਹਿੰਮ ਤਹਿਤ 339820 ਤੋਂ ਵੱਧ ਘਰਾਂ ਦਾ ਸਰਵੇ ਕੀਤਾ ਜਾ ਚੁੱਕਾ ਹੈ। ਜਿਨ੍ਹਾਂ ਵਿੱਚ 1023 ਥਾਵਾਂ ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ ਹੈ।

# ਸ੍ਰੀ ਕਾਲੀ ਮਾਤਾ ਮੰਦਿਰ ਦਾ ਸੁੰਦਰੀਕਰਨ ਕਰਨ ਦੀ ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਵੱਲੋਂ ਸਲਾਘਾ

**ਪਟਿਆਲਾ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਪੰਜਾਬ ਦੀ ਮੀਟਿੰਗ ਜਿਲਾ ਪ੍ਰਧਾਨ ਭੂਸ਼ਨ ਸ਼ਰਮਾ ਦੀ ਅਗਵਾਈ ਹੇਠ ਹੋਈ, ਪ੍ਰੈਸ ਨੂੰ ਮੀਟਿੰਗ ਦੀ ਕਾਰਵਾਈ ਜਾਰੀ ਕਰਦਿਆਂ ਦਿਹਾਤੀ ਪ੍ਰਧਾਨ ਧਰਮਪਾਲ ਰਾਏਪੁਰ ਮੰਡਲਾ ਨੇ ਕਿਹਾ ਕਿ ਬ੍ਰਾਹਮਣ ਭਲਾਈ ਬੋਰਡ ਪੰਜਾਬ ਬਨਾਉਣ ਸਬੰਧੀ ਮੰਗ ਪੱਤਰ ਡਿਪਟੀ ਕਮਿਸ਼ਨਰ ਪਟਿਆਲਾ ਰਾਹੀਂ ਮਾਨਯੋਗ ਮੁੱਖ ਮੰਤਰੀ ਪੰਜਾਬ ਸ੍. ਭਗਵੰਤ ਸਿੰਘ ਜੀ ਮਾਨ ਨੂੰ ਭੇਜਿਆ ਜਾਏਗਾ। ਪੰਜਾਬ ਸਰਕਾਰ ਵੱਲੋਂ ਸ੍ਰੀ ਕਾਲੀ ਮਾਤਾ ਮੰਦਿਰ ਦਾ ਸੁੰਦਰੀਕਰਨ ਕਰਨ ਦੀ ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਵੱਲੋਂ ਸਲਾਘਾ ਕੀਤੀ। ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਐਡਵੋਕੇਟ ਹਰਿੰਦਰ ਸ਼ਰਮਾ ਕੌਰਜੀਵਾਲਾ ਨੇ ਮੀਟਿੰਗ ਦੌਰਾਨ ਬ੍ਰਾਹਮਣ ਸਮਾਜ ਦੀਆਂ ਕੁੱਝ ਨਵੀਆਂ ਨਿਯੁਕਤੀਆਂ ਦਾ ਐਲਾਨ ਕੀਤਾ। ਜਿਨ੍ਹਾਂ ਵਿੱਚ ਚੰਨੂ ਪ੍ਰਧਾਨ (ਜੈ ਨਗਰ) ਦੇਵੀਗੜ੍ਹ ਨੂੰ ਸਕੱਤਰ ਪੰਜਾਬ, ਤ੍ਰਿਲੋਕੀ ਨਾਥ ਸੀਨੀਅਰ ਮੀਤ ਪ੍ਰਧਾਨ, ਪਟਿਆਲਾ, ਅਸ਼ਵਨੀ ਸ਼ਰਮਾ ਦੌਣਕਲਾਂ ਨੂੰ ਜਨਰਲ ਸਕੱਤਰ, ਰਾਣਾ ਸ਼ਰਮਾ ਨੂੰ ਸਕੱਤਰ ਜਿਲਾ ਪਟਿਆਲਾ ਅਤੇ ਪ੍ਰਮੋਦ ਕੌਸ਼ਲ ਸਨੌਰ ਨੂੰ ਮੀਡੀਆ ਇੰਚਾਰਜ ਪਟਿਆਲਾ ਨਿਯੁਕਤ ਕੀਤੇ ਗਏ ਤਾਂ ਕਿ ਬ੍ਰਾਹਮਣ ਸਮਾਜ ਇੱਕ ਸੂਬਾ ਪੱਧਰੀ ਪਲੇਟ ਫਾਰਮ ਤੇ ਇਕੱਠਾ ਕਰਕੇ ਸਮਾਜਿਕ / ਰਾਜਨੀਤਕ / ਆਰਥਿਕ / ਵਿਦਿਅਕ ਸਮੱਸਿਆਵਾਂ ਦਾ ਹੱਲ ਕਰਨ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਹੋਰ ਬਲ ਮਿਲ ਸਕੇ।

# ਕੇਂਦਰ ਸਰਕਾਰ ਵਲੋਂ ਅਮਰੀਕਾ ਨਾਲ ਖੇਤੀ-ਪੋਲਟਰੀ, ਡੇਅਰੀ ਦੇ ਪ੍ਰੋਡੈਕਟਾਂ ਦੇ ਸਮਝੌਤੇ ਕਰਨ ਜਾ ਰਹੀ ਹੈ ਉਸ ਨਾਲ ਕਿਸਾਨ ਤਬਾਹ ਹੋ ਜਾਵੇਗਾ: ਕਿਸਾਨ ਯੂਨੀਅਨ



**ਖਰੜ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਮੀਟਿੰਗ ਖਰੜ ਵਿਖੇ ਜਿਲ੍ਹਾ ਪ੍ਰਧਾਨ ਰਵਿੰਦਰ ਸਿੰਘ ਦੇਹ ਕਲਾਂ ਦੀ ਪ੍ਰਧਾਨਗੀ ਹੇਠ ਹੋਈ, ਇਸ ਮੀਟਿੰਗ ਵਿਚ ਜਿਲੇ ਦੇ ਬਲਾਕ ਪ੍ਰਧਾਨ ਅਤੇ ਬਾਕੀ ਅਹੁੱਦੇਦਾਰਾਂ ਨੇ ਵੀ ਭਾਗ ਲਿਆ। ਯੂਨੀਅਨ ਆਗੂਆਂ ਨੇ ਕਿਹਾ ਕਿ ਜਿਹੜੀ ਕੇਂਦਰ ਸਰਕਾਰ ਅਮਰੀਕਾ ਵਰਗੇ ਦੇਸਾਂ ਨਾਲ ਖੇਤੀ, ਪੋਲਟਰੀ, ਡੇਅਰੀ ਦੇ ਪ੍ਰੋਡੈਕਟ ਦੇ ਸਮਝੌਤੇ ਕਰਨ ਜਾ ਰਹੀ ਹੈ ਉਹ ਕਿਸਾਨਾਂ ਨਾਲ ਬਹੁਤ ਬੜਾ ਧੋਖਾ ਹੋਵੇਗਾ ਤੇ ਕਿਸਾਨੀ ਪਹਿਲਾਂ ਹੀ ਬਹੁਤ ਹੇਠਾਂ ਨੂੰ ਜਾ ਰਹੀ ਹੈ । ਉਨ੍ਹਾਂ ਅੱਗੇ ਕਿਹਾ ਕਿ ਗੁਜ਼ਰ ਭਾਈਚਾਰਾ ਪਿੰਡਾਂ ਵਿਚ ਜੋ ਮੱਝਾ ਦਾ ਝੁੰਡ ਲੈ ਕੇ ਸੜਕਾਂ ਤੇ ਘੁੰਮਦੇ ਹਨ ਤੇ ਕਿਸਾਨਾਂ ਵਲੋਂ ਜੋ ਦਰੱਖਤ ਲਾਏ ਜਾਂਦੇ ਹਨ ਉਹ ਸਾਰੇ ਹੀ ਪਸ਼ੂ ਚਾਰ ਜਾਂਦੇ ਹਨ ਤੇ ਸਰਕਾਰ, ਸਮਾਜ ਸੇਵੀ ਸੰਸਥਾਵਾਂ ਵਲੋਂ ਹਜ਼ਾਰਾਂ ਹੀ ਦਰੱਖਤ ਹਰ ਸਾਲ ਲਾਏ ਜਾਂਦੇ ਹਨ ਪਰ ਸਰਕਾਰ ਇਨ੍ਹਾਂ ਪਸ਼ੂਆਂ ਦਾ ਕੋਈ ਪ੍ਰਬੰਧ ਨਹੀ ਕਰਦੀ ਤੇ ਲੱਖਾਂ ਹੀ ਦਰੱਖਤ ਪਸ਼ੂਆਂ ਵਲੋਂ ਖਰਾਬ ਕਰ ਦਿੱਤੇ ਜਾਂਦੇ ਹਨ। ਕਿਸਾਨਾਂ ਨਾਲ ਜੋ ਪੰਜਾਬ ਸਰਕਾਰ ਦੇ ਕਈ ਪਿੰਡਾਂ ਵਿਚ ਲੈਂਡ ਪੂਲਿੰਗ ਸਕੀਮ ਅਧੀਨ ਕਿਸਾਨਾਂ ਨੂੰ ਲੁਟਿਆ ਜਾ ਰਿਹਾ ਹੈ, ਕਿਉਕਿ ਮੋਹਾਲੀ ਜਿਲੇ ਦੇ ਵਿਚ ਜ਼ਮੀਨਾਂ ਦੇ ਰੇਟ ਬਹੁਤ ਜ਼ਿਅਲਾਦਾ ਹਨ ਤੇ ਲੈਂਡ ਪੂਲਿੰਗ ਸਕੀਮ ਅਧੀਨ ਥੋੜਾ ਪਲਾਟ ਜਾਂ ਸ਼ੋ ਰੂਮ ਦੇ ਸਾਰਿਆ ਜਾ ਰਿਹਾ ਹੈ ਤੇ ਕਿਸਾਨਾਂ ਦੀ ਬਹੁਤ ਲੁੱਟ ਹੋ ਰਹੀ ਹੈ। ਕਿਸਾਨਾਂ ਨੇ ਕਿਹਾ ਕਿ ਕਿਸਾਨਾਂ ਨੂੰ ਨਾਂ ਹੀ ਯੂਰੀਆ ਖਾਦ ਤੇ ਦੁਕਾਨਾਂ ਵਾਲੇ ਯੂਰੀਆਂ ਨਾਲ ਤੋਂ ਸਮਾਨ ਦੇ ਕਿਸਾਨਾਂ ਦੀ ਲੁੱਟ ਕੀਤੀ ਜਾ ਰਹੀ ਹੈ, ਖੇਤੀਬਾੜੀ ਵਿਭਾਗ ਕੁੰਭ ਕਰਨੀ ਦੀ ਨੀਦ ਸੁੱਤਾ ਪਿਆ। ਇਸ ਮੌਕੇ ਹਕੀਕਤ ਸਿੰਘ ਘੜੂੰਆਂ, ਜਸਵਿੰਦਰ ਸਿੰਘ ਟਿਵਾਣਾ ਪ੍ਰਧਾਨ ਡੇਰਾਬੱਸੀ ਬਲਾਕ,ਗਿਆਨ ਸਿੰਘ ਧੜਾਕ, ਰਣਜੀਤ ਸਿੰਘ ਬਲਾਕ ਪ੍ਰਧਾਨ, ਸੁਰਮੁੱਖ ਸਿੰਘ ਛੱਜੂਮਾਜਰਾ, ਬਹਾਦਰ ਸਿੰਘ ਨਿਆਮੀਆਂ, ਮਨਪ੍ਰੀਤ ਸਿੰਘ ਖੇੜੀ, ਅਵਤਾਰ ਸਿੰਘ ਬਡਾਲਾ, ਪ੍ਰੇਮ ਸਿੰਘ ਰਾਣਾ, ਜਸਵੰਤ ਸਿੰਘ, ਗੁਰਚਰਨ ਸਿੰਘ ਜੌਲਾ, ਜੱਸੀ ਗਿੱਲ, ਗੁਰਜੰਟ ਸਿੰਘ ਸਮੇਤ ਹੋਰ ਆਗੂ ਤੇ ਕਿਸਾਨ ਹਾਜ਼ਰ ਸਨ।

# ਨਿਆਸਰੇ ਬੱਚਿਆਂ ਦੀ ਪਹਿਚਾਣ ਕਰਕੇ ਸਰਕਾਰੀ ਸਕੀਮਾਂ ਦਾ ਲਾਭ ਦੇਣ ਲਈ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਨਵੇਕਲੀ ਪਹਿਲ



**ਪਟਿਆਲਾ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਿਆਸਰੇ ਬੱਚਿਆਂ ਦੀ ਪਹਿਚਾਣ ਕਰਕੇ ਸਰਕਾਰੀ ਸਕੀਮਾਂ ਦਾ ਲਾਭ ਦੇਣ ਲਈ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਨਵੇਕਲੀ ਪਹਿਲ ਕੀਤੀ ਗਈ ਹੈ, ਜਿਸ ਤਹਿਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਕੂਲਾਂ 'ਚ ਕੈਂਪ ਲਗਾ ਕੇ ਜਨਮ ਸਰਟੀਫਿਕੇਟ ਤੇ ਆਧਾਰ ਕਾਰਡ ਤੋਂ ਵਾਂਝੇ ਬੱਚਿਆਂ ਦੀ ਪਹਿਚਾਣ ਕੀਤੀ ਜਾ ਰਹੀ ਹੈ।

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਅਤੇ ਸੈਸ਼ਨ ਜੱਜ -ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮਿਸ ਰੁਪਿੰਦਰਜੀਤ ਚਾਹਲ ਦੀ ਅਗਵਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਾਥੀ ਮੁਹਿੰਮ ਦੇ ਤਹਿਤ ਪਟਿਆਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਨਿਊ ਪਾਵਰ ਹਾਊਸ ਕਾਲੋਨੀ, ਰਾਜਪੁਰਾ ਵਿਖੇ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ, ਕੁਝ ਬੱਚਿਆਂ ਦੀ ਪਛਾਣ ਪੈਰਾ ਲੀਗਲ ਵਲੰਟੀਅਰਾਂ ਵੱਲੋਂ ਕੀਤੀ ਗਈ, ਜਿਨ੍ਹਾਂ ਕੋਲ ਜਨਮ ਸਰਟੀਫਿਕੇਟ ਜਾਂ ਆਧਾਰ ਕਾਰਡ ਨਹੀਂ ਹਨ। ਇਹ ਬੱਚੇ ਇਸ ਸਮੇਂ ਚਾਈਲਡ ਕੇਅਰ ਸੰਸਥਾਵਾਂ ਅਤੇ ਪਿਛੜੇ ਖੇਤਰਾਂ ਵਿੱਚ ਰਹਿੰਦੇ ਹਨ।

ਜ਼ਿਕਰਯੋਗ ਹੈ ਕਿ ਸਾਥੀ ਇਕ ਸਰਵੇਖਣ ਅਤੇ ਟਰੈਕਿੰਗ ਤੇ ਹਰ ਬੱਚੇ ਤੱਕ ਪਹੁੰਚ ਇਹ ਅਜਿਹੀ ਪਹਿਲ ਹੈ ਜਿਸ ਦਾ ਉਦੇਸ਼ ਹੈ ਕਿ ਨਿਰਆਸਰੇ ਬੱਚਿਆਂ ਦਾ ਆਧਾਰ ਕਾਰਡ ਬਣਾਉਣ ਤੇ ਉਨ੍ਹਾਂ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਦੇਣਾ। ਅਜਿਹੇ ਬੱਚਿਆਂ ਦਾ ਜਨਮ ਸਰਟੀਫਿਕੇਟ ਬਣਾਉਣਾ ਤੇ ਸਰਕਾਰੀ ਵਿਭਾਗਾਂ ਤੇ ਬਾਲ ਦੇਖਭਾਲ ਸੰਸਥਾਵਾਂ ਨਾਲ ਜੋੜਨਾ ਹੈ। ਇਸ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਬੱਚਾ ਕਾਨੂੰਨੀ ਪਛਾਣ ਜਾਂ ਅਧਿਕਾਰਾਂ ਅਤੇ ਹੱਕਾਂ ਦੀ ਜਾਣਕਾਰੀ ਤੋਂ ਵਾਂਝਾ ਨਾ ਰਹੇ।

ਇਸ ਮੌਕੇ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੈਡਮ ਅਮਨਦੀਪ ਕੰਬੋਜ ਨੇ ਦੱਸਿਆ ਕਿ "ਦਰੱਖਤ ਲਗਾਓ ਮੁਹਿੰਮ" ਵੀ ਚੱਲ ਰਹੀ ਹੈ। ਇਸ ਦੇ ਨਾਲ ਨਾਲ, ਲੋਕਾਂ ਨੂੰ ਵਾਤਾਵਰਨ ਸੁਰੱਖਿਆ ਦੇ ਸੰਬੰਧ ਵਿੱਚ ਕਾਨੂੰਨਾਂ, ਮੁਫ਼ਤ ਕਾਨੂੰਨੀ ਸੇਵਾਵਾਂ, ਨਾਲਸਾ ਹੈਲਪ ਲਾਈਨ ਨੰਬਰ 15100, ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ) ਦੇ ਫ਼ਾਇਦੇ ਅਤੇ ਲੋਕ ਅਦਾਲਤਾਂ ਬਾਰੇ ਸੂਚਿਤ ਕਰਨ ਲਈ ਜਾਗਰੂਕਤਾ ਪ੍ਰੋਗਰਾਮ ਵੀ ਆਯੋਜਿਤ ਕੀਤੇ ਜਾ ਰਹੇ ਹਨ।

# ਨੀਟ 2025 'ਚ ਕਾਮਯਾਬ ਵਿਦਿਆਰਥੀਆਂ, ਅਧਿਆਪਕਾਂ ਅਤੇ ਟੀਮ ਮੈਂਬਰਾਂ ਦਾ ਜ਼ਿਲ੍ਹਾ ਸਿੱਖਿਆ ਦਫ਼ਤਰ ਵੱਲੋਂ ਸਨਮਾਨ

**ਪਟਿਆਲਾ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ ਪਟਿਆਲਾ ਵੱਲੋਂ ਨੀਟ 2025 ਵਿੱਚ ਚੰਗਾ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ, ਉਨ੍ਹਾਂ ਦੇ ਅਧਿਆਪਕਾਂ ਅਤੇ ਟੀਮ ਮੈਂਬਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਜ਼ਿਲ੍ਹਾ ਸਿੱਖਿਆ ਅਫ਼ਸਰ ਪਟਿਆਲਾ ਸੰਜੀਵ ਸ਼ਰਮਾ ਦੀ ਅਗਵਾਈ ਹੇਠ ਆਯੋਜਿਤ ਸਮਾਰੋਹ ਦੌਰਾਨ ਵੱਖ-ਵੱਖ ਸਕੂਲਾਂ ਦੇ 71 ਨੀਟ ਕਲੀਅਰ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਮਿਹਨਤ ਭਰੇ ਯਤਨਾਂ ਲਈ ਸਨਮਾਨਤ ਕੀਤਾ ਗਿਆ। ਨਾਲ ਹੀ ਉਹਨਾਂ ਦੇ ਗਾਈਡ ਅਧਿਆਪਕਾਂ ਅਤੇ ਪੂਰੀ ਨੀਟ ਟੀਮ ਨੂੰ ਵੀ ਸਨਮਾਨਿਤ ਕੀਤਾ ਗਿਆ।

ਜ਼ਿਲ੍ਹਾ ਸਿੱਖਿਆ ਅਫ਼ਸਰ ਸੰਜੀਵ ਸ਼ਰਮਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਕਾਮਯਾਬੀ ਪਟਿਆਲਾ ਜ਼ਿਲ੍ਹੇ ਲਈ ਮਾਣ ਦੀ ਗੱਲ ਹੈ ਅਤੇ ਹਰ ਨੀਟ ਕਲੀਅਰ ਵਿਦਿਆਰਥੀ ਆਪਣੀ ਜ਼ਿੰਮੇਵਾਰੀ ਸਮਝਦਿਆਂ ਆਪਣੇ ਛੋਟੇ ਭੈਣ-ਭਰਾਵਾਂ ਦੀ ਅਗਵਾਈ ਕਰੇ, ਤਾਂ ਜੋ ਆਉਣ ਵਾਲੇ ਸਾਲਾਂ ਵਿੱਚ ਇਹ ਗਿਣਤੀ ਹੋਰ ਵੀ ਵਧੇ। ਉਨ੍ਹਾਂ ਨੇ ਸਫਲਤਾ ਦਾ ਸਿਹਰਾ ਲੈਕਚਰਾਰਾਂ ਅਤੇ ਨੀਟ ਟੀਮ ਦੇ ਮੈਂਬਰਾਂ ਦੇ ਨਿਰੰਤਰ ਯਤਨਾਂ ਨੂੰ ਦਿੱਤਾ।

ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ: ਰਵਿੰਦਰਪਾਲ ਸ਼ਰਮਾ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਹੁਣ ਸਮਾਜ ਦੀ ਨੀਂਹ ਬਣਦਿਆਂ ਆਪਣੀ ਭੂਮਿਕਾ ਨਿਭਾਉਣ ਲਈ ਤਿਆਰ ਰਹਿਣਾ ਚਾਹੀਦਾ ਹੈ।

ਪ੍ਰਿੰਸੀਪਲ ਮਨਦੀਪ ਕੌਰ ਅੰਟਾਲ ਨੇ ਓਲਡ ਪੁਲਿਸ ਲਾਈਨ ਸਕੂਲ ਪਟਿਆਲਾ ਵਿੱਚ ਕੀਤੇ ਇਸ ਸਮਾਰੋਹ ਲਈ ਜ਼ਿਲ੍ਹਾ ਸਿੱਖਿਆ ਦਫ਼ਤਰ ਦਾ ਇਸ ਸਮਾਰੋਹ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਕੋਟ ਖਾਲਸਾ ਰੇਲਵੇ ਫਾਟਕ 'ਤੇ ਰੋਜ਼ਾਨਾ ਟ੍ਰੈਫਿਕ ਜਾਮ, ਨਿਵਾਸੀਆਂ ਵੱਲੋਂ ਅੰਡਰਪਾਸ ਜਾਂ ਓਵਰਬ੍ਰਿਜ਼ ਬਣਾਉਣ ਦੀ ਮੰਗ



**ਅੰਮ੍ਰਿਤਸਰ 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੋਟ ਖਾਲਸਾ ਵਿਖੇ ਸਥਿਤ 21 ਨੰਬਰ ਰੇਲਵੇ ਫਾਟਕ 'ਤੇ ਹਰ ਰੋਜ਼ ਕਈ ਟ ?ਰੇਨਾਂ ਦੇ ਆਉਣ-ਜਾਣ ਕਾਰਨ ਟ ?ਰੈਫਿਕ ਜਾਮ ਦੀ ਗੰਭੀਰ ਸਮੱਸਿਆ ਰਹਿੰਦੀ ਹੈ। ਕਿਉਂਕਿ ਸਾਰਾ ਦਿਨ ਵਿੱਚ ਇਥੋਂ 35 ਤੋਂ 40 ਟਰੇਨਾਂ ਨਿਕਲਦੀਆਂ ਹਨ ਅਤੇ ਬਾਰ ਬਾਰ ਫਾਟਕ ਬੰਦ ਹੋਣ ਨਾਲ ਦੋਵੇਂ ਪਾਸੇ ਵਾਹਨਾਂ ਦੀ ਲੰਮੀ ਲਾਈਨ ਲੱਗ ਜਾਂਦੀ ਹੈ, ਜਿਸ ਕਾਰਨ ਆਮ ਲੋਕਾਂ ਨੂੰ ਘੰਟਿਆਂ ਤੱਕ ਇੰਤਜ਼ਾਰ ਕਰਨਾ ਪੈਂਦਾ ਹੈ।

ਸੁਵਿੰਦਰ ਸਿੰਘ ਸੱਤ ਨੰਬਰਦਾਰ ਅਤੇ ਚਤਰਜੀਤ ਸਿੰਘ ਲਾਡੀ ਪ੍ਰਧਾਨ ਨੇ ਦੱਸਿਆ "ਹਰ ਵਾਰੀ ਜਦੋਂ ਟਰੇਨ ਆਉਂਦੀ ਹੈ, ਫਾਟਕ ਬੰਦ ਹੋ ਜਾਂਦਾ ਹੈ ਅਤੇ ਵਾਹਨਾਂ ਦੀ ਲਾਈਨ ਅੱਧਾ ਪੌਣਾ ਕਿਲੋਮੀਟਰ ਤੱਕ ਲੰਮੀ ਹੋ ਜਾਂਦੀ ਹੈ। ਇਸ ਦੇ ਨਾਲ ਕਾਰੋਬਾਰ ਵੀ ਪ੍ਰਭਾਵਿਤ ਹੋ ਰਿਹਾ ਹੈ।

ਸਥਾਨਕ ਨਿਵਾਸੀਆਂ ਵੱਲੋਂ ਰੇਲਵੇ ਅਥਾਰਟੀਆਂ ਅਤੇ ਸਰਕਾਰ ਕੋਲ ਇਹ ਮੰਗ ਕੀਤੀ ਗਈ ਹੈ ਕਿ ਕੋਟ ਖਾਲਸਾ ਰੇਲਵੇ ਫਾਟਕ 'ਤੇ ਜਲਦ ਤੋਂ ਜਲਦ ਅੰਡਰਪਾਸ ਜਾਂ ਓਵਰਬ੍ਰਿਜ਼ ਬਣਾਇਆ ਜਾਵੇ, ਤਾਂ ਜੋ ਨਿਰੰਤਰ ਆਵਾਜਾਈ ਸਾਂਭੀ ਰਹੇ ਅਤੇ ਜਨਤਾ ਨੂੰ ਰੋਜ਼ਾਨਾ ਦੀ ਪਰੇਸ਼ਾਨੀ ਤੋਂ ਛੁਟਕਾਰਾ ਮਿਲੇ। ਉਹਨਾਂ ਦੱਸਿਆ ਕਿ ਕਈ ਵਾਰ ਤਾਂ ਜਾਮ ਵਿੱਚ ਫਸਣ ਕਰਕੇ ਕਈ ਮਰੀਜ਼ਾਂ ਦੀ ਮੌਤ ਨੂੰ ਹੋ ਚੁੱਕੀ ਹੈ ਅਤੇ ਬੱਚਿਆਂ ਨੂੰ ਸਵੇਰੇ ਸਕੂਲ ਜਾਣ ਲੱਗਿਆਂ ਜਾਮ ਵਿੱਚ ਫਸਣਾ ਪੈਂਦਾ ਹੈ ਤੇ ਅਕਸਰ ਉਹ ਲੇਟ ਹੋ ਜਾਂਦੇ ਹਨ ਅਤੇ ਕੰਮਾਂ ਕਾਰਾਂ ਤੇ ਜਾਣ ਵਾਲੇ ਲੋਕ ਵੀ ਜਾਮ ਕਾਰਨ ਜਾਮ ਕਾਰਨ ਬਹੁਤ ਪਰੇਸ਼ਾਨ ਹੁੰਦੇ ਹਨ ਇਸ ਲਈ ਇਥੇ ਜਲਦੀ ਤੋਂ ਜਲਦੀ ਅੰਡਰ ਪਾਸ ਜਾ ਓਵਰ ਬਰਿਜ ਬਣਨਾ ਚਾਹੀਦਾ ਹੈ।

# ਨੌਜਵਾਨਾ ਵੱਲੋਂ ਖ਼ੂਨਦਾਨ ਕਰਨ ਨਾਲ ਚਾਰ ਜ਼ਿੰਦਗੀਆਂ ਬੱਚ ਸਕਦੀਆਂ ਹਨ : ਅਮਰਜੀਤ ਰੰਧਾਵਾ



**ਪਟਿਆਲਾ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵਲੋ ਗਰਮੀ ਦੇ ਮੌਸਮ ਅਤੇ ਬਲੱਡ ਬੈਂਕਾਂ ਵਿਚ ਖੂਨ ਦੀ ਕਮੀ ਨੂੰ ਵੇਖਦਿਆਂ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਅਮਰਜੀਤ ਸਿੰਘ ਰੰਧਾਵਾ ਰੀਡਰ ਡੀ ਐਸ ਪੀ ਪੀ.ਬੀ.ਆਈ ਅਤੇ ਕ੍ਰਾਈਮ ਵਿਰੁੱਧ ਔਰਤਾਂ ਅਤੇ ਬੱਚੇ ਅਤੇ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ ਨੇ ਸ਼ਿਰਕਤ ਕੀਤੀ। ਵਿਸ਼ੇਸ਼ ਤੌਰ 'ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਹੋਲਦਾਰ ਗੁਰਧਿਆਨ ਸਿੰਘ, ਜੱਗਾ ਸਿੰਘ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਲੱਕੀ ਹਰਦਾਸਪੁਰ,ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ ਨੇ ਸ਼ਿਰਕਤ ਕੀਤੀ, ਇਸ ਮੌਕੇ ਸੰਬੋਧਨ ਕਰਦਿਆਂ ਅਮਰਜੀਤ ਸਿੰਘ ਰੰਧਾਵਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਨੋਜਵਾਨਾ ਵਲੋਂ ਖ਼ੂਨਦਾਨ ਕਰਕੇ ਨਸ਼ਿਆਂ ਵਿਰੁੱਧ ਸੁਨੇਹਾ ਦੇਣਾ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਤੁਹਾਡੇ ਦਿੱਤੇ ਖ਼ੂਨਦਾਨ ਕਰਨ ਨਾਲ ਚਾਰ ਜ਼ਿੰਦਗੀਆਂ ਬਚ ਸਕਦੀਆਂ ਹਨ, ਉਹਨਾਂ ਕਿਹਾ ਕਿ ਹਰ ਤੰਦਰੁਸਤ ਇਨਸਾਨ ਜਿਸ ਦੀ ਉਮਰ 18 ਸਾਲ ਤੋਂ 65 ਸਾਲ ਹੈਂ ਸ਼ਰੀਰਕ ਭਾਰ 45 ਕਿਲੋ ਤੋਂ ਉਪਰ ਹੈ ਅਤੇ ਖ਼ੂਨ ਦੀ ਮਾਤਰਾ 12.5 ਗ੍ਰਾਮ ਤੋਂ ਉਪਰ ਹੈ ਉਹੋ ਵਿਅਕਤੀ ਸਾਲ ਵਿੱਚ ਚਾਰ ਵਾਰ ਖ਼ੂਨਦਾਨ ਕਰ ਸਕਦਾ ਹੈ। ਇਸ ਲਈ ਸਾਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਖ਼ੂਨਦਾਨੀ ਪ੍ਰਮਾਤਮਾ ਵਲੋਂ ਭੇਜੇ ਦੂਤਾ ਸਮਾਂਨ ਹੁੰਦੇ ਹਨ ਜੋਂ ਆਪਣਾ ਖ਼ੂਨਦਾਨ ਕਰਕੇ ਕਿਸੇ ਦੀ ਬੇਸ਼ਕੀਮਤੀ ਜਾਨਾਂ ਬਚਾਉਣ ਲਈ ਅੱਗੇ ਆਉਂਦੇ ਹਨ। ਇਸ ਮੌਕੇ ਲਾਈਫ ਲਾਇਨ ਬਲੱਡ ਬੈਂਕ ਵਲੋਂ ਡਾਕਟਰ ਅਰਸ਼ਪ੍ਰੀਤ ਕੌਰ ਅਤੇ ਸਾਗਰ ਅਰੋੜਾ ਵਲੋਂ ਬਲੱਡ ਇੱਕਤਰਤਾ ਕੀਤਾ ਗਿਆ।

# ਆਬਕਾਰੀ ਵਿਭਾਗ ਦੀ ਟੀਮ ਵਲੋਂ ਬਰਨਾਲਾ ਸ਼ਹਿਰ ਵਿਚ ਵੱਖ ਵੱਖ ਥਾਵਾਂ 'ਤੇ ਚੈਕਿੰਗ



**ਬਰਨਾਲਾ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਬਕਾਰੀ ਵਿਭਾਗ ਬਰਨਾਲਾ ਵਲੋਂ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਦੇ ਨਿਰਦੇਸ਼ਾਂ ਤਹਿਤ ਬਰਨਾਲਾ ਸ਼ਹਿਰ ਵਿਚ ਵੱਖ ਵੱਖ ਥਾਵਾਂ 'ਤੇ ਚੈਕਿੰਗ ਕੀਤੀ ਗਈ।

ਚੈਕਿੰਗ ਟੀਮ ਵਿੱਚ ਰਾਜੇਸ਼ ਕੁਮਾਰ ਆਬਕਾਰੀ ਇੰਸਪੈਕਟਰ, ਕੁਲਦੀਪ ਸਿੰਘ ਆਬਕਾਰੀ ਇੰਸਪੈਕਟਰ ਅਤੇ ਆਬਕਾਰੀ ਪੁਲਿਸ ਸਟਾਫ਼ ਮੌਜੂਦ ਸੀ। ਓਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਬਰਨਾਲਾ ਦੇ ਨਿਰਦੇਸ਼ਾਂ ਅਤੇ ਸਹਾਇਕ ਕਮਿਸ਼ਨਰ ਆਬਕਾਰੀ ਸੰਗਰੂਰ ਰੇਂਜ ਸ੍ਰੀ ਗੁਲਸ਼ਨ ਹੁਰੀਆ ਦੀਆਂ ਹਦਾਇਤਾਂ ਤਹਿਤ ਬਰਨਾਲਾ ਸ਼ਹਿਰ ਦੇ 22 ਏਕੜ, 25 ਏਕੜ, ਫੁਹਾਰਾ ਚੌਂਕ, ਸਿਮੀ ਪੈਲੇਸ ਨੇੜੇ ਅਤੇ ਹੰਡਿਆਇਆ ਚੌਂਕ ਵਿਚ ਚੈਕਿੰਗ ਕਰਕੇ ਰੇਹੜੀ ਵਾਲਿਆਂ ਅਤੇ ਆਸ-ਪਾਸ ਬਿਨਾਂ ਲਾਇਸੈਂਸ ਤੋਂ/ ਜਨਤਕ ਥਾਵਾਂ 'ਤੇ ਸ਼ਰਾਬ ਪਿਲਾਉਣ ਅਤੇ ਪੀਣ ਵਾਲਿਆਂ ਨੂੰ ਸਖ਼ਤ ਚਿਤਾਵਨੀ ਦਿੱਤੀ ਗਈ।

ਓਨ੍ਹਾਂ ਦੱਸਿਆ ਕਿ ਆਬਕਾਰੀ ਐਕਟ 1914 ਦੇ ਸੈਕਸ਼ਨ 68 ਦੇ ਸਬ ਰੂਲ ਤਹਿਤ ਬਿਨਾਂ ਲਾਇਸੈਂਸ ਤੋਂ ਜਨਤਕ ਥਾਵਾਂ 'ਤੇ ਸ਼ਰਾਬ ਪਿਲਾਉਣ ਦੀ ਮਨਾਹੀ ਹੈ।

ਓਨ੍ਹਾਂ ਕਿਹਾ ਕਿ ਇਨ੍ਹਾਂ ਇਲਾਕਿਆਂ ਵਿਚ ਚੈਕਿੰਗ ਕਰਕੇ ਲੋਕਾਂ ਨੂੰ ਐਕਟ ਬਾਰੇ ਜਾਗਰੂਕ ਕੀਤਾ ਗਿਆ ਅਤੇ ਚਿਤਾਵਨੀ ਦਿੱਤੀ ਗਈ ਕਿ ਆਉਂਦੇ ਸਮੇਂ ਵਿੱਚ ਅਜਿਹਾ ਹੋਣ 'ਤੇ ਐਕਟ ਤਹਿਤ ਬਣਦੀ ਕਾਰਵਾਈ ਕੀਤੀ ਜਾਵੇਗੀ।

# ਕਲਾਸ ਫੌਰਥ ਗੌਰਮਿੰਟ ਇੰਪਾਲਾਈ ਯੂਨੀਅਨ ਰਾਜਿੰਦਰਾ ਹਸਪਤਾਲ ਦੀ ਮੀਟਿੰਗ ਆਯੋਜਿਤ




**ਪਟਿਆਲਾ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਲਾਸ ਫੌਰਥ ਇੰਪਲਾਈ ਯੂਨੀਅਨ ਦੇ ਪ੍ਰਧਾਨ ਰਾਜੇਸ਼ ਕੁਮਾਰ ਗੋਲੂ ਦੀ ਅਗਵਾਈ ਵਿੱਚ ਮੁਲਾਜਮਾਂ ਦੀ ਹੰਗਾਮੀ ਮੀਟਿੰਗ ਹੋਈ। ਮੀਟਿੰਗ ਵਿਚ ਮੁਲਾਜਮਾਂ ਦੀਆਂ ਤਨਖਾਹਾਂ ਸਮੇਂ ਸਿਰ ਨਾ ਦੇਣਾ ਅਤੇ ਦਰਜਾ ਚਾਰ ਕਰਮਚਾਰੀਆਂ ਕੋਲੋਂ ਅਣ ਅਧਿਕਾਰਤ ਕੰਮ ਲੈਣਾ, ਜਿਸ ਕਾਰਨ ਮੁਲਾਜਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ, ਤਾਂ ਜੱਥੇ ਬੰਦੀ ਨੇ ਫੈਸਲਾ ਕੀਤਾ ਹੈ ਕਿ ਇਹਨਾਂ ਮਸਲਿਆਂ ਖ਼ਿਲਾਫ਼ 7/7/25. ਦਿਨ ਸੋਮਵਾਰ ਨੂੰ ਸਵੇਰ ਦੱਸ ਵਜੇ ਮੈਡੀਕਲ ਸੁਰਡੈਂਟ ਦਫਤਰ ਅਤੇ ਪ੍ਰਿੰਸੀਪਲ ਮੈਡੀਕਲ ਕਾਲਜ ਪਟਿਆਲਾ ਦਫਤਰ ਅੱਗੇ ਰੋਸ ਮੁਜ਼ਾਹਰਾ ਕੀਤਾ ਜਾਵੇਗਾ ਜਿੱਸ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਅਤੇ ਉੱਚ ਅਧਿਕਾਰੀਆਂ ਦੀ ਹੋਵੇਗੀ। ਇਸ ਰੈਲੀ ਵਿੱਚ ਜਿਲ੍ਹੇ ਦੇ ਆਗੂ ਤੇ ਸੂਬਾ ਪ੍ਰਧਾਨ, ਤੇ ਜੁਆਇੰਟ ਐਕਸ਼ਨ ਕਮੇਟੀ ਪ੍ਰਧਾਨ ਵੀ ਪਹੁੰਚ ਕੇ ਆਪਣੇ ਵਿਚਾਰ ਰੱਖਣ ਗੇ।

ਮੀਟਿੰਗ ਵਿੱਚ ਮੀਤ ਪ੍ਰਧਾਨ ਅਜੇ ਕੁਮਾਰ ਸੀਪਾ, ਸਤਨਾਮ ਸਿੰਘ ਘੁੰਮਣ, ਗੀਤਾ, ਜਰਨਲ ਸਕੱਤਰ ਦੇਸਰਾਜ, ਮਹਿੰਦਰ ਸਿੰਘ ਸਿੱਧੂ, ਸ਼ੰਕਰ, ਕੈਸ਼ੀਅਰ ਅਨਿਲ ਕੁਮਾਰ ਆਦਿ ਆਗੂ ਪਹੁੰਚੇ।

# ਲੈਂਡ ਪੂਲਿੰਗ ਨੀਤੀ 2025, ਖੇਤੀਬਾੜੀ 'ਤੇ ਨਿਰਭਰ ਖੇਤ ਮਜ਼ਦੂਰਾਂ ਦੇ ਭਵਿੱਖ ਨੂੰ ਤਬਾਹ ਕਰ ਦੇਵੇਗੀ: ਕੈਂਥ

**ਚੰਡੀਗੜ੍ਹ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤੀ ਜਨਤਾ ਪਾਰਟੀ ਐਸ.ਸੀ. ਮੋਰਚਾ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਕੈਬਨਿਟ ਨੇ ਲੈਂਡ ਪੂਲਿੰਗ ਨੀਤੀ 2025 ਨੂੰ ਪ੍ਰਵਾਨਗੀ ਦੇਣ ਦਾ ਵਿਰੋਧ ਕੀਤਾ ਹੈ। ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ ਦੇ ਸੂਬਾਈ ਉਪ-ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਕਿਹਾ ਕਿ ਇਹ ਨੀਤੀ, ਜੋ ਸ਼ੁਰੂ ਵਿੱਚ 27 ਸ਼ਹਿਰਾਂ ਅਤੇ ਕਸਬਿਆਂ ਨੂੰ ਕਵਰ ਕਰੇਗੀ, ਜ਼ਮੀਨ ਮਾਲਕਾਂ ਦੀ ਸਵੈ-ਇੱਛਤ ਭਾਗੀਦਾਰੀ ਦੇ ਨਾਮ 'ਤੇ ਰਾਜਨੀਤਿਕ ਇੱਛਾ ਸ਼ਕਤੀ ਦੀ ਜ਼ਬਰਦਸਤੀ ਵਰਤੋਂ ਹੋਵੇਗੀ ਅਤੇ ਅਨੁਸੂਚਿਤ ਜਾਤੀਆਂ ਅਤੇ ਗਰੀਬ ਪਰਿਵਾਰਾਂ ਦੇ ਹਿੱਤਾਂ ਦੀ ਜ਼ਬਰਦਸਤੀ ਅਤੇ ਉਲੰਘਣਾ ਦਾ ਇੱਕ ਰੂਪ ਹੋਵੇਗੀ ਜੋ ਖੇਤੀਬਾੜੀ ਖੇਤਰ ਵਿੱਚ ਆਪਣੀ ਹੋਂਦ ਬਣਾਈ ਰੱਖਣ ਲਈ ਸਖ਼ਤ ਮਿਹਨਤ ਕਰਦੇ ਹਨ। ਦਲਿਤ ਆਗੂ ਸਰਦਾਰ ਕੈਂਥ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਖੇਤੀਬਾੜੀ 'ਤੇ ਨਿਰਭਰ ਖੇਤੀਬਾੜੀ ਮਜ਼ਦੂਰਾਂ ਦੇ ਹਿੱਤਾਂ ਨੂੰ ਅਣਗੌਲਿਆ ਅਤੇ ਵਾਂਝਾ ਕੀਤਾ ਗਿਆ ਹੈ। ਰਵਾਇਤੀ ਜ਼ਮੀਨ ਪ੍ਰਾਪਤੀ ਦੇ ਤਰੀਕਿਆਂ ਦੇ ਉਲਟ, ਜ਼ਮੀਨ ਪੂਲਿੰਗ ਮਾਡਲ ਮਾਲਕਾਂ ਨੂੰ ਵਿਕਾਸ ਲਈ ਆਪਣੀ ਜ਼ਮੀਨ ਸਵੈ-ਇੱਛਾ ਨਾਲ ਛੱਡਣ ਅਤੇ ਬਦਲੇ ਵਿੱਚ ਵਿਕਸਤ ਜਾਇਦਾਦ ਦਾ ਹਿੱਸਾ ਪ੍ਰਾਪਤ ਕਰਨ ਦੀ ਆਗਿਆ ਦਿੰਦਾ ਹੈ, ਭਾਜਪਾ ਨੇਤਾ ਪਰਮਜੀਤ ਕੈਂਥ ਨੇ ਕਿਹਾ ਕਿ ਇਹ ਨੀਤੀ ਖੇਤੀਬਾੜੀ 'ਤੇ ਨਿਰਭਰ ਕਿਸਾਨਾਂ ਅਤੇ ਖੇਤੀਬਾੜੀ ਮਜ਼ਦੂਰਾਂ ਦੇ ਭਵਿੱਖ ਨੂੰ ਤਬਾਹ ਕਰ ਦੇਵੇਗੀ।

**ਭਾਜਪਾ ਵੱਲੋਂ ਉਠਾਈਆਂ ਗਈਆਂ ਚਿੰਤਾਵਾਂ**

ਜ਼ਬਰਦਸਤੀ ਜ਼ਮੀਨ ਪ੍ਰਾਪਤੀ: ਭਾਜਪਾ ਆਗੂ ਪਰਮਜੀਤ ਸਿੰਘ ਕੈਂਥ ਦਾ ਦੋਸ਼ ਹੈ ਕਿ ਸਰਕਾਰ ਵੱਲੋਂ ਸਵੈ-ਇੱਛਤ ਭਾਗੀਦਾਰੀ ਦੇ ਦਾਅਵਿਆਂ ਦੇ ਬਾਵਜੂਦ, ਇਸ ਨੀਤੀ ਨਾਲ ਜ਼ਬਰਦਸਤੀ ਜ਼ਮੀਨ ਪ੍ਰਾਪਤੀ ਹੋਵੇਗੀ।

ਖੇਤੀ ਮਜ਼ਦੂਰਾਂ 'ਤੇ ਪ੍ਰਭਾਵ: ਕੈਂਥ ਦਾ ਤਰਕ ਹੈ ਕਿ ਇਹ ਨੀਤੀ ਖੇਤੀਬਾੜੀ 'ਤੇ ਨਿਰਭਰ ਕਿਸਾਨਾਂ ਅਤੇ ਖੇਤੀਬਾੜੀ ਮਜ਼ਦੂਰਾਂ ਦੇ ਭਵਿੱਖ ਨੂੰ ਤਬਾਹ ਕਰ ਦੇਵੇਗੀ, ਉਨ੍ਹਾਂ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕਰੇਗੀ। ਅਨੁਸੂਚਿਤ ਜਾਤੀ ਹਿੱਤਾਂ ਦੀ ਉਲੰਘਣਾ: ਭਾਜਪਾ ਆਗੂ ਦਾ ਦਾਅਵਾ ਹੈ ਕਿ ਇਹ ਨੀਤੀ ਅਨੁਸੂਚਿਤ ਜਾਤੀਆਂ ਅਤੇ ਗਰੀਬ ਪਰਿਵਾਰਾਂ ਦੇ ਹਿੱਤਾਂ ਦੀ ਉਲੰਘਣਾ ਕਰੇਗੀ ਜੋ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ 'ਤੇ ਨਿਰਭਰ ਕਰਦੇ ਹਨ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਸੌਂਪੀ ਇਸ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਵਾਂਗਾ : ਪਰਮਜੀਤ ਸਿੰਘ ਢਿੱਲੋਂ

**ਮਾਛੀਵਾੜਾ ਸਾਹਿਬ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਜਾਰੀ ਕੀਤੀ ਪਾਰਟੀ ਦੀ ਸਭ ਤੋਂ ਮਹੱਤਵਪੂਰਨ ਵਰਕਿੰਗ ਕਮੇਟੀ ਦੀ ਸੂਚੀ ਵਿੱਚ ਵਿਧਾਨ ਸਭਾ ਹਲਕਾ ਸਮਰਾਲਾ ਤੋਂ ਹਲਕਾ ਇੰਚਾਰਜ ਸ਼ਰੋਮਣੀ ਅਕਾਲੀ ਦਲ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਨੂੰ ਵਰਕਿੰਗ ਕਮੇਟੀ ਵਿੱਚ ਸ਼ਾਮਲ ਕਰਕੇ ਮੈਂਬਰ ਨਿਯੁਕਤ ਕੀਤਾ ਗਿਆ ਹੈ। ਜਿਸ ਨਾਲ ਹਲਕਾ ਸਮਰਾਲਾ ਵਿੱਚ ਸ਼ ?ਰੋਮਣੀ ਅਕਾਲੀ ਦਲ ਦੇ ਸਮੂਹ ਅਹੁਦੇਦਾਰਾਂ ਅਤੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਫੈਲ ਗਈ ਅਤੇ ਢਿੱਲੋਂ ਦੇ ਘਰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾਂ ਲੱਗ ਗਿਆ। ਇਸ ਨਿਯੁਕਤੀ ਸਬੰਧੀ ਪਰਮਜੀਤ ਸਿੰਘ ਢਿੱਲੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਇਸ ਸਬੰਧੀ ਸਭ ਤੋਂ ਪਹਿਲਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕਰਨਾ ਬਣਦਾ ਹੈ, ਜਿਨ੍ਹਾਂ ਨੇ ਇਹ ਨਿਯੁਕਤੀ ਕਰਕੇ ਸਮਰਾਲਾ ਹਲਕੇ ਦਾ ਮਾਣ ਵਧਾਇਆ ਹੈ।

ਮੈਨੂੰ ਜੋ ਜਿੰਮੇਵਾਰੀ ਪਾਰਟੀ ਨੇ ਸੌਂਪੀ ਹੈ, ਉਸਨੂੰ ਪੂਰੀ ਇਮਾਨਦਾਰੀ ਅਤੇ ਲਗਨ ਨਾਲ ਨਿਭਾਉਂਦੇ ਹੋਏ ਪਾਰਟੀ ਦੇ ਵਕਾਰ ਨੂੰ ਕਦੀ ਵੀ ਢਾਹ ਨਹੀਂ ਲੱਗਣ ਦੇਵਾਂਗਾ। ਸ਼ਰੋਮਣੀ ਅਕਾਲੀ ਦਲ ਜੋ ਆਮ ਲੋਕਾਂ ਦੇ ਹੱਕਾਂ ਵਿੱਚ ਖੜਨ, ਪੰਜਾਬ ਦੇ ਹਿੱਤਾਂ ਲਈ ਲਗਾਏ ਮੋਰਚਿਆਂ ਵਿੱਚੋਂ ਨਿਕਲੀ ਹੈ, ਇਸ ਦਾ ਕੁਰਬਾਨੀਆਂ ਵਾਲਾ ਇਤਿਹਾਸ ਕਿਸੇ ਕੋਲੋਂ ਛੁਪਿਆ ਨਹੀਂ ਹੈ, ਨੂੰ ਮੁੜ ਉੱਚੇ ਮੁਕਾਮ ਤੇ ਸਥਾਪਤ ਕਰਨ ਲਈ ਦਿਨ ਰਾਤ ਇੱਕ ਕਰ ਦਿੱਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਅੱਜ ਪੰਜਾਬ ਦੇ ਲੋਕ ਮੁੜ ਸ਼ਰੋਮਣੀ ਅਕਾਲੀ ਦਲ ਪ੍ਰਤੀ ਸੰਜੀਦਗੀ ਨਾਲ ਸੋਚਣ ਲੱਗ ਪਏ ਹਨ, ਕਿਉਂਕਿ ਸਾਢੇ ਤਿੰਨ ਸਾਲ ਪਹਿਲਾਂ ਆਮ ਲੋਕਾਂ ਨਾਲ ਝੂਠੇ ਵਾਅਦੇ ਕਰਕੇ, ਲੋਕਾਂ ਦੀਆਂ ਭਾਵਨਾਵਾਂ ਨੂੰ ਹਵਾਈ ਸੁਪਨਿਆਂ ਵਿੱਚ ਸੰਜੋਅ ਕੇ ਪੰਜਾਬ ਉੱਤੇ ਕਾਬਜ ਹੋਈ ਹੈ, ਹੁਣ ਉਸੇ ਪਾਰਟੀ ਨੂੰ ਪੰਜਾਬ ਦੇ ਲੋਕ ਰਾਜ ਸੱਤਾ ਸੌਂਪ ਕੇ ਪਛਤਾ ਰਹੇ ਹਨ। ਪੰਜਾਬ ਲੋਕਾਂ ਨੂੰ ਵੀ ਸਮਝ ਆ ਚੁੱਕੀ ਹੈ ਕਿ ਪੰਜਾਬ ਅਤੇ ਪੰਜਾਬੀਆਂ ਦੇ ਹੱਕਾਂ ਪ੍ਰਤੀ ਲਈ ਸੰਘਰਸ਼ ਕਰਨ ਵਾਲੀ ਜੇਕਰ ਕੋਈ ਰਾਜਨੀਤਕ ਪਾਰਟੀ ਹੈ ਤਾਂ ਉਹ ਕੇਵਲ ਸ਼ ?ਰੋਮਣੀ ਅਕਾਲੀ ਦਲ ਹੀ ਰਾਜਨੀਤਕ ਪਾਰਟੀ ਹੈ, ਜੋ ਕਿ 2027 ਵਿੱਚ ਮੁੜ ਪੰਜਾਬ ਦੇ ਲੋਕਾਂ ਦੇ ਪਿਆਰ ਸਦਕਾ ਮੁੜ ਸੱਤਾ ਸੰਭਾਲੇਗੀ। ਉਨ੍ਹਾਂ ਅੱਗੇ ਕਿਹਾ ਕਿ ਉਹ ਪਾਰਟੀ ਵੱਲੋਂ ਸੌਂਪੀ ਇਸ ਜਿੰਮੇਵਾਰੀ ਨੂੰ ਨਿਭਾਉਣ ਲਈ ਦਿਨ ਰਾਤ ਇੱਕ ਕਰ ਦੇਣਗੇ। ਵਧਾਈਆਂ ਦੇਣ ਵਾਲਿਆਂ ਵਿੱਚ ਪ੍ਰਮੁੱਖ ਤੌਰ ਤੇ ਜਥੇਦਾਰ ਜਸਮੇਲ ਸਿੰਘ ਬੌਂਦਲੀ, ਹਰਜਤਿੰਦਰ ਸਿੰਘ ਬਾਜਵਾ ਪਵਾਤ, ਹਰਦੀਪ ਸਿੰਘ ਬਹਿਲੋਲਪੁਰ, ਭੁਪਿੰਦਰ ਸਿੰਘ ਢਿੱਲੋਂ, ਡਾ. ਪਰਵਿੰਦਰ ਸਿੰਘ ਬੱਲੀ, ਅਮ੍ਰਿਤਪਾਲ ਸਿੰਘ ਗੁਰੋਂ, ਕੁਲਦੀਪ ਸਿੰਘ ਜਾਤੀਵਾਲ, ਅਮਰੀਕ ਸਿੰਘ ਹੇੜੀਆਂ, ਬਹਾਦਰ ਸਿੰਘ ਮਾਣਕੀ, ਜਸਪਾਲ ਸਿੰਘ ਜੱਜ, ਸੁਰਜੀਤ ਸਿੰਘ ਪੂਰਬਾ, ਸੁਰਿੰਦਰ ਸਿੰਘ ਬੇਦੀ, ਸਰਬਜੀਤ ਸਿੰਘ ਢੰਡੇ, ਦਲਵੀਰ ਸਿੰਘ ਕੰਗ, ਸੁਖਜੋਤ ਸਿੰਘ ਭੱਟੀ, ਰਜਿੰਦਰ ਸਿੰਘ ਚੱਕਮਾਫੀ, ਮਨੀ ਕੋਲਾ, ਅਰਸ਼ਦੀਪ ਸਿੰਘ ਰਾਏ, ਹਰਮਹਿਕ ਸਿੰਘ ਰਿਐਤ, ਲਖਵਿੰਦਰ ਸਿੰਘ ਬੌਂਦਲੀ, ਜਗਜੀਤ ਸਿੰਘ ਬੌਂਦਲੀ ਆਦਿ ਤੋਂ ਇਲਾਵਾ ਸਮਰਾਲਾ ਹਲਕੇ ਦੇ ਵੱਖ ਵੱਖ ਅਹੁਦੇਦਾਰ ਅਤੇ ਵਰਕਰ ਹਾਜਰ ਸਨ।

# ਬਿਸਤ ਦੁਆਬ ਨਹਿਰ ਨਾਲ ਲੱਗਦੀਆਂ ਜ਼ਮੀਨਾਂ ਵਿੱਚ ਮੋਘੇ ਕੱਢਣ ਨੂੰ ਸਰਕਾਰ ਨੇ ਦਿੱਤੀ ਮਨਜ਼ੂਰੀ : ਡਾ. ਰਾਜ ਕੁਮਾਰ ਚੱਬੇਵਾਲ



**ਹੁਸ਼ਿਆਰਪੁਰ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਜ਼ਾਦੀ ਤੋਂ ਕੁਝ ਸਾਲ ਬਾਅਦ ਬਣੀ ਬਿਸਤ ਦੁਆਬ ਨਹਿਰ ਵਿੱਚੋ ਹੁਣ ਨਹਿਰ ਨਾਲ ਲੱਗਦੀਆਂ ਜ਼ਮੀਨਾਂ ਵਿੱਚ ਮੋਘੇ ਕੱਢਣ ਦਾ ਰਾਹ ਪੱਧਰਾ ਹੋ ਗਿਆ ਹੈ ਅਤੇ ਇਸ ਸਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਹੁਕਮ ਵੀ ਜਾਰੀ ਕਰ ਦਿੱਤੇ ਗਏ ਹਨ। ਇਹ ਜਾਣਕਾਰੀ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਹਲਕਾ ਚੱਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਵੱਲੋਂ ਦਫ਼ਤਰ ਵਿੱਚ ਸੰਗਠਨ ਪ੍ਰਧਾਨ, ਬਲਾਕ ਪ੍ਰਭਾਰੀ ਅਤੇ ਬਲਾਕ ਪ੍ਰਧਾਨਾਂ ਨਾਲ ਕੀਤੀ ਗਈ ਮੀਟਿੰਗ ਦੌਰਾਨ ਸਾਂਝੀ ਕੀਤੀ ਗਈ। ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਚੱਬੇਵਾਲ ਹਲਕੇ ਦੀ ਜ਼ਿਮਨੀ ਚੋਣ ਸਮੇਂ ਅਸੀਂ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਨਹਿਰ ਨਾਲ ਲੱਗਦੀਆਂ ਜਮੀਨਾਂ ਨੂੰ ਨਹਿਰ ਦਾ ਪਾਣੀ ਉਪਲਬਧ ਕਰਵਾਇਆ ਜਾਵੇਗਾ ਅਤੇ ਹੁਣ ਇਹ ਵਾਅਦਾ ਪੂਰਾ ਹੋ ਚੁੱਕਾ ਹੈ, ਇਹ ਸਿਰਫ ਚੱਬੇਵਾਲ ਹਲਕੇ ਦੇ ਕਿਸਾਨਾਂ ਨੂੰ ਹੀ ਨਹੀਂ ਸਗੋਂ ਨਾਲ ਲੱਗਦੇ ਫਗਵਾੜਾ ਅਤੇ ਗੜ੍ਹਸ਼ੰਕਰ ਹਲਕੇ ਦੇ ਪਿੰਡਾਂ ਨੂੰ ਵੀ ਇਸਦਾ ਫਾਇਦਾ ਹੋਵਾਗਾ, ਹੁਣ ਜਿਸ ਵੀ ਕਿਸਾਨ ਨੂੰ ਨਹਿਰੀ ਪਾਣੀ ਦੀ ਜ਼ਰੂਰਤ ਹੋਵੇਗੀ ਉਹ ਸਬੰਧਤ ਨਹਿਰੀ ਵਿਭਾਗ (ਜਲੰਧਰ ਬ੍ਰਾਂਚ) ਕੋਲ ਇਸ ਸਬੰਧੀ ਅਰਜੀ ਦੇ ਕੇ ਮੋਘੇ ਦੀ ਮੰਗ ਕਰ ਸਕਦਾ ਹੈ ਜਿਸ ਉਪਰੰਤ ਵਿਭਾਗ ਵੱਲੋਂ ਤੁਰੰਤ ਸਬੰਧਿਤ ਕਿਸਾਨ ਦੇ ਖੇਤ ਨੂੰ ਨਹਿਰ ਵਿੱਚੋ ਪਾਣੀ ਦੇ ਦਿੱਤਾ ਜਾਵੇਗਾ। ਡਾ. ਚੱਬੇਵਾਲ ਨੇ ਕਿਹਾ ਕਿ ਸੂਬੇ ਦੀ ਮਾਨ ਸਰਕਾਰ ਨੇ ਟੇਲਾਂ ਤੱਕ ਪਾਣੀ ਪੁੱਜਦਾ ਕਰਨ ਲਈ ਕਰੋੜਾਂ ਰੁਪਏ ਖਰਚ ਕੀਤੇ ਹਨ ਜਿਸ ਨਾਲ ਇੱਕ ਤਾਂ ਕਿਸਾਨਾਂ ਨੂੰ ਨਹਿਰੀ ਪਾਣੀ ਮਿਲਣਾ ਯਕੀਨੀ ਬਣਿਆ ਅਤੇ ਦੂਜਾ ਜਿੱਥੇ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਰਿਹਾ ਹੈ, ਉੱਥੇ ਹੀ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਉੱਚਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਦੀ ਨਹਿਰ ਬਣੀ ਹੈ ਇਸ ਦਾ ਫਾਇਦਾ ਕਦੇ ਵੀ ਨਹਿਰ ਨਾਲ ਲੱਗਦੀਆਂ ਜ਼ਮੀਨਾਂ ਵਾਲੇ ਕਿਸਾਨਾਂ ਨੂੰ ਨਹੀਂ ਮਿਲਿਆ ਸੀ ਲੇਕਿਨ ਹੁਣ ਆਪ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ ਪੰਜਾਬ ਸਰਕਾਰ ਵੱਲੋਂ ਲਏ ਕਿਸਾਨ ਪੱਖੀ ਫੈਸਲੇ ਨਾਲ ਕਿਸਾਨਾਂ ਨੂੰ ਨਹਿਰੀ ਪਾਣੀ ਮਿਲਣਾ ਯਕੀਨੀ ਬਣ ਸਕਿਆ ਹੈ। ਡਾ.ਇਸ਼ਾਂਕ ਕੁਮਾਰ ਚੱਬੇਵਾਲ ਨੇ ਕਿਹਾ ਕਿ ਦੋਆਬੇ ਵਿੱਚ ਬਹੁ-ਗਿਣਤੀ ਕਿਸਾਨਾਂ ਕੋਲ ਜ਼ਮੀਨਾਂ ਬਹੁਤ ਘੱਟ ਹਨ ਇਸ ਲਈ ਹਰ ਇੱਕ ਕਿਸਾਨ ਲੱਖਾਂ ਰੁਪਏ ਟਿਊਬਵੈੱਲ ਉੱਪਰ ਖਰਚ ਨਹੀਂ ਕਰ ਸਕਦਾ ਅਤੇ ਪੰਜਾਬ ਸਰਕਾਰ ਵੱਲੋਂ ਇਸੇ ਤੱਥ ਨੂੰ ਸਾਹਮਣੇ ਰੱਖ ਕੇ ਕਿਸਾਨਾਂ ਨੂੰ ਨਹਿਰੀ ਪਾਣੀ ਦੇਣ ਦਾ ਫੈਸਲਾ ਲਿਆ ਗਿਆ ਹੈ, ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ 4 ਹਜਾਰ ਕਰੋੜ ਰੁਪਏ ਨਹਿਰਾਂ ਦੇ ਨਵੀਨੀਕਰਨ ਉੱਪਰ ਖਰਚ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਹੁਣ ਬਿਸਤ ਦੁਆਬ ਨਹਿਰ ਦੇ ਨਾਲ ਨਾਲ ਬਹੁਤ ਜਲਦੀ ਰੇਲਿੰਗ ਲਗਾਈ ਜਾਵੇਗੀ ਤਾਂ ਜੋ ਹੋਣ ਵਾਲੀਆਂ ਦੁਰਘਟਨਾਵਾਂ ਨੂੰ ਤਰੰਤ ਪ੍ਰਭਾਵ ਨਾਲ ਰੋਕਿਆ ਜਾ ਸਕੇ। ਇਸ ਮੌਕੇ ਸੰਗਠਨ ਇੰਚਾਰਜ ਭੁਪਿੰਦਰ ਸਿੰਘ, ਬਲਾਕ ਪ੍ਰਭਾਰੀ ਜਸਵਿੰਦਰ ਸਿੰਘ ਖਹਿਰਾ, ਚਰਨਜੀਤ ਬੰਟੀ, ਜਸਪਾਲ ਸਿੰਘ, ਸ਼ਿਵਰੰਜਨ ਸਿੰਘ, ਭਰਤ ਲਾਲ, ਕਿਰਪਾਲ ਸਿੰਘ, ਡਾ. ਵਿਪਨ, ਕਿਰਪਾਲ ਸਿੰਘ, ਬਿਰਲਾ ਸੇਠ (ਸਾਰੇ ਬਲਾਕ ਪ੍ਰਭਾਰੀ), ਬਲਾਕ ਪ੍ਰਧਾਨਾਂ ਵਿੱਚ ਨਰੇਸ਼, ਗਣੇਸ਼ ਕੁਮਾਰ ਗਿੰਨੀ, ਜਤਿੰਦਰ ਕੁਮਾਰ, ਨਰਿੰਦਰ ਮਹਿਨਾ, ਲਖਵੀਰ ਸਿੰਘ, ਸੁਰਿੰਦਰ ਸਿੰਘ, ਸੁਰਜੀਤ ਸਿੰਘ ਭਾਮ, ਵਿਕਾਸ ਸ਼ਰਮਾ, ਰਿੱਕੀ ਪਰਮਾਰ ਬੱਡੋ, ਜਸਪਾਲ ਸਿੰਘ, ਸੁਖਜੀਤ ਸਿੰਘ, ਜਸਕਰਨ ਅਜਨੋਹਾ, ਹਰਦੀਪ ਸਿੰਘ ਦੀਪਾ ਅਤੇ ਦਲਜੀਤ ਪੱਟੀ ਵੀ ਹਾਜਰ ਸਨ।

# ਮੁਲਾਜ਼ਮਾਂ ਦੀਆਂ ਬਦਲੀਆਂ ਰੱਦ ਕਰਵਾਉਣ ਲਈ ਸਾਂਝਾ ਫੋਰਮ ਵੱਲੋਂ ਪ੍ਰਦਰਸ਼ਨ



**ਰਾਜਪੁਰਾ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਵਰ ਕਾਮ ਦਫ਼ਤਰ ਰਾਜਪੁਰਾ ਵੱਲੋਂ ਮੁਲਾਜ਼ਮਾਂ ਦੀਆਂ ਕੀਤੀਆਂ ਗਈਆਂ ਬਦਲੀਆਂ ਰੋਕਣ ਸਬੰਧੀ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੀਆਂ ਸਾਂਝੇ ਫੋਰਮ ਦੀਆਂ ਜਥੇਬੰਦੀਆਂ, ਟੈਕਨੀਕਲ ਸਰਵਿਸ ਯੂਨੀਅਨ, ਪੀਐੱਸਈਬੀ ਐਂਪਲਾਈਜ਼ ਫੈਡਰੇਸ਼ਨ ਏਟਕ ਅਤੇ ਐਸੋਸੀਏਸ਼ਨ ਆਫ਼ ਜੂਨੀਅਰ ਇੰਜੀਨੀਅਰਜ਼ ਦੇ ਆਗੂਆਂ ਵੱਲੋਂ ਸਾਂਝੇ ਤੌਰ 'ਤੇ ਐਕਸੀਅਨ ਦੇ ਦਫ਼ਤਰ ਅੱਗੇ ਨਾਅਰੇਬਾਜ਼ੀ ਕੀਤੀ। ਜਥੇਬੰਦੀਆਂ ਨੇ ਐਕਸੀਅਨ ਬਿਜਲੀ ਬੋਰਡ ਨੂੰ ਅਲਟੀਮੇਟਮ ਦਿੰਦਿਆਂ ਕਿਹਾ ਕਿ ਜੇਕਰ 7 ਜੁਲਾਈ ਤੱਕ ਮੁਲਾਜ਼ਮਾਂ ਦੀਆਂ ਕੀਤੀਆਂ ਬਦਲੀਆਂ ਰੱਦ ਨਾ ਕੀਤੀਆਂ ਗਈਆਂ ਤਾਂ ਸਮੁੱਚੇ ਮੁਲਾਜ਼ਮ ਵਰਗ ਵੱਲੋਂ ਸੰਘਰਸ਼ ਤੇਜ਼ ਕੀਤਾ ਜਾਵੇਗਾ।

ਮੁਲਾਜ਼ਮ ਆਗੂ ਸੁਖਦੇਵ ਸਿੰਘ ਭੰਗਲ, ਗੁਰਦੀਪ ਸਿੰਘ ਸੈਦਖੇੜੀ, ਸੁਨੀਲ ਕੁਮਾਰ ਅਤੇ ਰਜਿੰਦਰ ਸਿੰਘ ਨੇ ਕਿਹਾ ਕਿ ਮੁਲਾਜ਼ਮ ਜਥੇਬੰਦੀ ਦੇ ਆਗੂਆਂ ਵੱਲੋਂ ਐਕਸੀਅਨ ਰਾਜਪੁਰਾ ਨੂੰ ਪੱਤਰ ਭੇਜਿਆ ਸੀ ਕਿ ਝੋਨੇ ਦੇ ਸੀਜ਼ਨ ਦੇ ਮੱਦੇਨਜ਼ਰ ਮੁਲਾਜ਼ਮਾਂ ਦੀਆਂ ਬਦਲੀਆਂ ਨਾ ਕੀਤੀਆਂ ਜਾਣ। ਐਕਸੀਅਨ ਪਾਵਰਕੌਮ ਨੇ ਇਨ੍ਹਾਂ ਮੰਗਾਂ ਸਬੰਧੀ ਸਹਿਮਤੀ ਦਿੱਤੀ ਸੀ ਪਰ ਉਸ ਤੋਂ ਬਾਅਦ ਐਕਸੀਅਨ ਨੇ ਆਪਣੀ ਮਰਜ਼ੀ ਨਾਲ ਲਾਈਨਮੈਨਾਂ ਅਤੇ ਜੇਈ ਦੀਆਂ ਬਦਲੀਆਂ ਕਰ ਦਿੱਤੀਆਂ। ਮੁਲਾਜ਼ਮ ਆਗੂਆਂ ਨੇ ਕਿਹਾ ਕਿ ਜੇ ਮੁਲਾਜ਼ਮਾਂ ਦੀ ਘਾਟ ਹੈ ਤਾਂ ਇਸ ਘਾਟ ਨੂੰ ਬਿਜਲੀ ਨਿਗਮ ਦੀ ਮੈਨੇਜਮੈਂਟ ਨੂੰ ਸੂਚਿਤ ਕਰਕੇ ਪੂਰਾ ਕੀਤਾ ਜਾਣਾ ਚਾਹੀਦਾ ਹੈ। ਸਾਂਝੇ ਫੋਰਮ ਦੇ ਆਗੂਆਂ ਨੇ ਬਿਜਲੀ ਨਿਗਮ ਦੇ ਐਕਸੀਅਨ ਨੂੰ ਅਲਟੀਮੇਟਮ ਦਿੱਤਾ ਕਿ ਜੇਕਰ ਬਦਲੀ ਕੀਤੇ ਗਏ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਪਹਿਲਾਂ ਵਾਲੇ ਸਟੇਸ਼ਨਾਂ 'ਤੇ ਨਾ ਲਗਾਇਆ ਗਿਆ ਤਾਂ ਅਣਮਿਥੇ ਸਮੇਂ ਦਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ ਚਰਨ ਸਿੰਘ ਜੰਡੋਲੀ, ਬਲਵੀਰ ਸਿੰਘ, ਜੇਈ ਗੁਰਮੀਤ ਸਿੰਘ, ਨਿਸ਼ਾਨ ਸਿੰਘ, ਦਵਿੰਦਰ ਬਾਵਾ, ਰਣਜੀਤ ਕਲਸੀ, ਗੁਰਬਚਨ ਸਿੰਘ, ਜੀਵਨ ਸਿੰਘ, ਲਖਵੀਰ ਸਿੰਘ ਗੋਪਾਲਪੁਰ ਆਦਿ ਹਾਜ਼ਰ ਸਨ।

# ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਪੰਜਾਬ ਦੇ ਨੁਮਾਇੰਦਿਆਂ ਨੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੂੰ ਮੰਗ ਪੱਤਰ ਸੌਂਪਿਆ

**ਨਾਭਾ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਪੰਜਾਬ ਦੇ ਇਕ ਵਫਦ ਵਲੋਂ ਅੱਜ ਜ਼ਿਲ੍ਹਾ ਪਲੈਨਿੰਗ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨਾਲ ਨਾਭਾ ਸਥਿਤ ਉਨ੍ਹਾਂ ਦੇ ਨਿੱਜੀ ਦਫਤਰ ਵਿਖੇ ਪੁੱਜਕੇ ਮੀਟਿੰਗ ਕੀਤੀ ਅਤੇ ਇਸ ਮੌਕੇ ਉਪਰੋਕਤ ਵਫ਼ਦ ਵਲੋਂ ਆਪਣੀ ਬਹਾਲੀ ਕਰਨ ਦੀ ਮੰਗ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਨਾਮ ਤੇ ਉਨ੍ਹਾਂ ਨੂੰ ਮੰਗ ਪੱਤਰ ਦਿੱਤਾ ਅਤੇ ਆਪਣੀਆਂ ਦਰਪੇਸ਼ ਸਮੱਸਿਆਵਾਂ ਤੋਂ ਸਰਕਾਰ ਦਾ ਨੁਮਾਇੰਦਾ ਹੋਣ ਦੇ ਨਾਤੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੂੰ ਜਾਣੂ ਕਰਵਾਇਆ ਗਿਆ। ਉਪਰੋਕਤ ਮੁੜ ਬਹਾਲ ਕੱਚੇ ਅਧਿਆਪਕਾ ਨੇ ਦੱਸਿਆ ਕਿ ਈ.ਜੀ.ਐਸ, ਏ.ਆਈ.ਈ, ਐਸ.ਟੀ.ਆਰ, ਸਿੱਖਿਆ ਪ੍ਰੋਵਾਇਡਰ ਅਤੇ ਆਈ.ਈ.ਵੀ ਸਿੱਖਿਆ ਵਿਭਾਗ ਵਿਖੇ ਅਧਿਆਪਕਾਂ ਦੀ ਮੁੜ ਬਹਾਲੀ ਕਰਨ ਦੇ ਪ੍ਰੋਸੈਸ ਸਬੰਧੀ ਮਾਨਯੋਗ ਮੁੱਖ ਮੰਤਰੀ, ਪੰਜਾਬ ਦੁਆਰਾ 15 ਜੂਨ 2025 ਨੂੰ ਹੋਈ ਮੀਟਿੰਗ ਦੌਰਾਨ ਮਾਨਯੋਗ ਸਿੱਖਿਆ ਮੰਤਰੀ, ਪੰਜਾਬ ਅਤੇ ਮਾਨਯੋਗ ਸਿੱਖਿਆ ਸਕੱਤਰ, ਪੰਜਾਬ ਨੂੰ ਕਮੇਟੀ ਦਾ ਗਠਨ ਕਰਕੇ ਅਧਿਆਪਕਾਂ ਦੀ ਮੁੜ ਬਹਾਲੀ ਨੂੰ ਅੰਤਿਮ ਰੂਪ ਦੇਣ ਦੇ ਦਿਸ਼ਾ ਨਿਰਦੇਸ਼ਾਂ ਨੂੰ ? ਅਮਲ ਵਿੱਚ ਲਿਆਂਦਾ ਜਾਵੇ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਮੰਗ ਪੱਤਰ ਲੈਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਪੰਜਾਬ ਦੇ ਵਫਦ ਵਲੋਂ ਦਿੱਤਾ ਗਿਆ ਮੰਗ ਪੱਤਰ ਮਾਨਯੋਗ ਮੁੱਖ ਮੰਤਰੀ ਪੰਜਾਬ ਅਤੇ ਸਿਖਿਆ ਮੰਤਰੀ ਪੰਜਾਬ ਤੱਕ ਪੁੱਜਦਾ ਕਰ ਦਿੱਤਾ ਜਾਵੇਗਾ ਤਾਂ ਜੋ ਇਨ੍ਹਾਂ ਦੀ ਬਹਾਲੀ ਹੋ ਸਕੇ। ਮੰਗ ਪੱਤਰ ਦੇਣ ਸਮੇਂ ਵਿਕਾਸ ਸਾਹਨੀ, ਲਖਵਿੰਦਰ ਕੌਰ, ਮਨਜੀਤ ਕੌਰ, ਰੁਪਿੰਦਰ ਕੌਰ, ਸਤਵੀਰ ਕੌਰ, ਸੁਖਵਿੰਦਰ ਸਿੰਘ, ਅਮਨਦੀਪ ਕੌਰ, ਜਸਵਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ ਆਦਿ ਸ਼ਾਮਲ ਸਨ।

# ਸੰਯੁਕਤ ਕਿਸਾਨ ਮੋਰਚਾ ਅਤੇ ਜਮਹੂਰੀ ਜਥੇਬੰਦੀਆਂ ਦੀ ਸਾਂਝੀ ਮੀਟਿੰਗ

**ਪਟਿਆਲਾ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁਲਾਜ਼ਮ ਫੈਡਰੇਸ਼ਨਾਂ, ਜਨਤਕ ਜਮਹੂਰੀ ਜਥੇਬੰਦੀਆਂ ਅਤੇ ਸੰਯੁਕਤ ਕਿਸਾਨ ਮੋਰਚਾ ਪਟਿਆਲਾ ਦੀ ਸਾਂਝੀ ਮੀਟਿੰਗ ਨਿਰਮਲ ਸਿੰਘ ਧਾਲੀਵਾਲ ਦੀ ਪ੍ਰਧਾਨਗੀ ਹੇਠ ਗੁਰਦਵਾਰਾ ਦੂਖ ਨਿਵਾਰਨ ਵਿੱਚ ਹੋਈ। ਮੀਟਿੰਗ ਦੌਰਾਨ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਕੇਂਦਰੀ ਟਰੇਡ ਯੂਨੀਅਨਾਂ ਵੱਲੋਂ 9 ਜੁਲਾਈ ਨੂੰ ਕੀਤੀ ਜਾ ਰਹੀ ਦੇਸ਼-ਵਿਆਪੀ ਹੜਤਾਲ ਦੇ ਸਮਰਥਨ ਤਹਿਤ ਤਹਿਸੀਲ ਪੱਧਰ ਦੀਆਂ ਰੈਲੀਆਂ ਵਿੱਚ ਵਧ ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇਗੀ। ਇਸ ਮੌਕੇ ਪਟਿਆਲਾ, ਨਾਭਾ, ਰਾਜਪੁਰਾ, ਸਮਾਣਾ ਤੇ ਪਾਤੜਾਂ ਤਹਿਸੀਲ ਦੇ ਨਾਲ-ਨਾਲ ਘਨੌਰ ਸਬ ਤਹਿਸੀਲ ਵਿੱਚ ਵੀ ਰੈਲੀ ਕਰਨ ਦਾ ਫ਼ੈਸਲਾ ਕੀਤਾ ਗਿਆ। ਮੀਟਿੰਗ ਵਿਚ ਦਰਸ਼ਨ ਸਿੰਘ ਬੇਲੂਮਾਜਰਾ, ਹਰਭਜਨ ਸਿੰਘ ਬੁੱਟਰ, ਹਰਦੀਪ ਸਿੰਘ ਟੋਡਰਪੁਰ, ਸੁਖਮਿੰਦਰ ਸਿੰਘ ਬਾਰਨ, ਕੁਲਵੰਤ ਸਿੰਘ ਮੌਲਵੀਵਾਲਾ, ਦਵਿੰਦਰ ਸਿੰਘ ਪੂਨੀਆ, ਸੁਰਜੀਤ ਸਿੰਘ, ਸ਼ਾਮ ਸਿੰਘ, ਤਰਸੇਮ ਸਿੰਘ, ਧੰਨਾ ਸਿੰਘ, ਸੁਨੀਲ ਕੁਮਾਰ, ਗੁਰਦਰਸ਼ਨ ਸਿੰਘ, ਮਲਕੀਤ ਸਿੰਘ, ਪਰੇਮ ਸਿੰਘ ਅਤੇ ਅਵਤਾਰ ਸਿੰਘ ਕੌਰਜੀਵਾਲਾ ਆਗੂ ਹਾਜ਼ਰ ਸਨ।

# ਵਿਕਾਸ ਕਾਰਜਾਂ ਨਾਲ ਪਿੰਡਾਂ ਨੂੰ ਮਿਲੇਗੀ ਨਵੀਂ ਪਛਾਣ: ਨੀਨਾ ਮਿੱਤਲ



**ਰਾਜਪੁਰਾ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਰਾਜਪੁਰਾ ਵਿਧਾਇਕਾ ਨੀਨਾ ਮਿੱਤਲ ਨੇ ਮਿਨੀ ਸਕੱਤਰੇਤ ਵਿੱਚ ਗ੍ਰਾਮ ਪੰਚਾਇਤਾਂ ਨਾਲ ਮੀਟਿੰਗ ਕਰਕੇ ਵਿਕਾਸ ਕਾਰਜਾਂ ਦੀ ਸਮੀਖਿਆ ਕੀਤੀ। ਉਨ੍ਹਾਂ ਗ੍ਰਾਮ ਪੰਚਾਇਤਾਂ ਨਾਲ ਸਿੱਧੀ ਗੱਲਬਾਤ ਕਰਕੇ ਪਿੰਡਾਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਅਤੇ ਉਨ੍ਹਾਂ ਦੇ ਤੁਰੰਤ ਹੱਲ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਕੜੇ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਪੰਚਾਇਤਾਂ ਨੂੰ ਭਰੋਸਾ ਦਿੱਤਾ ਕਿ ਮਾਨ ਸਰਕਾਰ ਪਿੰਡਾਂ ਨੂੰ ਸ਼ਹਿਰੀ ਸਹੂਲਤਾਂ ਦੇ ਨਾਲ ਜੋੜੇਗੀ। ਇਸ ਮੌਕੇ ਐੱਸਡੀਐੱਮ ਰਾਜਪੁਰਾ ਅਵਿਕੇਸ਼ ਗੁਪਤਾ, ਬੀਡੀਪੀਓ ਬੰਨਦੀਪ ਸਿੰਘ, ਐਡਵੋਕੇਟ ਲਵੀਸ਼ ਮਿੱਤਲ, ਪੰਚਾਇਤ ਅਫ਼ਸਰ ਸਤਵਿੰਦਰ ਸਿੰਘ ਭੰਗੂ, ਰਾਜਵਿੰਦਰ ਸਿੰਘ ਯੂਨੀਅਰ ਸਹਾਇਕ ਲੇਖਾਕਾਰ ਵੀ ਮੌਜੂਦ ਸਨ।

ਵਿਧਾਇਕਾ ਨੀਨਾ ਮਿੱਤਲ ਨੇ ਗ੍ਰਾਮ ਪੰਚਾਇਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਹਰ ਪਿੰਡ ਦੇ ਕੋਨੇ-ਕੋਨੇ ਤੱਕ ਵਿਕਾਸ ਦੇ ਕੰਮ ਪਹੁੰਚਾਉਣਾ ਹੈ ਤਾਂ ਜੋ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮਿਲ ਸਕਣ। ਉਨ੍ਹਾਂ ਗ੍ਰਾਮ ਪੰਚਾਇਤਾਂ ਨੂੰ ਨਿਰਦੇਸ਼ ਦਿੱਤੇ ਕਿ ਆਪੋ-ਆਪਣੇ ਪਿੰਡ ਦੀ ਸਾਂਝੀ ਰਾਇ ਨਾਲ ਪਹਿਲਾਂ ਜ਼ਰੂਰੀ ਹੋਣ ਵਾਲੇ ਕੰਮਾਂ ਦੇ ਮਤੇ ਪਾ ਕੇ ਭੇਜੇ ਜਾਣ ਵਿਕਾਸ ਕਾਰਜਾਂ ਲਈ ਫੰਡਾ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਪੰਚਾਇਤ ਸੈਕਟਰੀ ,ਹਲਕਾ ਰਾਜਪੁਰਾ ਦੇ ਪੰਚ ਸਰਪੰਚ ਅਤੇ ਸਬੰਧਤ ਵਿਭਾਗ ਦੇ ਅਧਿਕਾਰੀ ਅਤੇ ਪਾਰਟੀ ਦੇ ਸੀਨੀਅਰ ਅਹੁਦੇਦਾਰ ਮੌਜੂਦ ਸਨ।

# ਸੀਯੂਈਟੀ ਪ੍ਰੀਖਿਆ: ਲੁਧਿਆਣਾ ਦੀ ਅਨੰਨਿਆ ਦੇਸ਼ ਭਰ 'ਚੋਂ ਅੱਵਲ

**ਲੁਧਿਆਣਾ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਇੱਥੋਂ ਦੇ ਡੀਏਵੀ ਸਕੂਲ ਪੱਖੋਵਾਲ ਰੋਡ ਦੀ ਵਿਦਿਆਰਥਣ ਅਨੰਨਿਆ ਜੈਨ ਨੇ ਕਾਮਨ ਯੂਨੀਵਰਸਿਟੀ ਐਂਟਰੈਂਸ ਟੈਸਟ (ਸੀਯੂਈਟੀ-ਯੂਜੀ) ਦੀ ਪ੍ਰੀਖਿਆ ਵਿੱਚ ਆਲ ਇੰਡੀਆ ਰੈਂਕ 1 ਹਾਸਲ ਕਰਕੇ ਸ਼ਾਨਦਾਰ ਮੀਲ ਪੱਥਰ ਸਥਾਪਤ ਕੀਤਾ ਹੈ।

ਅਨੰਨਿਆ ਪੂਰੇ ਭਾਰਤ 'ਚੋਂ ਇਕਲੌਤੀ ਉਮੀਦਵਾਰ ਹੈ, ਜਿਸ ਨੇ 5 'ਚੋਂ 4 ਵਿਸ਼ਿਆਂ ਵਿੱਚ 100 ਫੀਸਦ ਅੰਕ ਹਾਸਲ ਕੀਤੇ ਹਨ। ਇਸ ਵੱਕਾਰੀ ਦਾਖਲਾ ਪ੍ਰੀਖਿਆ ਵਿੱਚ ਸਿੱਖਿਆ ਮੰਤਰਾਲੇ ਅਧੀਨ ਕੇਂਦਰੀ 'ਵਰਸਿਟੀਆਂ 'ਚ ਅੰਡਰਗ੍ਰੈਜੂਏਟ ਪ੍ਰੋਗਰਾਮਾਂ ਵਿੱਚ ਦਾਖਲਾ ਲੈਣ ਦੇ ਇੱਛੁਕ ਦਸ ਲੱਖ ਤੋਂ ਵੱਧ ਉਮੀਦਵਾਰਾਂ ਨੇ ਹਿੱਸਾ ਲਿਆ ਸੀ।

## ਪ੍ਰੋਗਰੈਸਿਵ ਟੀਚਰਜ਼ ਫਰੰਟ ਵੱਲੋਂ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਪੱਤਰ

# ਜੇਕਰ ਇਹ ਮੰਗਾਂ ਜਲਦੀ ਪੂਰੀਆਂ ਨਾ ਕੀਤੀਆਂ ਤਾਂ ਅਧਿਆਪਕ ਸੰਘਰਸ਼ ਦੇ ਰਾਹ ਪੈਣਗੇ: ਆਗੂ

**ਪਟਿਆਲਾ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰੋਗਰੈਸਿਵ ਟੀਚਰਜ਼ ਫਰੰਟ ਵੱਲੋਂ ਅੱਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ-ਕੁਲਪਤੀ ਨੂੰ ਅਧਿਆਪਕਾਂ ਦੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਮੁੱਖ ਮੰਗਾਂ ਸਬੰਧੀ ਮੰਗ ਪੱਤਰ ਸੌਂਪਿਆ ਗਿਆ।

ਫਰੰਟ ਦੇ ਕਨਵੀਨਰ ਡਾ. ਨਿਸ਼ਾਨ ਸਿੰਘ ਦਿਓਲ ਨੇ ਦੱਸਿਆ ਕਿ ਅਧਿਆਪਕਾਂ ਦੀਆਂ ਬਹੁਤ ਸਾਰੀਆਂ ਮੰਗਾਂ 'ਤੇ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਕੋਈ ਢੁੱਕਵੀਂ ਕਾਰਵਾਈ ਨਹੀਂ ਹੋ ਰਹੀ, ਜਿਸ ਕਰਕੇ ਅਧਿਆਪਕਾਂ ਵਿਚ ਨਿਰਾਸ਼ਾ ਹੈ। ਮੁੱਖ ਮੰਗਾਂ ਵਿੱਚ ਅਧਿਆਪਕਾਂ ਦੀਆਂ ਬਣਦੀਆਂ ਤਰੱਕੀਆਂ ਤੁਰੰਤ ਅਮਲ ਵਿਚ ਲਿਆਂਦੀਆਂ ਜਾਣ, ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਵਿੱਚ ਖ਼ਾਲੀ ਪਈਆਂ ਅਸਾਮੀਆਂ ਉੱਤੇ ਰੈਗੂਲਰ ਭਰਤੀਆਂ ਕੀਤੀਆਂ ਜਾਣ, ਵਿਭਾਗ ਮੁਖੀਆਂ ਨੂੰ ਵਿੱਤ ਸੰਬੰਧੀ ਫ਼ੈਸਲੇ ਲੈਣ ਦੇ ਪੁਰਾਣੇ ਅਧਿਕਾਰ ਮੁੜ ਦਿੱਤੇ ਜਾਣ, ਸੱਤਵੇਂ ਪੇਅ ਸਕੇਲ ਦੇ ਬਕਾਇਆ ਰਕਮ ਦੀ ਅਦਾਇਗੀ ਤੁਰੰਤ ਕੀਤੀ ਜਾਵੇ, 9 ਜੁਲਾਈ 2012 ਤੋਂ ਪਹਿਲਾਂ ਨਿਯੁਕਤ ਅਧਿਆਪਕਾਂ ਨੂੰ ਪੁਰਾਣੀ ਪੈਨਸ਼ਨ ਸਕੀਮ ਦੇ ਲਾਭ ਇਕਸਾਰਤਾ ਨਾਲ ਦਿੱਤੇ ਜਾਣ, ਯੂਨੀਵਰਸਿਟੀ ਦੇ ਅਧਿਆਪਕਾਂ ਤੋਂ ਵਸੂਲੇ 'ਮੇਨਟੇਨੈਂਸ ਅਲਾਊਂਸ' ਸਬੰਧੀ ਵੱਖਰਾ ਖਾਤਾ ਬਣਾ ਕੇ ਇਸ ਨੂੰ ਘਰਾਂ ਦੀ ਮੁਰੰਮਤ ਲਈ ਹੀ ਵਰਤਿਆ ਜਾਵੇ, ਯੂਨੀਵਰਸਿਟੀ ਕੈਲੰਡਰ ਅਨੁਸਾਰ ਗਰਮੀ ਦੀਆਂ ਛੁੱਟੀਆਂ ਨੂੰ ਪੁਰਾਣੀ ਤਰਜ਼ ਅਨੁਸਾਰ ਹੀ ਲਾਗੂ ਕੀਤਾ ਜਾਵੇ।

ਫਰੰਟ ਨੇ ਚਿਤਾਵਨੀ ਦਿੱਤੀ ਕਿ ਜੇਕਰ ਇਹ ਮੰਗਾਂ ਜਲਦੀ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਅਧਿਆਪਕ ਸੰਘਰਸ਼ ਦੀ ਰਾਹ ਉੱਤੇ ਜਾਣ ਲਈ ਮਜਬੂਰ ਹੋਣਗੇ। ਵਾਇਸ ਚਾਂਸਲਰ ਨੇ ਅਧਿਆਪਕਾਂ ਦੇ ਇਸ ਵਫ਼ਦ ਨੂੰ ਸਾਰੀਆਂ ਮੰਗਾਂ ਉੱਤੇ ਕੰਮ ਸਕਾਰਾਤਮਿਕ ਪਹੁੰਚ ਰੱਖ ਕੇ ਇਨ੍ਹਾਂ ਨੂੰ ਪੂਰੀਆਂ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਡਾ. ਗੁਰਮੁਖ ਸਿੰਘ, ਡਾ. ਅਵਨੀਤਪਾਲ ਸਿੰਘ, ਡਾ. ਸੁਖਜਿੰਦਰ ਬੁੱਟਰ, ਡਾ. ਜਸਦੀਪ ਸਿੰਘ ਤੂਰ, ਡਾ. ਅਮਰਪ੍ਰੀਤ ਸਿੰਘ, ਡਾ ਗੁਰਪ੍ਰੀਤ ਸਿੰਘ ਧਨੋਆ ਅਤੇ ਡਾ. ਗੁਲਸ਼ਨ ਬਾਂਸਲ ਹਾਜ਼ਰ ਸਨ।

# ਪੰਜਾਬ ਵਿੱਚ ਪਹਿਲੀ ਵਾਰ ਕਰਵਾਈ ਜਾ ਰਹੀ ਬਿਜ਼ਨਸ ਬਲਾਸਟ ਐਕਸਪੋ: ਸਰਕਾਰੀ ਸਕੂਲਾਂ ਦੇ ਨੌਜਵਾਨ ਨਵੀਨਤਮ ਉਤਪਾਦ ਕਰਨਗੇ ਪੇਸ਼

**ਚੰਡੀਗੜ੍ਹ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸੂਬੇ ਦੇ ਨੌਜਵਾਨਾਂ ਵਿੱਚ ਉੱਦਮਤਾ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਆਈ.ਆਈ.ਟੀ. ਰੋਪੜ ਵਿਖੇ ਪਹਿਲੀ ਵਾਰ ਬਿਜ਼ਨਸ ਬਲਾਸਟਰਸ ਐਕਸਪੋ ਕਰਵਾਈ ਜਾ ਰਹੀ ਹੈ, ਜਿੱਥੇ ਸਰਕਾਰੀ ਸਕੂਲਾਂ ਦੇ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀ ਰੋਮਾਂਚਕ ਸ਼ਾਰਕ ਟੈਂਕ-ਸ਼ੈਲੀ ਵਰਗੇ ਸੈਸ਼ਨਾਂ ਵਿੱਚ ਹਿੱਸਾ ਲੈਣਗੇ ਅਤੇ ਉੱਘੇ ਨਿਵੇਸ਼ਕਾਂ, ਉੱਦਮੀਆਂ ਤੇ ਇਨਕਿਊਬੇਟਰਾਂ ਦੇ ਇੱਕ ਵਿਸ਼ੇਸ਼ ਪੈਨਲ ਅੱਗੇ ਆਪਣੇ ਨਵੀਨਤਾਕਾਰੀ ਉੱਦਮਾਂ ਦਾ ਪ੍ਰਦਰਸ਼ਨ ਕਰਨਗੇ।

ਅੱਜ ਸ਼ਾਮ ਪੰਜਾਬ ਭਵਨ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਹ ਐਕਸਪੋ ਵੱਡੇ ਪੱਧਰ 'ਤੇ ਵਿਦਿਆਰਥੀ ਉੱਦਮਾਂ ਲਈ ਫੰਡਿੰਗ, ਇੰਕਿਊਬੇਸ਼ਨ ਅਤੇ ਉਦਯੋਗਿਕ ਭਾਈਵਾਲੀ ਨੂੰ ਯਕੀਨੀ ਬਣਾਏਗਾ ਅਤੇ ਨਾਲ ਹੀ ਸਕੂਲ-ਅਧਾਰਤ ਉੱਦਮਤਾ ਦੇ ਸਮਰਥਨ ਲਈ ਭਾਈਵਾਲਾਂ ਨੂੰ ਪ੍ਰੇਰਿਤ ਕਰੇਗਾ। ਸਿੱਖਿਆ ਮੰਤਰੀ ਨੇ ਕਿਹਾ ਕਿ ਭਲਕੇ (ਸ਼ਨੀਵਾਰ) ਨੂੰ ਐਕਸਪੋ ਵਿੱਚ ਲਗਭਗ 40 ਟੀਮਾਂ ਆਪਣੇ ਉਤਪਾਦ ਪੇਸ਼ ਕਰਨਗੀਆਂ। ਸਰਕਾਰੀ ਸਕੂਲਾਂ ਦੇ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਦੀਆਂ ਟੀਮਾਂ ਵੱਲੋਂ 18,492 ਬਿਜ਼ਨਸ ਆਈਡੀਆ ਵਿਕਸਤ ਕੀਤੇ ਗਏ ਹਨ।

ਸੂਬਾ ਸਰਕਾਰ ਵੱਲੋਂ ਅਧਿਆਪਕਾਂ ਅਤੇ ਮਾਹਰ ਸਲਾਹਕਾਰਾਂ ਦੀ ਅਗਵਾਈ ਹੇਠ ਆਪਣੇ ਬਿਜਨਸ ਆਈਡੀਆ ਨੂੰ ਵਿਕਸਤ ਅਤੇ ਲਾਂਚ ਕਰਨ ਲਈ 7000 ਤੋਂ ਵੱਧ ਟੀਮਾਂ ਨੂੰ 16-16 ਹਜ਼ਾਰ ਰੁਪਏ ਦੀ ਸੀਡ ਫੰਡਿੰਗ ਪ੍ਰਦਾਨ ਕੀਤੀ ਹੈ। ਐਕਸਪੋ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੇ ਉਤਪਾਦਾਂ ਲਈ ਬਾਜ਼ਾਰ ਦੇ ਮੌਕਿਆਂ ਦੀ ਪਛਾਣ ਕਰਨਾ ਅਤੇ ਮਾਲੀਆ ਤੇ ਮੁਨਾਫ਼ਾ ਕਮਾਉਣ ਲਈ ਉਨ੍ਹਾਂ ਨੂੰ ਅਸਲ ਗਾਹਕਾਂ ਨਾਲ ਜੋੜਨਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਬਿਜ਼ਨਸ ਬਲਾਸਟਰ ਪਹਿਲਕਦਮੀ ਰਾਹੀਂ ਵਿਦਿਆਰਥੀਆਂ ਨੂੰ ਵਿਹਾਰਕ, ਟੀਮ-ਅਧਾਰਤ ਸਿਖਲਾਈ, ਸੰਚਾਰ ਵਿੱਚ ਜ਼ਰੂਰੀ ਹੁਨਰਾਂ ਨੂੰ ਵਿਕਸਿਤ ਕਰਨ, ਅਸਲ-ਸੰਸਾਰ ਦੇ ਵਪਾਰਕ ਤਜਰਬਿਆਂ ਰਾਹੀਂ ਸਮੱਸਿਆ ਹੱਲ ਕਰਨ ਅਤੇ ਵਿੱਤੀ ਪ੍ਰਬੰਧਨ ਨਾਲ ਸਮਰੱਥ ਬਣਾਇਆ ਗਿਆ ਹੈ।

ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਵਿਦਿਆਰਥੀਆਂ ਵੱਲੋਂ ਵਿਕਸਤ ਕੀਤੇ ਗਏ ਬਹੁਤ ਸਾਰੇ ਉੱਦਮ ਪਹਿਲਾਂ ਹੀ ਮਾਲੀਆ ਪੈਦਾ ਕਰ ਰਹੇ ਹਨ ਅਤੇ ਕਾਰਜਸ਼ੀਲਤਾ ਵਿੱਚ ਵਾਧਾ ਕਰ ਰਹੇ ਹਨ। ਪ੍ਰੈਸ ਕਾਨਫਰੰਸ ਦੌਰਾਨ ਸ. ਬੈਂਸ ਨੇ ਚਾਰ ਟੀਮਾਂ ਨੂੰ ਮੀਡੀਆ ਨਾਲ ਜਾਣੂ ਕਰਵਾਇਆ ਅਤੇ ਉਨ੍ਹਾਂ ਵੱਲੋਂ ਤਿਆਰ ਕੀਤੇ ਨਵੀਨਤਾਕਾਰੀ ਉਤਪਾਦਾਂ ਨੂੰ ਦਿਖਾਇਆ। ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਰੂਪਨਗਰ ਦੀ ਇੱਕ ਟੀਮ ਨੇ ÷ਕ੍ਰਿਏਟਿਵ ਗਰਲਜ਼÷ - ਇੱਕ ਰੈਜ਼ਿਨ-ਅਧਾਰਤ ਕੋਸਟਰ, ਕੀਚੇਨ ਅਤੇ ਮੋਮਬੱਤੀ ਮੋਲਡ-ਉਤਪਾਦ ਤਿਆਰ ਕੀਤਾ। ਟੀਮ ਪਹਿਲਾਂ ਹੀ 250 ਤੋਂ ਵੱਧ ਯੂਨਿਟਾਂ ਵੇਚ ਚੁੱਕੀ ਹੈ।

ਇਸੇ ਤਰ੍ਹਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪਠਾਨਕੋਟ ਦੀ ਟੀਮ ਨੇ ਇੱਕ ÷ਈ-ਮੋਸ਼ਨ ਬਾਈਕ÷ ਬਣਾਈ ਜੋ ਰੀਚਾਰਜ ਕਰਨ ਯੋਗ ਇਲੈਕਟ੍ਰਿਕ ਸਾਈਕਲ ਹੈ। ਇਹ ਊਰਜਾ ਕੁਸ਼ਲ ਸਾਈਕਲ ਸ਼ਹਿਰੀ ਆਵਾਜਾਈ ਲਈ ਤਿਆਰ ਕੀਤੀ ਗਈ ਹੈ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਠਿੰਡਾ ਦੀ ਟੀਮ ਨੇ ਰਵਾਇਤੀ ਸਮੱਗਰੀਆਂ ਦੀ ਵਰਤੋਂ ਕਰਕੇ ÷ਹਰਬਲ ਸ਼ਾਈਨ÷: ਰਸਾਇਣ-ਮੁਕਤ ਹਰਬਲ ਸ਼ੈਂਪੂ ਬਣਾਇਆ। ਟੀਮ ਪਹਿਲਾਂ ਹੀ 80 ਯੂਨਿਟਾਂ ਵੇਚ ਚੁੱਕੀ ਹੈ ਅਤੇ ਗਾਹਕਾਂ ਤੋਂ ਸਕਾਰਾਤਮਕ ਫੀਡਬੈਕ ਪ੍ਰਾਪਤ ਕਰ ਚੁੱਕੀ ਹੈ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਫਿਰੋਜ਼ਪੁਰ ਦੀ ਟੀਮ ਨੇ ਐਲ.ਈ.ਡੀ., ਸ਼ੌਕ ਪੁਆਇੰਟ ਅਤੇ ਛੁਪੇ ਹੋਏ ਬਲੇਡ ਵਾਲੀ ਸਵੈ-ਰੱਖਿਆ ਸਟਿੱਕ ÷ਡਿਫੈਂਡ-ਐਕਸ ਸਟਿੱਕ÷ ਬਣਾਈ। ਇਹ ਉਤਪਾਦ ਔਰਤਾਂ, ਬਜ਼ੁਰਗ ਨਾਗਰਿਕਾਂ ਆਦਿ ਨੂੰ ਆਪਣੇ ਸੰਭਾਵੀ ਖਰੀਦਦਾਰਾਂ ਵਜੋਂ ਟੀਚਾਗਤ ਕਰਕੇ ਤਿਆਰ ਕੀਤਾ ਗਿਆ ਹੈ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮੋਗਾ ਦੀ ਟੀਮ ਨੇ ਬੀ.ਬੀ. ਚੋਕੋ ਡ ?ਰੀਮਜ਼: ਰੀਜ਼ਰਵੇਟਿਵ-ਰਹਿਤ ਚਾਕਲੇਟ ਤਿਆਰ ਕੀਤੇ ਹਨ। ਟੀਮਾਂ ਪਹਿਲਾਂ ਹੀ 4,000 ਰੁਪਏ ਤੋਂ ਵੱਧ ਦਾ ਮੁਨਾਫਾ ਕਮਾ ਚੁੱਕੀਆਂ ਹਨ। ਸ. ਬੈਂਸ ਨੇ ਕਿਹਾ ਕਿ ਭਾਰਤ ਤਾਂ ਹੀ ਤਰੱਕੀ ਕਰ ਸਕਦਾ ਹੈ ਜੇਕਰ ਕਾਰੋਬਾਰ ਅਤੇ ਆਰਥਿਕ ਵਿਕਾਸ ਵੱਲ ਧਿਆਨ ਕੇਂਦਰਿਤ ਕੀਤਾ ਜਾਵੇ ਅਤੇ ਪੰਜਾਬ ਸਰਕਾਰ ਸਕੂਲਾਂ ਤੋਂ ਹੀ ਉੱਦਮੀ ਮਾਨਸਿਕਤਾ ਵਿਕਸਿਤ ਕਰ ਰਹੀ ਹੈ।

# 15000 ਰੁਪਏ ਰਿਸ਼ਵਤ ਲੈਂਦਾ ਪੀ.ਐਸ.ਪੀ.ਸੀ.ਐਲ. ਦਾ ਜੇ.ਈ. ਵਿਜੀਲੈਂਸ ਬਿਊਰੋ ਨੇ ਕੀਤਾ ਕਾਬੂ

**ਚੰਡੀਗੜ੍ਹ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਆਪਣੀ ਮੁਹਿੰਮ ਦੌਰਾਨ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐਸਪੀਸੀਐਲ), ਸਬ-ਸਟੇਸ਼ਨ, ਕੰਧਾਲਾ ਜੱਟਾਂ ਜਿਲ੍ਹਾ ਹੁਸ਼ਿਆਰਪੁਰ ਵਿਖੇ ਤਾਇਨਾਤ ਜੂਨੀਅਰ ਇੰਜੀਨੀਅਰ (ਜੇਈ) ਬਲਜੀਤ ਸਿੰਘ ਨੂੰ 15000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ।

ਅੱਜ ਇੱਥੇ ਇਹ ਖੁਲਾਸਾ ਕਰਦਿਆਂ, ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਕੇਸ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਸੀਕਰੀ ਦੇ ਇੱਕ ਨਿਵਾਸੀ ਵੱਲੋਂ ਦਾਇਰ ਕੀਤੀ ਗਈ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ।

ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਉਕਤ ਜੇਈ ਨੇ ਉਸਦੇ ਪਿੰਡ ਵਿੱਚ ਬਿਜਲੀ ਸਪਲਾਈ ਲੋਡ ਨੂੰ ਠੀਕ ਕਰਨ ਲਈ ਇੱਕ ਨਵਾਂ ਟਰਾਂਸਫਾਰਮਰ ਲਗਾਉਣ ਦੇ ਬਦਲੇ 20000 ਰੁਪਏ ਦੀ ਮੰਗ ਕੀਤੀ ਸੀ ਪਰ ਉਸ ਦੀ ਬੇਨਤੀ 'ਤੇ ਸੌਦਾ 15000 ਰੁਪਏ ਵਿਚ ਤੈਅ ਹੋ ਗਿਆ।

ਬੁਲਾਰੇ ਨੇ ਅੱਗੇ ਕਿਹਾ ਕਿ ਸ਼ਿਕਾਇਤ ਦੀ ਤਸਦੀਕ ਤੋਂ ਬਾਅਦ ਜਲੰਧਰ ਰੇਂਜ ਦੀ ਵਿਜੀਲੈਂਸ ਟੀਮ ਨੇ ਜਾਲ ਵਿਛਾਇਆ ਅਤੇ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 15000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਪੁਲਿਸ ਥਾਣਾ, ਜਲੰਧਰ ਰੇਂਜ ਵਿਖੇ ਉਕਤ ਜੇਈ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਦੋਸ਼ੀ ਨੂੰ ਕੱਲ੍ਹ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ, ਅਤੇ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

# ਜੇ ਰਹਿਣਾ ਹੈ ਤੰਦਰੁਸਤ...



**ਸਵੇਰੇ ਉੱਠ ਕੇ ਜਦੋਂ ਤਕ ਦਾਤਣ, ਕੁਰਲੀ ਜਾਂ ਦੰਦ ਸਾਫ਼ ਨਾ ਕਰ ਲਏ ਜਾਣ, ਉਦੋਂ ਤਕ ਚਾਹ ਜਾਂ ਹੋਰ ਪੇਅ ਨਹੀਂ ਲੈਣਾ ਚਾਹੀਦਾ। ਮੂੰਹ ਸਾਫ਼ ਕਰ ਕੇ ਸਭ ਤੋਂ ਪਹਿਲਾਂ ਇੱਕ ਗਿਲਾਸ ਪਾਣੀ ਪੀਣਾ ਗੁਣਕਾਰੀ ਹੈ। ਠੰਢਾ ਪਾਣੀ ਰਾਤ ਨੂੰ ਸੌਣ ਦੌਰਾਨ ਹੋਈ ਖੁਸ਼ਕੀ ਨੂੰ ਸ਼ਾਂਤ ਕਰ ਕੇ ਪੇਟ ਨੂੰ ਸਾਫ਼ ਕਰਨ ਵਿੱਚ ਸਹਾਇਤਾ ਕਰਦਾ ਹੈ। ਅੱਖਾਂ ਨੂੰ ਠੰਡਕ ਅਤੇ ਤਾਜ਼ਗੀ ਮਿਲਦੀ ਹੈ ਅਤੇ ਕਬਜ਼ ਦੂਰ ਹੁੰਦੀ ਹੈ।**



ਸੁੱਖ-ਸਹੂਲਤਾਂ ਭਰੇ ਜੀਵਨ ਨਾਲ ਅਸੀਂ ਸਰੀਰ ਦੀ ਕੁਦਰਤੀ ਅਤੇ ਸੁਭਾਵਿਕ ਸ਼ਕਤੀ ਗੁਆ ਬੈਠਦੇ ਹਾਂ। ਅੱਜ ਅਸੀਂ ਉਚਿਤ ਖ਼ੁਰਾਕ, ਕਸਰਤ ਅਤੇ ਵਿਹਾਰ ਨਹੀਂ ਅਪਣਾ ਰਹੇ ਜਿਸ ਕਾਰਨ ਸਰੀਰ ਦੀ ਸੁਭਾਵਿਕ ਸ਼ਕਤੀ, ਸਮਰੱਥਾ, ਚੁਸਤੀ-ਫੁਰਤੀ ਤੇ ਰੋਗਾਂ ਨਾਲ ਲੜਨ ਦੀ ਸਮਰੱਥਾ ਘਟਣ ਲੱਗ ਪਈ ਹੈ। ਤੰਦਰੁਸਤ ਅਤੇ ਰੋਗਰਹਿਤ ਰਹਿਣ ਲਈ ਸਾਨੂੰ ਸਰੀਰਕ ਮਿਹਨਤ ਅਤੇ ਦਿਨ ਦਾ ਵਿਹਾਰ ਪੂਰੇ ਨੇਮ ਨਾਲ ਕਰਨਾ ਚਾਹੀਦਾ ਹੈ। ਦਵਾਈਆਂ ਨਾਲ ਕੁਝ ਸਮੇਂ ਲਈ ਤਾਂ ਰੋਗ 'ਤੇ ਕਾਬੂ ਪਾਇਆ ਜਾ ਸਕਦਾ ਹੈ ਪਰ ਇਸ ਦਾ ਸਥਾਈ ਹੱਲ ਇਹ ਹੈ ਕਿ ਕੁਦਰਤੀ ਸਾਧਨਾਂ ਸਦਕਾ ਸਿਹਤ ਬਣੀ ਰਹੇ ਤੇ ਰੋਗ ਨੇੜੇ ਨਾ ਢੁਕੇ। ਤੰਦਰੁਸਤ ਰਹਿਣ ਲਈ ਜੇਕਰ ਇਨ੍ਹਾਂ ਨਿਯਮਾਂ ਦਾ ਪਾਲਣ ਕੀਤਾ ਜਾਵੇ ਤਾਂ ਸਰੀਰ ਤੰਦਰੁਸਤ ਅਤੇ ਰੋਗਰਹਿਤ ਬਣਿਆ ਰਹੇਗਾ:

× ਸਵੇਰੇ ਸੂਰਜ ਨਿਕਲਣ ਤੋਂ ਪਹਿਲਾਂ ਬਿਸਤਰਾ ਛੱਡ ਦੇਣਾ ਚਾਹੀਦਾ ਹੈ। ਇਹ ਚੰਗੀ ਆਦਤ ਹੈ ਅਤੇ ਸਰੀਰ ਲਈ ਬਹੁਤ ਲਾਭਦਾਇਕ ਵੀ ਹੈ। ਇਸ ਨਾਲ ਸਰੀਰ ਵਿੱਚ ਤਾਜ਼ਗੀ ਅਤੇ ਚੁਸਤੀ ਆਉਂਦੀ ਹੈ ਤੇ ਆਲਸ ਨੇੜੇ ਨਹੀਂ ਢੁਕਦੀ।

× ਸਵੇਰੇ ਉੱਠ ਕੇ ਕਦੇ ਵੀ ਖਾਲੀ ਪੇਟ ਚਾਹ ਜਾਂ ਕੌਫੀ ਨਹੀਂ ਪੀਣੀ ਚਾਹੀਦੀ। 'ਬੈੱਡ-ਟੀ' ਦੀ ਆਦਤ ਸਿਹਤ ਲਈ ਖ਼ਤਰਨਾਕ ਹੈ। ਇਸ ਨਾਲ ਮੂੰਹ ਦੀ ਗੰਦਗੀ ਸਰੀਰ ਵਿੱਚ ਪਹੁੰਚ ਕੇ ਕਈ ਰੋਗਾਂ ਨੂੰ ਜਨਮ ਦਿੰਦੀ ਹੈ।

× ਸਵੇਰੇ ਉੱਠ ਕੇ ਜਦੋਂ ਤਕ ਦਾਤਣ, ਕੁਰਲੀ ਜਾਂ ਦੰਦ ਸਾਫ਼ ਨਾ ਕਰ ਲਏ ਜਾਣ, ਉਦੋਂ ਤਕ ਚਾਹ ਜਾਂ ਹੋਰ ਪੇਅ ਨਹੀਂ ਲੈਣਾ ਚਾਹੀਦਾ। ਮੂੰਹ ਸਾਫ਼ ਕਰ ਕੇ ਸਭ ਤੋਂ ਪਹਿਲਾਂ ਇੱਕ ਗਿਲਾਸ ਪਾਣੀ ਪੀਣਾ ਗੁਣਕਾਰੀ ਹੈ। ਠੰਢਾ ਪਾਣੀ ਰਾਤ ਨੂੰ ਸੌਣ ਦੌਰਾਨ ਹੋਈ ਖੁਸ਼ਕੀ ਨੂੰ ਸ਼ਾਂਤ ਕਰ ਕੇ ਪੇਟ ਨੂੰ ਸਾਫ਼ ਕਰਨ ਵਿੱਚ ਸਹਾਇਤਾ ਕਰਦਾ ਹੈ। ਅੱਖਾਂ ਨੂੰ ਠੰਡਕ ਅਤੇ ਤਾਜ਼ਗੀ ਮਿਲਦੀ ਹੈ ਅਤੇ ਕਬਜ਼ ਦੂਰ ਹੁੰਦੀ ਹੈ।

× ਸਵੇਰੇ ਉੱਠ ਕੇ ਘੱਟੋ-ਘੱਟ ਅੱਧੇ ਘੰਟੇ ਤਕ ਹਲਕੀ-ਫੁਲਕੀ ਕਸਰਤ ਕਰੋ। ਇਸ ਵਾਸਤੇ ਇੱਕ ਹੀ ਥਾਂ 'ਤੇ ਦੌੜਨਾ, ਉਛਲਣਾ, ਕਮਰ ਨੂੰ ਸੱਜੇ/ਖੱਬੇ ਮੋੜਨਾ, ਰੱਸੀ ਟੱਪਣਾ, ਲੰਮੇ ਤੇ ਡੂੰਘੇ ਸਾਹ ਲੈਣੇ, ਹੱਥਾਂ ਨੂੰ ਸੱਜੇ-ਖੱਬੇ, ਹੇਠਾਂ-ਉਪਰ ਤੇ ਅੱਗੇ-ਪਿੱਛੇ ਹਿਲਾਉਣਾ ਆਦਿ ਕਸਰਤਾਂ ਕੀਤੀਆਂ ਜਾ ਸਕਦੀਆਂ ਹਨ। ਇਸ ਨਾਲ ਸਰੀਰ ਦੀਆਂ ਮਾਸਪੇਸ਼ੀਆਂ ਸ਼ਕਤੀਸ਼ਾਲੀ ਅਤੇ ਲਚਕਦਾਰ ਹੁੰਦੀਆਂ ਹਨ ਤੇ ਖ਼ੂਨ ਦਾ ਦੌਰਾ ਵੀ ਠੀਕ ਬਣਿਆ ਰਹਿੰਦਾ ਹੈ।

× ਹਰ ਰੋਜ਼ ਸਵੇਰੇ ਇਸ਼ਨਾਨ ਜ਼ਰੂਰ ਕਰੋ। ਇਸ਼ਨਾਨ ਸਫ਼ਾਈ ਅਤੇ ਤੰਦਰੁਸਤੀ ਦੇ ਲਿਹਾਜ਼ ਨਾਲ ਬਹੁਤ ਜ਼ਰੂਰੀ ਹੈ। ਕਦੇ-ਕਦੇ ਨਹਾਉਣ ਵਾਲੇ ਪਾਣੀ ਵਿੱਚ ਡੈਟੋਲ, ਨਿੰਬੂ ਦੀਆਂ ਬੂੰਦਾਂ ਪਾ ਕੇ ਇਸ਼ਨਾਨ ਕਰੋ। ਇਸ ਨਾਲ ਸਰੀਰ ਤਰੋਤਾਜ਼ਾ ਰਹਿੰਦਾ ਹੈ।

× ਕਦੇ ਵੀ ਜ਼ਿਆਦਾ ਗਰਮ ਪਾਣੀ ਨਾਲ ਇਸ਼ਨਾਨ ਨਹੀਂ ਕਰਨਾ ਚਾਹੀਦਾ। ਇਸ ਨਾਲ ਸਰੀਰ ਦੀਆਂ ਨਾੜੀਆਂ ਅਤੇ ਜੋੜ ਕਮਜ਼ੋਰ ਪੈ ਜਾਂਦੇ ਹਨ।

× ਭੋਜਨ ਹਮੇਸ਼ਾਂ ਹਲਕਾ ਅਤੇ ਪੌਸ਼ਟਿਕ ਹੋਵੇ। ਕਦੇ-ਕਦਾਈਂ ਮੂੰਹ ਦਾ ਸਵਾਦ ਬਦਲਣ ਲਈ ਤਲਿਆ ਜਾਂ ਭੁਜਿਆ ਹੋਇਆ ਭੋਜਨ ਵੀ ਲਿਆ ਜਾ ਸਕਦਾ ਹੈ।

× ਭੋਜਨ ਭੁੱਖ ਰੱਖ ਕੇ ਖਾਓ। ਭੋਜਨ ਕਰਨ ਤੋਂ ਬਾਅਦ ਤੁਹਾਨੂੰ ਇੰਜ ਲੱਗੇ ਕਿ ਜਿਵੇਂ ਥੋੜ੍ਹਾ ਹੋਰ ਖਾਧਾ ਜਾ ਸਕਦਾ ਹੈ। ਭੋਜਨ ਵਿੱਚ ਹਰੀਆਂ ਸਬਜ਼ੀਆਂ, ਕੋਈ ਫ਼ਲ, ਦਾਲਾਂ, ਚਾਵਲ, ਘਿਓ/ਦੁੱਧ ਜਾਂ ਮੱਖਣ, ਦਹੀਂ ਸਹੀ ਅਨੁਪਾਤ ਵਿੱਚ ਲਓ।

× ਦਿਨ ਵਿੱਚ ਦੋ ਵਾਰ ਭੋਜਨ ਕਰਨ ਦੀ ਆਦਤ ਪਾਓ। ਜਦੋਂ ਭੋਜਨ ਕਰੋ ਤਾਂ ਮਨ ਸ਼ਾਂਤ ਅਤੇ ਪ੍ਰਸੰਨ ਹੋਣਾ ਚਾਹੀਦਾ ਹੈ।

× ਭੋਜਨ ਨੂੰ ਇੰਨਾ ਪਕਾ ਕੇ ਨਾ ਖਾਓ ਕਿ ਇਸ ਦੇ ਵਿਟਾਮਿਨ ਅਤੇ ਦੂਜੇ ਤੱਤ ਨਸ਼ਟ ਹੋ ਜਾਣ।

× ਦਿਨ ਵਿੱਚ ਥੋੜ੍ਹਾ ਸਮਾਂ ਮਨੋਰੰਜਨ ਲਈ ਵੀ ਕੱਢੋ। ਇਸ ਨਾਲ ਦਿਨ ਭਰ ਦਾ ਥਕੇਵਾਂ, ਤਣਾਅ, ਚਿੰਤਾ ਅਤੇ ਸੁਸਤੀ ਦੂਰ ਹੋ ਜਾਂਦੀ ਹੈ। ਮਨੋਰੰਜਨ ਦਿਮਾਗ ਨੂੰ ਆਰਾਮ ਅਤੇ ਸ਼ਾਂਤੀ ਦਿੰਦਾ ਹੈ, ਨਾਲ ਹੀ ਅੱਗੋਂ ਹੋਰ ਕੰਮ ਕਰਨ ਲਈ ਦਿਮਾਗ ਅਤੇ ਸਰੀਰ ਨੂੰ ਨਵੀਂ ਤਾਜ਼ਗੀ ਅਤੇ ਸ਼ਕਤੀ ਮਿਲਦੀ ਹੈ।

× ਦਿਨ ਭਰ ਦੇ ਕੰਮ-ਕਾਰ ਤੋਂ ਬਾਅਦ ਸਰੀਰ ਨੂੰ ਆਰਾਮ ਦੇਣ ਲਈ ਕੁਝ ਸਮੇਂ ਲਈ ਹੱਥ-ਪੈਰ ਢਿੱਲੇ ਛੱਡ ਕੇ ਅੱਖਾਂ ਬੰਦ ਕਰਕੇ ਲੇਟ ਜਾਓ।

× ਹਮੇਸ਼ਾਂ ਖ਼ੁਸ਼ ਰਹੋ ਅਤੇ ਚੰਗੇ ਵਿਚਾਰਾਂ ਦਾ ਵਟਾਂਦਰਾ ਕਰੋ।× ਨਸ਼ੀਲੇ ਪਦਾਰਥਾਂ ਦੀ ਵਰਤੋਂ ਤੋਂ ਬਚੋ।

× ਚਾਹ ਜਾਂ ਕੌਫੀ ਦਾ ਜ਼ਿਆਦਾ ਸੇਵਨ ਨਾ ਕਰੋ।

× ਚੰਗੇ ਸਾਹਿਤ ਦਾ ਅਧਿਐਨ ਕਰੋ।

ਜੇਕਰ ਇਨ੍ਹਾਂ ਨਿਯਮਾਂ ਦਾ ਪਾਲਣ ਕੀਤਾ ਜਾਵੇ ਤਾਂ ਲੰਮੀ ਦੇਰ ਤਕ ਸਿਹਤਮੰਦ ਰਿਹਾ ਜਾ ਸਕਦਾ ਹੈ।

**- ਸੁਖਮੰਦਰ ਸਿੰਘ ਤੂਰ**

# ਆਓ, ਅੰਗਦਾਨ ਕਰੀਏ







ਅੰਗਦਾਨ ਨੂੰ ਮਹਾਦਾਨ ਕਿਹਾ ਜਾਂਦਾ ਹੈ। ਅੰਗਦਾਨ ਦਾ ਅਰਥ ਹੈ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਵੱਲੋਂ ਕਿਸੇ ਲੋੜਵੰਦ ਵਿਅਕਤੀ/ਰੋਗੀ ਦੀ ਜਾਨ ਬਚਾਉਣ ਲਈ ਆਪਣੇ ਸਰੀਰ ਦੇ ਅੰਗਾਂ ਜਾਂ ਤੰਤੂਆਂ ਦਾ ਦਾਨ ਕਰਨਾ। ਅੰਗਦਾਨ ਕਰਨ ਵਾਲੇ ਵਿਅਕਤੀ ਦੀ ਮੈਡੀਕਲ ਹਿਸਟਰੀ ਮੁਤਾਬਕ ਉਸ ਦੇ ਤੰਦਰੁਸਤ ਅੰਗ ਅਪ੍ਰੇਸ਼ਨ ਰਾਹੀਂ ਕੱਢ ਲਏ ਜਾਂਦੇ ਹਨ; ਜਿਸਨੂੰ 'ਆਰਗਨ ਹਾਰਵੈਸਟਿੰਗ' ਕਿਹਾ ਜਾਂਦਾ ਹੈ। ਮਨੁੱਖ ਤੋਂ ਮਨੁੱਖ ਨੂੰ ਲਗਾਏ ਜਾਣ ਵਾਲੇ ਅੰਗ ਬਦਲਣ ਨੂੰ 'ਐਲੋ-ਟ੍ਰਾਂਸਪਲਾਂਟੇਸ਼ਨ' ਅਤੇ ਕਿਸੇ ਜਾਨਵਰ ਤੋਂ ਮਨੁੱਖ ਨੂੰ ਲਗਾਏ ਜਾਣ ਨਾਲੇ ਅੰਗ-ਬਦਲਣ ਨੂੰ 'ਜੀਨੋ-ਟ੍ਰਾਂਸਪਲਾਂਟੇਸ਼ਨ' ਕਿਹਾ ਜਾਂਦਾ ਹੈ। ਜੇਕਰ ਇੱਕ ਵਿਅਕਤੀ ਦਾ ਕੋਈ ਤੰਤੂ ਜਿਵੇਂ ਚਮੜੀ, ਲੱਤ ਜਾਂ ਬਾਂਹ ਤੋਂ ਲਾਹ ਕੇ ਕਿਸੇ ਹੋਰ ਜਗ੍ਹਾ ਉਸੇ ਵਿਅਕਤੀ ਨੂੰ ਲਗਾਇਆ ਜਾਵੇ ਤਾਂ ਉਸ ਨੂੰ 'ਆਟੋਲੋਗਸ ਟ੍ਰਾਂਸਪਲਾਂਟ' ਕਿਹਾ ਜਾਂਦਾ ਹੈ।

ਲੋੜ ਅਤੇ ਉਪਲਬਧਤਾ 'ਚ ਪਾੜਾ

ਇੱਕ ਅਨੁਮਾਨ ਮੁਤਾਬਕ ਭਾਰਤ ਵਿੱਚ 2000,000 ਗੁਰਦੇ ਅਤੇ 10000 ਜਿਗਰਾਂ ਦੀ ਜ਼ਰੂਰਤ ਹੈ ਪਰ ਇਹ ਸਿਰਫ਼ 2 ਤੋਂ 3 ਫ਼ੀਸਦੀ ਹੀ ਉਪਲਬਧ ਹੁੰਦੇ ਹਨ। ਅੰਕੜਿਆਂ ਅਨੁਸਾਰ ਸੜਕ ਦੁਰਘਟਨਾਵਾਂ ਵਿੱਚ 90000 ਭਾਰਤੀਆਂ ਦੀ ਮੌਤ ਹੋ ਜਾਂਦੀ ਹੈ ਜਿਨ੍ਹਾਂ 'ਚੋਂ 40 ਫ਼ੀਸਦੀ 'ਬਰੇਨ ਡੈੱਡ' ਹੁੰਦੇ ਹਨ। ਜੇਕਰ ਲੋਕਾਂ ਨੂੰ ਅੰਗਦਾਨ ਸਬੰਧੀ ਜਾਗਰੂਕ ਕੀਤਾ ਜਾਵੇ ਅਤੇ ਅਜਿਹੇ 'ਬਰੇਨ ਡੈੱਡ' ਵਿਅਕਤੀਆਂ ਦੇ ਅੰਗ ਮਿਲ ਸਕਣ ਤਾਂ ਲਗਪਗ 50 ਫ਼ੀਸਦੀ ਲੋੜਵੰਦਾਂ ਦੀ ਜ਼ਰੂਰਤ ਪੂਰੀ ਹੋ ਸਕਦੀ ਹੈ।

ਅੰਗਦਾਨੀ ਦੀ ਸਿਹਤ

ਅੰਗਦਾਨੀ ਦੀ ਸਿਹਤ ਤੰਦਰੁਸਤ ਹੋਵੇ ਤਾਂ ਅੰਗਦਾਨ ਕਰਨ ਵਿੱਚ ਉਮਰ ਦੀ ਕੋਈ ਹੱਦ ਨਹੀਂ, ਇੱਥੋਂ ਤਕ ਕਿ 70-80 ਸਾਲ ਦੇ ਵਿਅਕਤੀਆਂ ਦੇ ਅੰਗ ਵੀ ਵਰਤੇ ਜਾ ਸਕਦੇ ਹਨ। ਮਾਹਰ ਡਾਕਟਰ ਖ਼ੁਦ ਇਹ ਫ਼ੈਸਲਾ ਲੈਂਦੇ ਹਨ ਕਿ ਕਿਹੜਾ ਅੰਗ ਜਾਂ ਤੰਤੂ ਵਰਤਿਆ ਜਾ ਸਕਦਾ ਹੈ? ਅੰਗ ਹਾਸਲ ਕਰਨ ਵਾਲਿਆਂ ਦੀ ਉਡੀਕ ਸੂਚੀ ਵਿੱਚ ਸਭ ਤੋਂ ਵੱਧ, ਗੁਰਦਾ, ਦਿਲ, ਜਿਗਰ ਅਤੇ ਫੇਫੜੇ ਹਾਸਲ ਕਰਨ ਵਾਲੇ ਲੋੜਵੰਦ ਹੁੰਦੇ ਹਨ। ਇੱਕ ਅੰਗਦਾਨੀ ਦੇ ਅੰਗਾਂ ਨਾਲ ਬਹੁਤ ਸਾਰੇ ਲਾਭਪਾਤਰੀਆਂ ਨੂੰ ਫ਼ਾਇਦਾ ਪੁੱਜ ਸਕਦਾ ਹੈ ਜਿਵੇਂ ਇੱਕੋ ਵਿਅਕਤੀ ਦੇ ਦੋ ਗੁਰਦੇ, ਜਿਗਰ, ਦੋ ਫੇਫੜੇ, ਦਿਲ, ਛੋਟੀ ਅੰਤੜੀ, ਲਬਲਬਾ (ਪੈਂਕਰੀਆਸ) ਚਮੜੀ, ਹੱਡੀਆਂ ਲੈ ਕੇ ਲਾਭਪਾਤਰੀਆਂ ਨੂੰ ਲਗਾਏ ਜਾਂਦੇ ਹਨ। ਕੁਝ ਹੋਰ ਤੰਤੂ ਜਿਵੇਂ ਦੋ ਅੱਖਾਂ, ਦਿਲ ਦੇ ਵਾਲਵ, ਪੱਠਿਆਂ ਦੇ ਟੈਂਡਨ ਅਤੇ ਕਾਰਟੀਲੇਜ ਵੀ ਅੰਗਦਾਨ ਵਜੋਂ ਵਰਤੇ ਜਾਂਦੇ ਹਨ। ਅੰਗਦਾਨੀ ਆਪਣੀ ਮਰਜ਼ੀ ਜਾਂ ਸਹਿਮਤੀ ਨਾਲ ਜਿਹੜੇ ਅੰਗ ਜਾਂ ਤੰਤੂ ਚਾਹੇ, ਦਾਨ ਕਰ ਸਕਦਾ ਹੈ।

ਅੰਗਦਾਨ ਦੀਆਂ ਕਿਸਮਾਂ

1. ਬਰੇਨ ਡੈੱਥ ਤੋਂ ਬਾਅਦ

ਵਧੇਰੇ ਅੰਗਦਾਨ ਬਰੇਨ ਡੈੱਥ ਤੋਂ ਬਾਅਦ ਹੀ ਹੁੰਦੇ ਹਨ। ਸਿਰ ਦੀ ਸੱਟ ਜਾਂ ਦਿਮਾਗ ਦੀ ਰਸੌਲੀ ਕਾਰਨ ਜਦੋਂ ਮਾਹਰ ਡਾਕਟਰਾਂ ਦੀਆਂ ਵੱਖ-ਵੱਖ ਟੀਮਾਂ ਫ਼ੈਸਲਾ ਕਰ ਕੇ ਇਹ ਐਲਾਨ ਕਰ ਦਿੰਦੀਆਂ ਹਨ ਕਿ ਵਿਅਕਤੀ ਦੀ 'ਬਰੇਨ ਡੈੱਥ' ਹੋ ਚੁੱਕੀ ਹੈ, ਭਾਵ ਦਿਮਾਗ ਤੋਂ ਬਗ਼ੈਰ ਬਾਕੀ ਸਾਰੇ ਅੰਗ ਵੈਂਟੀਲੇਟਰ ਨਾਲ ਕੰਮ ਕਰ ਰਹੇ ਹਨ ਤੇ ਦਿਮਾਗ ਬਿਲਕੁਲ ਮਰ ਚੁੱਕਿਆ ਹੈ; ਤੇ ਹੁਣ ਉਹ ਵਿਅਕਤੀ ਕਦੇ ਠੀਕ ਨਹੀਂ ਹੋ ਸਕਦਾ ਤਾਂ ਉਸ ਦੇ ਵਾਰਸਾਂ ਜਾਂ ਮਾਪਿਆਂ ਦੁਆਰਾ ਅੰਗਦਾਨ ਦਾ ਫ਼ੈਸਲਾ ਲੈਣ ਤੋਂ ਬਾਅਦ ਲਾਭਪਾਤਰੀਆਂ ਦੀ ਉਡੀਕ ਸੂਚੀ ਵਾਲਿਆਂ ਨਾਲ ਮੈਚਿੰਗ ਕੀਤੀ ਜਾਂਦੀ ਹੈ। ਓਨੀ ਦੇਰ ਵੈਂਟੀਲੇਟਰ 'ਤੇ ਵਿਅਕਤੀ ਦੇ ਸਾਰੇ ਅੰਗਾਂ ਦੀ ਕਾਰਗੁਜ਼ਾਰੀ ਚੈੱਕ ਕਰਨ ਲਈ ਸਾਰੇ ਟੈਸਟ ਕੀਤੇ ਜਾਂਦੇ ਹਨ ਅਤੇ ਇਨਫੈਕਸ਼ਨ ਤੋਂ ਬਚਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ।

2. ਕਾਰਡੀਅਕ ਡੈੱਥ ਤੋਂ ਬਾਅਦ

ਜਦੋਂ ਕਿਸੇ ਵਿਅਕਤੀ ਦੀ ਹਾਦਸੇ, ਸਿਰ ਦੀ ਸੱਟ ਜਾਂ ਹੋਰ ਸੱਟਾਂ ਨਾਲ ਅਚਾਨਕ ਮੌਤ ਹੋ ਜਾਵੇ ਤਾਂ ਜੇਕਰ ਉਸ ਨੇ ਆਪਣੇ ਜੀਵਨ ਦੌਰਾਨ ਅੰਗਦਾਨ ਕਰਨ ਸਬੰਧੀ ਫ਼ੈਸਲਾ ਲਿਆ ਹੋਇਆ ਹੋਵੇ ਤੇ ਉਸ ਕੋਲ 'ਡੋਨਰ-ਕਾਰਡ' ਹੋਵੇ ਤਾਂ ਦਿਲ ਦੀ ਧੜਕਣ ਬੰਦ ਹੋਣ ਤੋਂ ਕੁਝ ਮਿੰਟਾਂ ਦੇ ਅੰਦਰ-ਅੰਦਰ ਹੀ ਉਸ ਦੇ ਅੰਗ ਲੈ ਲਏ ਜਾਂਦੇ ਹਨ ਕਿਉਂਕਿ ਕੁਝ ਦੇਰ ਬਾਅਦ ਤਾਂ ਖ਼ੂਨ ਤੇ ਆਕਸੀਜਨ ਦੀ ਕਮੀ ਕਾਰਨ ਇਹ ਅੰਗ ਕਿਸੇ ਕੰਮ ਦੇ ਨਹੀਂ ਰਹਿੰਦੇ।

3. ਜੀਵਤ ਵਿਅਕਤੀ ਦੁਆਰਾ ਅੰਗਦਾਨ

ਆਮ ਕਰਕੇ ਪਰਿਵਾਰ ਦੇ ਮੈਂਬਰ (ਮਾਪੇ, ਧੀਆਂ-ਪੁੱਤਰ, ਮਾਸੀ, ਭੂਆ, ਪਤਨੀ ਜਾਂ ਪਤੀ) ਜਾਂ ਬਹੁਤ ਨੇੜਲੇ ਦੋਸਤ ਹੀ ਅੰਗ ਦਾਨ ਦਿੰਦੇ ਹਨ। ਇਸ ਵਾਸਤੇ ਸਖ਼ਤ ਕਾਨੂੰਨੀ ਪ੍ਰਣਾਲੀ ਵਿੱਚੋਂ ਲੰਘਣਾ ਪੈਂਦਾ ਹੈ ਤਾਂ ਕਿ ਅੰਗਾਂ ਦੀ ਖ਼ਰੀਦੋ-ਫ਼ਰੋਖ਼ਤ ਨਾ ਹੋ ਸਕੇ। ਗੁਰਦਾ ਦਾਨ ਤੋਂ ਬਾਅਦ ਦਾਨੀ ਨੂੰ ਕੋਈ ਸਮੱਸਿਆ ਨਹੀਂ ਆਉਂਦੀ ਕਿਉਂਕਿ ਕੁਦਰਤ ਨੇ ਸਾਨੂੰ ਲੋੜ ਤੋਂ ਵੱਧ ਅੰਗ ਬਖ਼ਸ਼ੇ ਹੋਏ ਹਨ। ਇਸ ਵੇਲੇ ਭਾਰਤ ਵਿੱਚ ਅਜਿਹੇ ਸਿਰਫ਼ 120 ਕੇਂਦਰ ਹੀ ਹਨ ਜਿੱਥੇ ਅੰਗ ਬਦਲੇ ਜਾਂਦੇ ਹਨ। ਇੱਕ ਚੰਗੀ ਗੱਲ ਹੈ ਕਿ ਹਿੰਦੂ, ਸਿੱਖ, ਇਸਲਾਮ, ਈਸਾਈ ਅਤੇ ਹੋਰ ਧਰਮਾਂ ਵਿੱਚ ਅੰਗ ਦਾਨ ਕਰਨ ਦੀ ਮਨਾਹੀ ਨਹੀਂ ਹੈ, ਬਲਕਿ ਇਸ ਨੂੰ ਪੁੰਨ ਵਾਲਾ ਕੰਮ ਸਮਝਿਆ ਜਾਂਦਾ ਹੈ।

ਅੰਗਦਾਨ ਸਬੰਧੀ ਜਾਗਰੂਕਤਾ ਦੀ ਘਾਟ

ਲੋਕਾਂ 'ਚ ਅੰਗਦਾਨ ਸਬੰਧੀ ਚੇਤਨਤਾ ਦੀ ਘਾਟ ਹੈ। ਇਸ ਦਾ ਇੱਕੋ-ਇੱਕ ਹੱਲ ਹੈ ਕਿ ਅੰਗਦਾਨ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਸੁਪਰ ਸਪੈਸ਼ਲਿਸਟ ਡਾਕਟਰਾਂ ਅਤੇ ਅੰਗ-ਬਦਲਣ ਸਿਹਤ ਕੇਂਦਰਾਂ ਦੀ ਗਿਣਤੀ 'ਚ ਵਾਧਾ ਹੋਵੇ। ਅਜਿਹਾ ਹੋਵੇਗਾ ਤਾਂ ਵੱਧ ਤੋਂ ਵੱਧ ਲੋਕ ਆਪਣੇ ਜਾਂ ਰਿਸ਼ਤੇਦਾਰਾਂ ਦੇ ਅੰਗਦਾਨ ਲਈ ਅੱਗੇ ਆਉਣਗੇ। ਕੁਝ ਸਵੈਸੇਵੀ ਸੰਸਥਾਵਾਂ ਇਸ ਸਬੰਧੀ ਜਾਗਰੂਕਤਾ ਫੈਲਾ ਰਹੀਆਂ ਹਨ। ਮਨੁੱਖੀ ਅੰਗਾਂ ਦੇ ਦਾਨ ਸਬੰਧੀ ਭਾਰਤ ਸਰਕਾਰ ਇੱਕ ਨਵਾਂ ਕਾਨੂੰਨ ਬਣਾਉਣ ਲਈ ਖਰੜਾ ਤਿਆਰ ਕਰ ਰਹੀ ਹੈ ਜਿਸ ਵਿੱਚ ਸਿਹਤ ਮੰਤਰਾਲੇ ਦੀ ਸਲਾਹ ਅਨੁਸਾਰ ਜਿਹੜਾ ਵਿਅਕਤੀ ਡਰਾਇਵਿੰਗ ਲਾਇਸੈਂਸ ਵਾਸਤੇ ਬਿਨੈ-ਪੱਤਰ ਦੇਵੇਗਾ, ਉਸ ਨੂੰ ਇਹ ਪੁੱਛਿਆ ਜਾਵੇਗਾ ਕਿ ਕੀ ਉਹ ਦੁਰਘਟਨਾ ਦੌਰਾਨ 'ਬਰੇਨ ਡੈੱਡ' ਹੋ ਜਾਣ 'ਤੇ ਅੰਗਦਾਨ ਵਾਸਤੇ ਹਾਮੀ ਭਰੇਗਾ? 'ਡੋਨਰ-ਕਾਰਡ' ਬਣਾ ਕੇ ਜੇਬ ਵਿੱਚ ਰੱਖੇ ਜਾ ਸਕਦੇ ਹਨ ਤਾਂ ਕਿ ਹਾਦਸਾ ਹੋ ਜਾਣ ਦੀ ਸੂਰਤ 'ਚ ਕਿਸੇ ਲਾਭਪਾਤਰੀ ਦੀ ਜਾਨ ਬਚਾਉਣ ਵਾਸਤੇ ਅੰਗ ਲਏ ਜਾ ਸਕਣ। ਅੰਗਦਾਨ ਜਾਗਰੂਕਤਾ ਕਾਰਨ ਹੁਣ ਚੇਤਨ ਲੋਕ ਖ਼ੂਨਦਾਨ, ਅੰਗਦਾਨ ਅਤੇ ਡਾਕਟਰੀ ਸਿੱਖਿਆ ਵਾਸਤੇ ਸਰੀਰ ਦਾਨ ਲਈ ਸਾਹਮਣੇ ਆ ਰਹੇ ਹਨ।

'ਆਰਗਨ ਹਾਰਵੈਸਟਿੰਗ' ਅਤੇ ਉਨ੍ਹਾਂ ਨੂੰ ਟ੍ਰਾਂਸਪਲਾਂਟ ਕਰਨ ਵਾਲੇ ਡਾਕਟਰ ਅਤੇ ਨਰਸਾਂ ਦੀ ਟੀਮ ਦੇ ਮੈਂਬਰ ਮਾਹਰ ਹੁੰਦੇ ਹਨ। ਲਾਭਪਾਤਰੀਆਂ ਨਾਲ ਪੂਰੀ ਮੈਚਿੰਗ ਕਰਨ ਲਈ ਮਹਿੰਗੇ ਟੈਸਟ ਕਰਨੇ ਜਾਂਦੇ ਹਨ ਜਿਨ੍ਹਾਂ 'ਚ ਵਕਤ ਲੱਗਦਾ ਹੈ। ਦਾਨੀ ਜਾਂ ਉਸ ਦੇ ਰਿਸ਼ਤੇਦਾਰਾਂ ਵੱਲੋਂ ਕੋਈ ਲਿਖਤ ਰਜ਼ਾਮੰਦੀ ਨਾ ਹੋਵੇ ਤਾਂ ਕਦੇ ਵੀ ਅੰਗ ਨਹੀਂ ਕੱਢੇ ਜਾਂਦੇ। ਕਿਸੇ ਨੂੰ ਅੰਗਦਾਨ ਵਾਸਤੇ ਮਜਬੂਰ ਵੀ ਨਹੀਂ ਕੀਤਾ ਜਾ ਸਕਦਾ। ਕਈ ਵਾਰ ਇਹ ਵੀ ਸੁਣਿਆ ਗਿਆ ਹੈ ਕਿ ਪਹਿਲਾਂ ਦਿੱਤੀ ਹੋਈ ਸਹਿਮਤੀ ਦੇ ਬਾਵਜੂਦ ਕਿਸੇ ਕਾਰਨ ਕਰਕੇ ਅੰਗ ਨਾ ਲਏ ਜਾਣ ਤਾਂ ਦਾਨੀ/ਰਿਸ਼ਤੇਦਾਰ ਮਾਯੂਸ ਹੋ ਜਾਂਦੇ ਹਨ। ਇਸ ਵਿਸ਼ੇ ਸਬੰਧੀ ਆਮ ਜਨਤਾ ਨੂੰ ਜਾਣਕਾਰੀ ਉਪਲਬਧ ਕਰਵਾਉਣ ਦੀ ਜ਼ਰੂਰਤ ਹੈ। ਲੋੜ ਅਨੁਸਾਰ ਅੰਗ ਮਿਲਣ ਨਾਲ ਕਈ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ।

# ਕਿੰਜ ਦੂਰ ਹੋਣ ਅੱਖਾਂ ਦੇ ਕਾਲੇ ਘੇਰੇ?

ਅੱਖਾਂ ਦੇ ਆਲੇ-ਦੁਆਲੇ ਕਾਲੇ ਨਿਸ਼ਾਨ ਪੈ ਜਾਣ ਤਾਂ ਚਿਹਰੇ ਦੀ ਸਾਰੀ ਖ਼ੂਬਸੂਰਤੀ ਖ਼ਤਮ ਹੋ ਜਾਂਦੀ ਹੈ। ਇਸ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਜਾਂ ਤਾਂ ਇਹ ਨਿਸ਼ਾਨ ਨਾ ਪੈਣ ਤੇ ਜਾਂ ਫਿਰ ਖ਼ਤਮ ਹੋ ਜਾਣ। ਪਹਿਲੀ ਕੋਸ਼ਿਸ਼ ਇਹੀ ਕਰਨੀ ਚਾਹੀਦੀ ਹੈ ਕਿ ਇਹ ਨਿਸ਼ਾਨ ਨਾ ਪੈਣ। ਇਸ ਲਈ ਸਭ ਤੋਂ ਜ਼ਰੂਰੀ ਹੈ ਕਿ ਨੀਂਦ ਪੂਰੀ ਲਵੋ, ਰਾਤ ਨੂੰ ਜਲਦੀ ਸੋਵੋਂ ਤਾਂ ਕਿ ਜਲਦੀ ਉੱਠ ਸਕੋ। ਨੀਂਦ ਪੂਰੀ ਨਾ ਲੈਣ ਨਾਲ ਅੱਖਾਂ ਦੇ ਆਲੇ-ਦੁਆਲੇ ਕਾਲੇ ਨਿਸ਼ਾਨ ਪੈ ਜਾਂਦੇ ਹਨ।

ਡਾਈਟਿੰਗ ਕਰਨ ਨਾਲ ਸਰੀਰ ਵਿੱਚ ਕਈ ਤੱਤਾਂ ਦੀ ਕਮੀ ਆ ਜਾਂਦੀ ਹੈ। ਕੁਝ ਔਰਤਾਂ ਸਵੇਰੇ ਨਾਸ਼ਤਾ ਨਹੀਂ ਕਰਦੀਆਂ ਜਿਸ ਨਾਲ ਅੱਖਾਂ ਹੇਠ ਕਾਲੇ ਨਿਸ਼ਾਨ ਪੈ ਜਾਂਦੇ ਹਨ। ਸਵੇਰ ਦਾ ਭੋਜਨ ਚਾਹੇ ਹਲਕਾ ਹੀ ਕਿਉਂ ਨਾ ਹੋਵੇ ਪਰ ਕਰਨਾ ਜ਼ਰੂਰ ਚਾਹੀਦਾ ਹੈ ਕਿਉਂਕਿ ਰਾਤ ਦੇ ਭੋਜਨ ਤੋਂ ਬਾਅਦ ਪੇਟ ਸਵੇਰੇ ਤਕ ਖਾਲੀ ਰਹਿੰਦਾ ਹੈ। ਸਵੇਰੇ ਦਾ ਭੋਜਨ ਨਾ ਕਰਨਾ ਸਿਹਤ ਲਈ ਬਹੁਤ ਹਾਨੀਕਾਰਕ ਹੈ। ਜੇਕਰ ਮਨ ਕੁਝ ਨਾ ਖਾਣ ਨੂੰ ਕਰੇ ਤਾਂ ਦੁੱਧ, ਇੱਕ ਸੇਬ ਜਾਂ ਜੂਸ ਦਾ ਇੱਕ ਗਲਾਸ ਪੀ ਲੈਣਾ ਚਾਹੀਦਾ ਹੈ।

ਜ਼ਿਆਦਾ ਸੋਚਣ ਜਾਂ ਚਿੰਤਾ ਕਰਨ ਨਾਲ ਵੀ ਅੱਖਾਂ ਦੇ ਆਲੇ-ਦੁਆਲੇ ਕਾਲੇ ਨਿਸ਼ਾਨ ਪੈ ਜਾਂਦੇ ਹਨ। ਇਸ ਲਈ ਇਸ ਨੂੰ ਦੂਰ ਕਰਨ ਦੀ ਤੁਰੰਤ ਕੋਸ਼ਿਸ਼ ਕਰੋ। ਇਨ੍ਹਾਂ ਕਾਲੇ ਧੱਬਿਆਂ ਨੂੰ ਦੂਰ ਕਰਨ ਲਈ ਕੁਝ ਗੱਲਾਂ 'ਤੇ ਧਿਆਨ ਦੇਣਾ ਜ਼ਰੂਰੀ ਹੈ:

× ਅੱਖਾਂ ਦੇ ਆਲੇ-ਦੁਆਲੇ ਹੌਲੀ-ਹੌਲੀ ਰੋਗਨ ਬਦਾਮ ਨਾਲ ਮਾਲਸ਼ ਕਰੋ।

× ਕੱਚਾ ਖੀਰਾ ਪੀਸ ਕੇ ਉਸ ਦੀਆਂ ਦੋ ਪੋਟਲੀਆਂ ਬਣਾ ਲਵੋ ਅਤੇ ਫਿਰ ਸਿੱਧਾ ਲੇਟ ਕੇ 15 ਤੋਂ 20 ਮਿੰਟ ਤਕ ਅੱਖਾਂ ਉੱਤੇ ਰੱਖੋ।

× ਖੀਰਾ ਕੱਟ ਕੇ ਵੀ ਅੱਖਾਂ ਉਪਰ ਰੱਖਿਆ ਜਾ ਸਕਦਾ ਹੈ। ਰੋਜ਼ਾਨਾ ਸਵੇਰੇ ਉੱਠ ਕੇ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਅੱਖਾਂ 'ਤੇ ਠੰਢੇ ਪਾਣੀ ਦੇ ਛਿੱਟੇ ਮਾਰੋ।

× ਨਿੰਬੂ ਦੇ ਰਸ ਨੂੰ ਗਰਮ ਪਾਣੀ ਵਿੱਚ ਪਾ ਕੇ ਅੱਖਾਂ ਦੇ ਆਲੇ-ਦੁਆਲੇ ਲਗਾਉਣ ਨਾਲ ਕਾਲੇ ਧੱਬੇ ਦੂਰ ਹੁੰਦੇ ਹਨ।

× ਨਿੰਬੂ ਦੇ ਰਸ ਵਿੱਚ ਰੋਗਨ ਚਮੇਲੀ ਦੀਆਂ ਕੁਝ ਬੂੰਦਾਂ ਮਿਲਾ ਕੇ ਰਾਤ ਨੂੰ ਸੌਣ ਤੋਂ ਪਹਿਲਾਂ ਅੱਖਾਂ ਦੇ ਆਲੇ-ਦੁਆਲੇ ਹਲਕੀ ਮਾਲਸ਼ ਕਰੋ।

× ਰਾਤ ਨੂੰ ਸੌਣ ਤੋਂ ਪਹਿਲਾਂ ਅੱਖਾਂ ਕੋਲ ਦੁੱਧ ਦੀ ਥੋੜ੍ਹੀ ਮਾਤਰਾ ਲਗਾ ਕੇ ਸੌਂ ਜਾਵੋ। ਸਵੇਰੇ ਉੱਠਣ ਤੋਂ ਬਾਅਦ ਦੁੱਧ ਦੀ ਤਹਿ ਨੂੰ ਪਾਣੀ ਨਾਲ ਹਟਾਉਣ ਦੀ ਬਜਾਏ ਗੁਲਾਬ ਜਲ ਨਾਲ ਹਟਾਓ।

× ਰੋਜ਼ਾਨਾ ਥੋੜ੍ਹੀ ਜਿਹੀ ਮੂਲੀ ਪੀਸ ਕੇ ਰੂੰ ਦੀ ਸਹਾਇਤਾ ਨਾਲ ਦਿਨ ਵਿੱਚ ਤਿੰਨ-ਚਾਰ ਵਾਰ ਲਗਾਉਣ ਨਾਲ ਵੀ ਕਾਲੇ ਘੇਰੇ ਦੂਰ ਹੁੰਦੇ ਹਨ।

× ਨਿੰਬੂ ਦਾ ਛਿਲਕਾ ਪੀਸ ਕੇ ਰਾਤ ਨੂੰ ਅੱਖਾਂ ਦੇ ਆਲੇ-ਦੁਆਲੇ ਲਗਾਓ। ਥੋੜ੍ਹੇ ਹੀ ਦਿਨ ਵਿੱਚ ਧੱਬੇ ਦੂਰ ਹੋ ਜਾਣਗੇ।

× ਕੈਲਸ਼ੀਅਮ ਦੀ ਸਹੀ ਮਾਤਰਾ ਆਪਣੀ ਖ਼ੁਰਾਕ ਵਿੱਚ ਸ਼ਾਮਲ ਕਰੋ।

× ਕੱਚੇ ਆਲੂ ਦਾ ਟੁਕੜਾ 15 ਮਿੰਟ ਤਕ ਅੱਖਾਂ ਉਪਰ ਰੱਖਣ ਨਾਲ ਵੀ ਲਾਭ ਮਿਲਦਾ ਹੈ।

× ਮਲਮਲ ਦੇ ਟੁਕੜੇ ਨੂੰ ਮੌਸਮੀ ਦੇ ਰਸ ਵਿੱਚ ਭਿਓਂ ਕੇ ਅੱਖਾਂ ਦੇ ਆਲੇ-ਦੁਆਲੇ ਰੱਖਣਾ ਲਾਭਕਾਰੀ ਹੋ ਸਕਦਾ ਹੈ।

× ਅੱਖਾਂ ਦੇ ਹੇਠਾਂ ਜੈਤੂਨ ਤੇਲ ਨਾਲ ਮਾਲਸ਼ ਕਰਨ ਨਾਲ ਵੀ ਲਾਭ ਮਿਲਦਾ ਹੈ।

× ਚਾਹ ਦੀਆਂ ਪੱਤੀਆਂ ਦੀ ਪੋਟਲੀ ਬਣਾ ਕੇ ਅੱਖਾਂ ਉੱਤੇ 15 ਮਿੰਟ ਤਕ ਰੱਖੋ, ਲਾਭ ਮਿਲੇਗਾ।

× ਕੱਚੇ ਦੁੱਧ ਦੀ ਝੱਗ ਨੂੰ ਅੱਖਾਂ ਹੇਠ ਲਗਾ ਕੇ ਅੱਧੇ ਘੰਟੇ ਤੋਂ ਬਾਅਦ ਤਾਜ਼ੇ ਪਾਣੀ ਨਾਲ ਧੋ ਲਵੋ, ਲਾਭ ਮਿਲੇਗਾ।

× ਚਾਰ-ਪੰਜ ਇਲਾਇਚੀਆਂ ਦੁੱਧ ਵਿੱਚ ਮਿਲਾ ਕੇ ਉਬਾਲ ਕੇ ਫਿਰ ਗਰਮ ਜਾਂ ਠੰਢਾ, ਜਿਵੇਂ ਮਨ ਕਰੇ ਪੀ ਲਵੋ। 10-15 ਦਿਨਾਂ ਤਕ ਅਜਿਹਾ ਕਰਨ ਨਾਲ ਨਾ ਸਿਰਫ਼ ਅੱਖਾਂ ਦੇ ਧੱਬੇ ਦੂਰ ਹੋਣਗੇ ਬਲਕਿ ਚਿਹਰੇ 'ਤੇ ਰੰਗਤ ਵੀ ਆਵੇਗੀ। ਇਸ ਤਰ੍ਹਾਂ ਅੱਖਾਂ ਦੇ ਕਾਲੇ ਘੇਰਿਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

**-ਡਾ. ਹਰਪ੍ਰੀਤ ਸਿੰਘ ਭੰਡਾਰੀ**

# ...ਤਾਂ ਕਿ ਬੱਚੇ ਰਹਿਣ ਦਿਮਾਗੋਂ ਤੰਦਰੁਸਤ



ਅਜਿਹੇ ਕਈ ਬੱਚੇ ਹਨ, ਜੋ ਦੇਖਣ ਨੂੰ ਤਾਂ ਤੰਦਰੁਸਤ ਲੱਗਦੇ ਹਨ ਪਰ ਉਨ੍ਹਾਂ ਦੀ ਯਾਦ ਸਮਰੱਥਾ ਬਾਕੀ ਬੱਚਿਆਂ ਦੇ ਮੁਕਾਬਲੇ ਕਾਫੀ ਘੱਟ ਹੁੰਦੀ ਹੈ, ਇਸੇ ਲਈ ਅਜਿਹੇ ਬੱਚਿਆਂ ਨੂੰ ਅਕਸਰ ਮੰਦਬੁੱਧੀ ਕਹਿ ਦਿੱਤਾ ਜਾਂਦਾ ਹੈ। ਇਸ ਦਾ ਕਾਰਨ ਉਨ੍ਹਾਂ ਦੇ ਸਰੀਰ ਵਿਚ ਡੀ. ਐੱਚ. ਏ. (ਡੋਕੋਸਾ ਹੈਕਸਾਨੋਇਕ ਐਸਿਡ) ਦੀ ਕਮੀ ਹੋਣਾ ਹੈ, ਜਿਸ ਨਾਲ ਉਨ੍ਹਾਂ ਦਾ ਸਰੀਰਕ ਵਿਕਾਸ ਨਹੀਂ ਹੁੰਦਾ। ਇਸ ਦੀ ਪੂਰਤੀ ਭੋਜਨ ਰਾਹੀਂ ਕੀਤੀ ਜਾਂਦੀ ਹੈ। ਇਹੀ ਕਾਰਨ ਹੈ ਕਿ ਬੱਚਿਆਂ ਨੂੰ ਹੀ ਨਹੀਂ, ਗਰਭਵਤੀ ਔਰਤਾਂ ਲਈ ਵੀ ਜ਼ਰੂਰੀ ਹੈ ਕਿ ਡੀ. ਐੱਚ. ਏ. ਦੀ ਲੋੜੀਂਦੀ ਮਾਤਰਾ ਪ੍ਰਾਪਤ ਕਰਨ ਕਿਉਂਕਿ ਬੱਚੇ ਦਾ ਮਾਨਸਿਕ ਵਿਕਾਸ ਤਾਂ ਮਾਂ ਦੇ ਗਰਭ 'ਚ ਹੀ ਹੁੰਦਾ ਹੈ।

ਇਹ ਹੁੰਦਾ ਹੈ ਡੀ. ਐੱਚ. ਏ.

ਡੀ. ਐੱਚ. ਏ. ਇਕ ਕਿਸਮ ਦਾ ਓਮੇਗਾ-3 ਫੈਟੀ ਐਸਿਡ ਹੈ, ਜਿਸ ਨੂੰ ਲਾਂਗ ਚੇਨ ਪਾਲੀਅਨਸੈਚੂਰੇਟਿਡ ਐਸਿਡ ਕਿਹਾ ਜਾਂਦਾ ਹੈ। ਇਸ ਦੀ ਰਚਨਾ ਮਨੁੱਖੀ ਸਰੀਰ ਵਿਚ ਨਹੀਂ ਹੁੰਦੀ, ਸਗੋਂ ਇਸ ਨੂੰ ਖਾਣ-ਪੀਣ ਤੋਂ ਹੀ ਪ੍ਰਾਪਤ ਕੀਤਾ ਜਾਂਦਾ ਹੈ।

ਡੀ. ਐੱਚ. ਏ. ਦੀ ਵਰਤੋਂ ਮੁਖ ਰੂਪ ਵਿਚ ਦਿਮਾਗ ਦੀ ਸਰੰਚਨਾ ਅਤੇ ਅੱਖਾਂ ਦੇ ਰੈਟੀਨਾ ਲਈ ਹੁੰਦੀ ਹੈ। ਇਹ ਦਿਮਾਗ ਦੇ ਵਿਕਾਸ ਅਤੇ ਕੇਂਦਰੀ ਨਾੜੀ ਤੰਤਰ ਦੀ ਕਾਰਜ ਸਮਰੱਥਾ ਵਧਾਉਂਦਾ ਹੈ।

ਬੱਚਿਆਂ ਲਈ ਹੈ ਜ਼ਰੂਰੀ

2 ਤੋਂ 6 ਸਾਲ ਤੱਕ ਦੇ ਬੱਚਿਆਂ ਦਾ ਬੌਧਿਕ ਅਤੇ ਮਾਨਸਿਕ ਵਿਕਾਸ ਤੇਜ਼ੀ ਨਾਲ ਹੁੰਦਾ ਹੈ ਇਸ ਲਈ ਉਨ੍ਹਾਂ ਦੇ ਸਰੀਰਕ ਵਿਕਾਸ ਲਈ ਉਨ੍ਹਾਂ ਨੂੰ ਕੈਲਸ਼ੀਅਮ, ਆਇਰਨ, ਵਿਟਾਮਿਨ, ਮੈਗਨੀਸ਼ੀਅਮ ਅਤੇ ਪ੍ਰੋਟੀਨ ਦੀ ਸਹੀ ਮਾਤਰਾ ਦਿਓ। ਇਹ ਬੱਚਿਆਂ ਦੇ ਸਮੁੱਚੇ ਵਿਕਾਸ ਲਈ ਬੇਹੱਦ ਜ਼ਰੂਰੀ ਪੋਸ਼ਕ ਤੱਤ ਹਨ ਅਤੇ ਇਸ ਨਾਲ ਉਨ੍ਹਾਂ ਦੀ ਯਾਦ ਸ਼ਕਤੀ ਦਾ ਵਿਕਾਸ ਹੁੰਦਾ ਹੈ। ਯਾਦ ਰੱਖੋ ਕਿ ਯਾਦ ਸਮਰੱਥਾ ਦਾ ਸਿੱਧਾ ਅਸਰ ਬੱਚੇ ਦੀ ਪੜ੍ਹਾਈ 'ਤੇ ਪੈਂਦਾ ਹੈ ਅਤੇ ਉਹ ਮਾਨਸਿਕ ਤਣਾਅ ਦੇ ਵੀ ਸ਼ਿਕਾਰ ਹੋ ਸਕਦੇ ਹਨ।

ਗਰਭਵਤੀ ਔਰਤਾਂ ਰੱਖਣ ਖਿਆਲ

ਇਕ ਗਰਭਵਤੀ ਔਰਤ ਦੇ ਖਾਣ-ਪੀਣ ਦਾ ਸਿੱਧਾ ਅਸਰ ਉਸ ਦੇ ਗਰਭ ਵਿਚ ਪਲ ਰਹੇ ਬੱਚੇ 'ਤੇ ਸਭ ਤੋਂ ਵਧੇਰੇ ਪੈਂਦਾ ਹੈ। ਜਨਮ ਤੋਂ ਬਾਅਦ ਵੀ ਉਨ੍ਹਾਂ ਨੂੰ ਡੀ. ਐੱਚ. ਏ. ਦੀ ਮਾਤਰਾ ਮਾਂ ਦੇ ਦੁੱਧ ਤੋਂ ਹੀ ਪ੍ਰਾਪਤ ਹੁੰਦੀ ਹੈ। ਔਰਤ ਨੂੰ ਗਰਭ ਦੇ 5ਵੇਂ ਜਾਂ 20ਵੇਂ ਹਫਤੇ ਤੋਂ 200 ਤੋਂ 300 ਮਿਲੀਗ੍ਰਾਮ ਡੀ. ਐੱਚ. ਏ. ਦੀ ਮਾਤਰਾ ਦਾ ਰੋਜ਼ਾਨਾ ਸੇਵਨ ਕਰਨਾ ਚਾਹੀਦੈ।

ਰੁਟੀਨ 'ਚ ਦੁੱਧ ਪੀਓ

ਸੰਪੂਰਨ ਪੋਸ਼ਣ ਲਈ ਇਕ ਬੱਚੇ ਨੂੰ ਹਰ ਰੋਜ਼ 400 ਮਿ. ਲਿ. ਭਾਵ ਦੋ ਗਲਾਸ ਦੁੱਧ ਪੀਣ ਲਈ ਦਿਓ। ਦੁੱਧ ਵਿਚ ਡੀ. ਐੱਚ. ਏ. ਤੋਂ ਇਲਾਵਾ ਵਿਟਾਮਿਨ, ਪ੍ਰੋਟੀਨ ਅਤੇ ਕੈਲਸ਼ੀਅਮ ਪਾਇਆ ਜਾਂਦਾ ਹੈ। ਇਸ ਤੋਂ ਇਲਾਵਾ ਬੱਚੇ ਨੂੰ ਦਹੀਂ ਅਤੇ ਦੁੱਧ ਨਾਲ ਬਣੀਆਂ ਚੀਜ਼ਾਂ ਵੀ ਖਾਣ ਲਈ ਦਿਓ। ਜੇਕਰ ਬੱਚਾ ਦੁੱਧ ਪੀਣ ਤੋਂ ਇਨਕਾਰ ਕਰਦਾ ਹੈ ਤਾਂ ਉਸ ਦੇ ਦੁੱਧ ਵਿਚ ਹੈਲਥ ਡਰਿੰਕ ਮਿਲਾ ਕੇ ਦਿਓ। ਇਨ੍ਹਾਂ ਹੈਲਥ ਡਰਿੰਕਸ ਵਿਚ ਡੀ. ਐੱਚ. ਏ. ਪਾਇਆ ਜਾਂਦਾ ਹੈ। ਇਸ ਤੋਂ ਇਲਾਵਾ ਉਸ ਨੂੰ ਦੁੱਧ ਨਾਲ ਬਣੇ ਮੈਂਗੋ ਸ਼ੇਕ, ਵਨੀਲਾ ਸ਼ੇਕ, ਸਟ੍ਰਾਅਬੇਰੀ ਸ਼ੇਕ ਜਾਂ ਹੋਰ ਫਲੇਵਰਡ ਮਿਲਕ ਵੀ ਦੇ ਸਕਦੇ ਹੋ।

ਇਨ੍ਹਾਂ ਤੋਂ ਮਿਲਦਾ ਹੈ ਡੀ. ਐੱਚ. ਏ.

× ਠੰਡੇ ਪਾਣੀ ਵਿਚ ਪਾਈਆਂ ਜਾਣ ਵਾਲੀਆਂ ਮੱਛੀਆਂ ਜਿਵੇਂ ਸਾਲਮਨ, ਟੂਨਾ, ਹੇਰਿੰਗ, ਕੌਡ ਅਤੇ ਸਾਰਡਾਇਨ 'ਚ ਡੀ. ਐੱਚ. ਏ. ਦੀ ਮਾਤਰਾ ਸਭ ਤੋਂ ਵਧੇਰੇ ਪਾਈ ਜਾਂਦੀ ਹੈ।

× ਸ਼ੈਵਾਲ ਤੋਂ ਪ੍ਰਾਪਤ ਡੀ. ਐੱਚ. ਏ. ਸ਼ਾਕਾਹਾਰੀ ਹੁੰਦਾ ਹੈ ਅਤੇ ਇਹ ਬਹੁਤ ਸਾਰੇ ਡਰਿੰਕਸ ਅਤੇ ਖਾਧ ਪਦਾਰਥਾਂ 'ਚ ਮਿਲਦਾ ਹੈ।

× ਆਂਡੇ ਵਿਚ ਓਮੇਗਾ-3 ਫੈਟੀ ਐਸਿਡ ਅਤੇ ਪ੍ਰੋਟੀਨ ਦੋਵੇਂ ਪਾਏ ਜਾਂਦੇ ਹਨ। ਆਮਲੇਟ ਦੀ ਥਾਂ ਉਬਲਿਆ ਆਂਡਾ ਖਾਓ ਅਤੇ ਬੱਚਿਆਂ ਨੂੰ ਨਾਸ਼ਤੇ ਵਿਚ ਦਿਓ।

× ਪਨੀਰ ਦਾ ਸੇਵਨ ਕਰੋ। ਕੱਚੇ ਪਨੀਰ ਨੂੰ ਸੈਂਡਵਿਚ 'ਚ ਪਾ ਕੇ ਬੱਚਿਆਂ ਨੂੰ ਦੇ ਸਕਦੇ ਹੋ।

× ਬੀਨਸ, ਮੂੰਗਫਲੀ, ਮੱਛੀ ਅਤੇ ਕਾਟੇਜ਼ ਚੀਜ਼ ਵਿਚ ਵੀ ਪ੍ਰੋਟੀਨ ਪਾਇਆ ਜਾਂਦਾ ਹੈ। ਇਸ ਲਈ ਬੱਚਿਆਂ ਨੂੰ ਰੁਟੀਨ ਵਿਚ ਇਹ ਚੀਜ਼ਾਂ ਦਿਓ।

× ਬੱਚਿਆਂ ਨੂੰ ਹਰ ਤਰ੍ਹਾਂ ਦੇ ਫਲ ਦਿਓ ਤਾਂਕਿ ਉਨ੍ਹਾਂ ਨੂੰ ਵਿਟਾਮਿਨ, ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਪ੍ਰੋਟੀਨ ਭਰਪੂਰ ਮਾਤਰਾ 'ਚ ਮਿਲ ਸਕਣ। ਜੇਕਰ ਚਾਟ ਦੇ ਰੂਪ ਵਿਚ ਬੱਚਿਆਂ ਨੂੰ ਫਲ ਦਿੱਤੇ ਜਾਣ ਤਾਂ ਉਹ ਇਸ ਨੂੰ ਚਾਅ ਨਾਲ ਖਾਂਦੇ ਹਨ।

× ਮੇਵਿਆਂ 'ਚ ਡੀ. ਐੱਚ. ਏ. ਨਹੀਂ, ਸਗੋਂ ਏ. ਐੱਲ. ਏ. ਦੀ ਮਾਤਰਾ ਹੁੰਦੀ ਹੈ, ਇਹ ਵੀ ਇਕ ਕਿਸਮ ਦਾ ਓਮੇਗਾ ਫੈਟੀ ਐਸਿਡ ਹੁੰਦਾ ਹੈ, ਜੋ ਸਰੀਰ ਵਿਚ ਜਾ ਕੇ ਡੀ. ਐੱਚ. ਏ. ਦੇ ਰੂਪ ਵਿਚ ਕੁਝ ਹੱਦ ਤੱਕ ਤਬਦੀਲ ਹੋ ਜਾਂਦਾ ਹੈ।

# ਮਹਾਰਾਸ਼ਟਰ ਵਿੱਚ ਸਿਰਫ਼ ਤਿੰਨ ਮਹੀਨਿਆਂ ਵਿੱਚ 767 ਕਿਸਾਨਾਂ ਨੇ ਖੁਦਕੁਸ਼ੀ ਕੀਤੀ, ਸਪੀਕਰ ਨੇ ਕਿਹਾ ਕਿ ਇਹ ਬਹੁਤ ਮੰਦਭਾਗਾ ਅਤੇ ਦਰਦਨਾਕ ਹੈ

**ਚੰਡੀਗੜ੍ਹ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਦੱਸਿਆ ਕਿ ਮਹਾਰਾਸ਼ਟਰ ਵਿੱਚ ਸਿਰਫ਼ ਤਿੰਨ ਮਹੀਨਿਆਂ ਵਿੱਚ 767 ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ।ਅਸੀਂ ਕਹਿ ਸਕਦੇ ਹਾਂ ਕਿ ਪ੍ਰਤੀ ਦਿਨ ਲਗਭਗ ਅੱਠ ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ ਜੋ ਕਿ ਬਹੁਤ ਮੰਦਭਾਗਾ ਅਤੇ ਦਰਦਨਾਕ ਹੈ। ਇਹ ਸਿਰਫ ਅੰਨਦਾਤਾ ਦੀ ਖੁਦਕੁਸ਼ੀ ਨਹੀਂ ਹੈ, ਇਹ ਸਾਡੇ ਸਿਸਟਮ ਦੀ ਪੂਰੀ ਅਸਫਲਤਾ ਹੈ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਿਰਫ 376 ਕਿਸਾਨ ਪਰਿਵਾਰਾਂ ਨੂੰ ਸਰਕਾਰੀ ਸਹਾਇਤਾ ਮਿਲੀ ਅਤੇ ਬਾਕੀ ਪਰਿਵਾਰਾਂ ਨੂੰ ਮੌਤ ਤੋਂ ਬਾਅਦ ਵੀ ਕੁਝ ਨਹੀਂ ਮਿਲਿਆ। ਜਿਨ੍ਹਾਂ ਨੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ, ਪਰ ਉਹ ਕਿਸਾਨਾਂ ਦੀਆਂ ਕੀਮਤੀ ਜਾਨਾਂ ਦੀ ਰੱਖਿਆ ਕਰਨ ਦੇ ਯੋਗ ਨਹੀਂ ਹਨ। ਸਪੀਕਰ ਸੰਧਵਾਂ ਨੇ ਭਾਰਤ ਸਰਕਾਰ ਅਤੇ ਮਹਾਰਾਸ਼ਟਰ ਸਰਕਾਰ ਨੂੰ ਕਿਸਾਨਾਂ ਦੀ ਵਿੱਤੀ ਸਥਿਤੀ ਨੂੰ ਸੁਧਾਰਨ ਲਈ ਢੁਕਵੇਂ ਕਦਮ ਚੁੱਕਣ ਅਤੇ ਪੀੜਤ ਪਰਿਵਾਰਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਮੌਜੂਦਾ ਖੇਤੀਬਾੜੀ ਮਾਡਲ ਦੀ ਸਮੀਖਿਆ ਕਰਨ ਦੀ ਸਖ਼ਤ ਲੋੜ ਹੈ ਕਿਉਂਕਿ ਬਹੁਤ ਸਾਰੇ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ ਅਤੇ ਭਾਰਤ ਸਰਕਾਰ ਕਿਸਾਨਾਂ ਦੀ ਖੁਦਕੁਸ਼ੀ ਸੰਬੰਧੀ ਸਹੀ ਅੰਕੜੇ ਪ੍ਰਦਾਨ ਨਹੀਂ ਕਰ ਰਹੀ ਹੈ।

# ਡਿਪਟੀ ਕਮਿਸ਼ਨਰ ਨੇ ਸੰਭਾਵੀ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ



**ਸ੍ਰੀ ਅਨੰਦਪੁਰ ਸਾਹਿਬ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ਼੍ਰੀ ਵਰਜੀਤ ਵਾਲੀਆ ਨੇ ਅੱਜ ਸੰਭਾਵੀ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਜਾਇਜ਼ਾ ਲੈਣ, ਹੜ੍ਹ ਰੋਕੂ ਪ੍ਰਬੰਧਾਂ ਦੀਆਂ ਅਗਾਊਂ ਤਿਆਰੀਆਂ ਦਾ ਜ਼ਮੀਨੀ ਪੱਧਰ 'ਤੇ ਨਿਰੀਖਣ ਕਰਨ ਅਤੇ ਆਮ ਲੋਕਾਂ ਦੇ ਜਾਨ ਮਾਲ ਤੇ ਪਸ਼ੂ ਧਨ ਦੀ ਰਾਖੀ ਲਈ ਹੜ੍ਹਾਂ ਤੋਂ ਰੋਕਥਾਮ ਵਾਸਤੇ ਕੀਤੇ ਅਗਾਊਂ ਪ੍ਰਬੰਧਾਂ ਦਾ ਜਾਇਜ਼ਾ ਲਿਆ ਤੇ ਸਬੰਧਿਤ ਅਧਿਕਾਰੀਆਂ ਨੂੰ ਹੋਰ ਲੋੜੀਂਦੇ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ।

ਡਿਪਟੀ ਕਮਿਸ਼ਨਰ ਨੇ ਭੱਲੜੀ, ਅਗੰਮਪੁਰ, ਸ਼ਾਹਪੁਰ ਬੇਲਾ, ਖੱਡ ਬਠਲੌਰ ਆਦਿ ਥਾਵਾਂ ਦਾ ਦੌਰਾ ਕਰਨ ਮੌਕੇ ਲੋਕਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪ੍ਰਸ਼ਾਸਨ ਸੰਭਾਵੀ ਹੜ੍ਹਾਂ ਦੀ ਸਥਿਤੀ 'ਤੇ ਪੂਰੀ ਚੌਕਸੀ ਰੱਖ ਰਿਹਾ ਹੈ। ਉਨ੍ਹਾਂ ਕਿਹਾ ਕਿ ਪਹਾੜਾਂ ਵਿਚ ਹੋਣ ਵਾਲੀ ਭਾਰੀ ਬਰਸਾਤ, ਭਾਖੜਾ ਡੈਮ ਵਿਚ ਪਾਣੀ ਦੀ ਆਮਦ ਅਤੇ ਸਤਲੁਜ ਤੇ ਸਵਾਂ ਨਦੀ ਵਿਚ ਪਾਣੀ ਦੇ ਪੱਧਰ 'ਤੇ ਨਿਰੰਤਰ ਨਜ਼ਰ ਰੱਖੀ ਜਾ ਰਹੀ ਹੈ।

ਸ੍ਰੀ ਵਰਜੀਤ ਵਾਲੀਆ ਨੇ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਜਿਹੜੇ ਇਲਾਕੇ ਹੜ੍ਹ ਦੀ ਮਾਰ ਵਿਚ ਆਉਂਦੇ ਰਹੇ ਹਨ ਅਤੇ ਜਿਹੜੇ-ਜਿਹੜੇ ਖੇਤਰਾਂ ਵਿਚ ਹੜ੍ਹ ਕਾਰਨ ਨੁਕਸਾਨ ਹੋਇਆ ਹੈ, ਉਹ ਸਾਰੇ ਖੇਤਰਾਂ/ਸਥਾਨਾਂ ਦੀ ਜ਼ਮੀਨੀ ਪੱਧਰ 'ਤੇ ਜਾਂਚ ਕਰਕੇ ਉਥੇ ਲੋੜੀਂਦੇ ਪ੍ਰਬੰਧ ਕਰਨ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦੇ ਦਿੱਤੇ ਹਨ।

ਉਨ੍ਹਾਂ ਨੇ ਅਧਿਕਾਰੀਆਂ ਨੂੰ ਕਿਹਾ ਕਿ ਪਿੰਡਾਂ ਅਤੇ ਸ਼ਹਿਰਾਂ ਵਿੱਚ ਬਰਸਾਤੀ ਨਾਲਿਆਂ, ਖੱਡਾਂ, ਸੂਏ, ਕੱਸੀਆਂ, ਪੁਲੀਆਂ ਤੇ ਨਿਕਾਸੀ ਨਾਲਿਆਂ ਵਿਚ ਹੋਣ ਵਾਲੀ ਰੁਕਾਵਟ ਅਕਸਰ ਹੀ ਹੜ੍ਹ ਦਾ ਕਾਰਨ ਬਣਦੀ ਹੈ।ਪ੍ਰਸ਼ਾਸਨ ਵੱਲੋਂ ਇਸ ਦੇ ਲਈ ਸਬੰਧਿਤ ਅਧਿਕਾਰੀਆਂ ਨੂੰ ਪੂਰੀ ਤਰਾਂ ਢੁੱਕਵੇ ਪ੍ਰਬੰਧ ਮੁਕੰਮਲ ਰੱਖਣ ਲਈ ਆਦੇਸ਼ ਦਿੱਤੇ ਗਏ ਹਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੌਜੂਦਾ ਸਮੇਂ ਤੱਕ ਪਾਣੀ ਦਾ ਪੱਧਰ ਠੀਕ ਹੈ, ਕਿਸੇ ਵੀ ਤਰ੍ਹਾਂ ਦੇ ਖਤਰੇ ਦੀ ਸੰਭਾਵਨਾ ਨਹੀ ਹੈ, ਪ੍ਰੰਤੂ ਪ੍ਰਸ਼ਾਸਨ ਦੀ ਜਿੰਮੇਵਾਰੀ ਹੈ ਕਿ ਅਗਾਊਂ ਸਾਰੇ ਪ੍ਰਬੰਧ ਮੁਕੰਮਲ ਰੱਖੇ ਜਾਣ ਤਾਂ ਜੋ ਹਰ ਤਰ੍ਹਾਂ ਦੀ ਸਥਿਤੀ ਨਾਲ ਸਮੇਂ ਸਿਰ ਨਜਿੱਠਿਆ ਜਾ ਸਕੇ।

ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਬਰਸਾਤ ਦੇ ਸੀਜ਼ਨ ਦੌਰਾਨ ਪੂਰੀ ਚੌਕਸੀ ਰੱਖਣ ਅਤੇ ਬੁਨਿਆਦੀ ਸਹੂਲਤਾਂ ਦੀ ਨਿਰੰਤਰ ਸਪਲਾਈ ਬਹਾਲ ਰੱਖਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਪਿਛਲੇ ਸਾਲਾਂ ਦੌਰਾਨ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਜਾਇਜ਼ਾ ਲਿਆ ਅਤੇ ਉਥੇ ਮੌਜੂਦਾ ਹਾਲਾਤ ਵਿਚ ਕੀਤੇ ਪ੍ਰਬੰਧਾਂ 'ਤੇ ਮੁਰੰਮਤ ਦਾ ਨਿਰੀਖਣ ਕੀਤਾ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਚੰਦਰਜਯੋਤੀ ਸਿੰਘ, ਮੁੱਖ ਮੰਤਰੀ ਫੀਲਡ ਅਫ਼ਸਰ ਅਭਿਮਨਯੂ ਮਲਿਕ, ਆਰਟੀਓ ਗੁਰਵਿੰਦਰ ਸਿੰਘ ਜੌਹਲ, ਐਸਡੀਐਮ ਸਚਿਨ ਪਾਠਕ, ਐਕਸੀਅਨ ਮਾਈਨਿੰਗ ਤੁਸ਼ਾਰ ਗੋਇਲ ਅਤੇ ਹੋਰ ਉੱਚ ਅਧਿਕਾਰੀ ਹਾਜ਼ਰ ਸਨ।

# ਭਾਜਪਾ ਨੇ ਬਿਜਲੀ ਦਰਾਂ 'ਚ ਵਾਧਾ ਕਰਕੇ ਲੋਕਾਂ ਨੂੰ ਦਿਖਾਈ 'ਪਾਵਰ': ਅਰੋੜਾ

**ਸ਼ਾਹਬਾਦ ਮਾਰਕੰਡਾ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਸੀਨੀਅਰ ਕਾਂਗਰਸ ਆਗੂ ਤੇ ਥਾਨੇਸਰ ਦੇ ਵਿਧਾਇਕ ਅਸ਼ੋਕ ਅਰੋੜਾ ਨੇ ਬੀਪੀਐੱਲ ਪਰਿਵਾਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਵਧੀਆਂ ਦਰਾਂ ਤੇ ਸਰ੍ਹੋਂ ਦੀ ਤੇਲ ਦੀ ਕੀਮਤ ਨੂੰ ਲੈ ਕੇ ਭਾਜਪਾ ਸਰਕਾਰ ਨੂੰ ਘੇਰਿਆ।ਅਰੋੜਾ ਨੇ ਦੋਸ਼ ਲਾਇਆ ਹੈ ਕਿ ਪਹਿਲਾਂ ਭਾਜਪਾ ਨੇ ਗਰੀਬਾਂ ਨੂੰ ਗੁੰਮਰਾਹ ਕਰਕੇ ਵੋਟਾਂ ਹਥਿਆਈਆਂ ਤੇ ਹੁਣ ਬਿਜਲੀ ਦਰਾਂ ਵਿਚ ਵਾਧਾ ਕਰਕੇ ਉਨ੍ਹਾਂ ਨੂੰ ਕਰਾਰਾ ਝਟਕਾ ਦਿੱਤਾ ਹੈ। ਅਰੋੜਾ ਆਪਣੇ ਨਿਵਾਸ 'ਤੇ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਅਰੋੜਾ ਨੇ ਦੋਸ਼ ਲਾਇਆ ਕਿ ਮੌਜੂਦਾ ਸਰਕਾਰ ਨੇ 11 ਸਾਲਾਂ ਦੇ ਸ਼ਾਸ਼ਨ ਵਿਚ ਕੋਈ ਨਵਾਂ ਪਾਵਰ ਪਲਾਂਟ ਨਹੀਂ ਲਗਾਇਆ। ਪ੍ਰਧਾਨ ਮੰਤਰੀ ਵੱਲੋਂ ਯਮੁਨਾਨਗਰ ਵਿੱਚ ਇੱਕ ਨਵੀਂ ਯੂਨਿਟ ਦਾ ਨੀਂਹ ਪੱਥਰ ਰੱਖਿਆ ਸੀ ਜਿਸ ਦੀ 2030 ਤਕ ਬਨਣ ਦੀ ਉਮੀਦ ਹੈ। ਅਰੋੜਾ ਨੇ ਬੀਪੀਐੱਲ ਪਰਿਵਾਰਾਂ ਨੂੰ ਦਿੱਤੇ ਜਾਣ ਵਾਲੇ ਸਰ੍ਹੋਂ ਦੇ ਤੇਲ ਦੇ ਭਾਅ ਵਿੱਚ ਵਾਧੇ 'ਤੇ ਸਰਕਾਰ ਦੀ ਆਲੋਚਨਾ ਕੀਤੀ। ਸਰਕਾਰ ਨੇ ਤੇਲ ਦੀ ਕੀਮਤ 40 ਤੋਂ ਵਧਾ ਕੇ 100 ਰੁਪਏ ਕਰ ਦਿੱਤੀ ਹੈ। ਅਰੋੜਾ ਨੇ ਦੋਸ਼ ਲਾਇਆ ਹੈ ਕਿ ਥਾਨੇਸਰ ਨਗਰ ਪ੍ਰੀਸ਼ਦ ਵਿਚ ਨਾਲੀਆਂ ਦੀ ਸਫਾਈ ਦੇ ਨਾਂ 'ਤੇ ਕਰੋੜਾਂ ਰੁਪਏ ਦਾ ਘਪਲਾ ਹੋਇਆ ਹੈ। ਉਨ੍ਹਾਂ ਦੱਸਿਆ ਕਿ 18 ਜੂਨ ਨੂੰ ਨਾਲੀਆਂ ਦੀ ਸਫਾਈ ਤੇ ਮੁਰੰਮਤ ਦੇ ਨਾਂ ਤੇ 3 ਕਰੋੜ ਰੁਪਏ ਦਾ ਵਰਕ ਆਰਡਰ ਦਿੱਤਾ ਗਿਆ ਸੀ ਤੇ 30 ਜੂਨ ਤਕ ਸਾਰੇ ਕੰਮ ਪੂਰਾ ਹੋਇਆ ਦਿਖਾ ਦਿੱਤਾ।ਜਦਕਿ ਨਾਲੀਆਂ ਗੰਦਗੀ ਨਾਲ ਭਰੀਆਂ ਹੋਈਆਂ ਹਨ। ਮੀਂਹ ਨੇ ਪ੍ਰਸ਼ਾਸਨ ਦੇ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ। ਲੋਕਾਂ ਦੇ ਘਰਾਂ ਤੇ ਦੁਕਾਨਾਂ ਵਿੱਚ ਗੰਦਾ ਪਾਣੀ ਵੜ ਗਿਆ,ਇਹ ਬਹੁਤ ਵੱਡਾ ਘੋਟਾਲਾ ਹੈ ਇਸ ਦੀ ਜਾਂਚ ਹੋਣੀ ਚਾਹੀਦੀ ਹੈ।

# ਗੁਰੂ ਤੇ.ਗ ਬਹਾਦਰ ਦੀ ਸ਼ਤਾਬਦੀ ਮਨਾਉਣ ਦੀਆਂ ਤਿਆਰੀਆਂ



**ਨਵੀਂ ਦਿੱਲੀ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਤੇਗ ਬਹਾਦਰ ਨਾਲ ਸਬੰਧਤ ਸ਼ਤਾਬਦੀ ਨੂੰ ਸਮਰਪਿਤ ਕੌਮੀ ਰਾਜਧਾਨੀ ਦੀਆਂ ਬੀਬੀਆਂ ਦਾ ਵਿਸ਼ੇਸ਼ ਸਮਾਗਮ ਦਿੱਲੀ ਕਮੇਟੀ ਦੇ ਲੱਖੀ ਸ਼ਾਹ ਵਣਜਾਰਾ ਹਾਲ ਵਿੱਚ 26 ਅਤੇ 27 ਜੁਲਾਈ ਨੂੰ ਕਰਵਾਇਆ ਜਾਵੇਗਾ। ਇਸ ਪ੍ਰੋਗਰਾਮ ਨਾਲ ਸਬੰਧਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੀਨੀਅਰ ਆਗੂ ਬੀਬੀ ਰਣਜੀਤ ਕੌਰ ਦੀ ਅਗਵਾਈ ਹੇਠ ਹੋਰ ਅਹੁਦੇਦਾਰਾਂ ਦੀ ਮੀਟਿੰਗ ਕਮੇਟੀ ਦੇ ਦਫਤਰ ਵਿੱਚ ਕੀਤੀ ਗਈ। ਮੀਟਿੰਗ ਬਾਰੇ ਰਣਜੀਤ ਕੌਰ ਨੇ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਤੇਗ ਬਹਾਦਰ ਨਾਲ ਸਬੰਧਤ ਸ਼ਤਾਬਦੀ ਸ਼ਰਧਾ ਨਾਲ ਮਨਾਈ ਜਾਵੇਗੀ। ਇਸ ਦੇ ਸਬੰਧ ਵਿੱਚ 26 ਅਤੇ 27 ਜੁਲਾਈ ਨੂੰ ਕਰਵਾਏ ਜਾ ਰਹੇ ਸਬੰਧਤ ਸਮਾਗਮ ਦੀ ਰੂਪਰੇਖਾ ਉਲੀਕਣ ਲਈ ਅੱਜ ਮੀਟਿੰਗ ਕੀਤੀ ਗਈ।ਇਸ ਵਿੱਚ ਹਜ਼ੂਰੀ ਰਾਗੀ ਭਾਈ ਮਨੋਹਰ ਸਿੰਘ ਅਤੇ ਹੋਰ ਬੀਬੀਆਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਵਿੱਚ ਪ੍ਰੋਗਰਾਮ ਦੀ ਰੂਪ ਰੇਖਾ ਦੇ ਇਲਾਵਾ ਦਿੱਲੀ ਭਰ ਤੋਂ ਸਮਾਗਮ ਲਈ ਬੀਬੀਆਂ ਦੇ ਆਉਣ, ਸਮਾਗਮ ਦੌਰਾਨ ਉਨ੍ਹਾਂ ਅਹੁਦੇਦਾਰਾਂ ਦੀਆਂ ਡਿਊਟੀਆਂ ਅਤੇ ਸਮੁੱਚੇ ਪ੍ਰਬੰਧ ਨੂੰ ਲੈ ਕੇ ਇਸ ਮੀਟਿੰਗ ਵਿੱਚ ਚਰਚਾ ਕੀਤੀ ਗਈ। ਉਨ੍ਹਾਂ ਦੱਸਿਆ ਕਿ ਬੀਬੀਆਂ ਦੇ ਨਿਰੋਲ ਸਮਾਗਮ ਦੌਰਾਨ ਕੀਰਤਨ ਦਰਬਾਰ, ਸਾਖੀਆਂ ਅਤੇ ਧਾਰਮਿਕ ਸੀਨੀਅਰ ਆਗੂ ਬੀਬੀ ਰਣਜੀਤ ਕੌਰ ਦੀ ਅਗਵਾਈ ਹੇਠ ਹੋਰ ਅਹੁਦੇਦਾਰਾਂ ਦੀ ਮੀਟਿੰਗ ਕਮੇਟੀ ਦੇ ਦਫਤਰ ਵਿੱਚ ਕੀਤੀ ਗਈ। ਮੀਟਿੰਗ ਬਾਰੇ ਰਣਜੀਤ ਕੌਰ ਨੇ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਤੇਗ ਬਹਾਦਰ ਨਾਲ ਸਬੰਧਤ ਸ਼ਤਾਬਦੀ ਸ਼ਰਧਾ ਨਾਲ ਮਨਾਈ ਜਾਵੇਗੀ। ਇਸਕਵਿਤਾਵਾਂ ਦਾ ਪਾਠ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦਿੱਲੀ ਦੇ ਸਿੱਖਾਂ ਵਿੱਚ ਸੰਗਤ ਵੱਲੋਂ ਕਮੇਟੀ ਦੇ ਆਗੂਆਂ ਵੱਲੋਂ ਆਪਣੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਤੇਗ ਬਹਾਦਰ ਨਾਲ ਸਬੰਧਤ ਸ਼ਤਾਬਦੀ ਨੂੰ ਸਮਰਪਿਤ ਕੌਮੀ ਰਾਜਧਾਨੀ ਦੀਆਂ ਬੀਬੀਆਂ ਦਾ ਵਿਸ਼ੇਸ਼ ਸਮਾਗਮ ਦਿੱਲੀ ਕਮੇਟੀ ਦੇ ਲੱਖੀ ਸ਼ਾਹਘਰਾਂ ਵਿੱਚ ਸਹਿਜ ਪਾਠ ਕਰਵਾਏ ਗਏ ਸਨ ਕਰਨ ਬਾਰੇ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

# ਪੈਕਸ ਬੈਡਮਿੰਟਨ ਅਕੈਡਮੀ ਵਲੋਂ ਰਾਜ ਕੁਮਾਰ ਦਾ ਵਿਸ਼ੇਸ਼ ਸਨਮਾਨ




**ਸਨੌਰ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਏਸ਼ੀਅਨ ਚੈਂਪੀਅਨਸ਼ਿਪ 2025 ਚ ਰਾਜ ਕੁਮਾਰ ਵਲੋਂ ਬ੍ਰੋਨਜ਼ ਮੈਡਲ ਜਿੱਤਣ ਦੀ ਖੁਸ਼ੀ ਵਿੱਚ ਸਨੌਰ ਵਿਖੇ ਪੈਕਸ ਬੈਡਮਿੰਟਨ ਅਕੈਡਮੀ ਦੇ ਕੋਚ ਸਾਜਨ ਟਾਂਕ ਵੱਲੋਂ ਰਾਜ ਕੁਮਾਰ ਨੂੰ ਫੁੱਲਾਂ ਦਾ ਗੁਲਦਸਤਾ ਦੇ ਮੂੰਹ ਮਿੱਠਾ ਕਰਵਾ ਕੇ ਸਨਮਾਨਿਤ ਕੀਤਾ ਗਿਆ ।

ਇਸ ਸਮੇਂ ਵਿਸ਼ੇਸ਼ ਤੌਰ ਤੇ ਮਨੀ ਹਾਂਡਾ ,ਸਹਿਜ ਲੁਭਾਣਾ ਭੁਪਿੰਦਰ ਸਿੰਘ ਆਦਿ ਵਿਸ਼ੇਸ਼ ਤੌਰ ਤੇ ਸ਼ਾਮਿਲ ਸਨ

# ਬੇਰੋਜ਼ਗਾਰ ਨੌਜਵਾਨਾਂ ਲਈ 2 ਹਫਤੇ ਦਾ ਡੇਅਰੀ ਸਿਖਲਾਈ ਕੋਰਸ 7 ਜੁਲਾਈ ਤੋਂ

**ਰੂਪਨਗਰ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਪੰਜਾਬ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਦੀ ਯੋਗ ਅਗਵਾਈ ਹੇਠ ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਬੇਰੋਜ਼ਗਾਰ ਨੌਜਵਾਨ ਲੜਕੇ/ਲੜਕੀਆਂ ਨੂੰ 2 ਹਫਤੇ ਦੀ ਡੇਅਰੀ ਸਿਖਲਾਈ 7 ਜੁਲਾਈ 2025 ਤੋਂ ਡੇਅਰੀ ਸਿਖਲਾਈ ਕੇਂਦਰ ਰੂਪਨਗਰ ਵਿਖੇ ਦਿੱਤੀ ਜਾਵੇਗੀ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਰੂਪਨਗਰ ਸ. ਹਰਵੰਤ ਸਿੰਘ ਵੱਲੋਂ ਦੱਸਿਆ ਗਿਆ ਕਿ ਇਸ ਸਿਖਲਾਈ ਦਾ ਮੁੱਖ ਮੰਤਵ ਪੇਂਡੂ ਬੇਰੋਜ਼ਗਾਰ ਨੌਜਵਾਨਾ/ਔਰਤਾਂ ਨੂੰ ਡੇਅਰੀ ਦਾ ਕਿੱਤਾ ਅਪਨਾਉਣ ਲਈ ਪ੍ਰੋਤਸਾਹਿਤ ਕਰਨਾ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਰੂਪਨਗਰ ਨਾਲ ਸਬੰਧਤ ਪੇਂਡੂ ਬੇਰੋਜ਼ਗਾਰ ਨੌਜਵਾਨ ਲੜਕੇ/ਲੜਕੀਆਂ, ਜੋ ਡੇਅਰੀ ਦਾ ਕਿੱਤਾ ਸ਼ੁਰੂ ਕਰਨਾ ਚਾਹੁੰਦੇ ਹਨ, ਦੇ ਲਈ ਸਿਖਲਾਈ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਰੂਪਨਗਰ ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ ਕਮਰਾ ਨੰਬਰ 206 ਵਿਖੇ 4 ਜੁਲਾਈ ਤੱਕ ਅਰਜ਼ੀਆਂ ਦੇ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਇਸ ਸਿਖਲਾਈ ਲਈ ਉਮੀਦਵਾਰ ਦੀ ਉਮਰ 18 ਤੋਂ 55 ਸਾਲ ਦੀ ਹੋਣੀ ਚਾਹੀਦੀ ਹੈ, ਉਹ ਘੱਟੋ-ਘੱਟ ਪੰਜਵੀ ਪਾਸ ਹੋਵੇ ਅਤੇ ਸਿਖਿਆਰਥੀ ਪੇਂਡੂ ਇਲਾਕੇ ਨਾਲ ਸਬੰਧਤ ਹੋਵੇ, ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ।

# ਬਾਰ ਐਸੋਸੀਏਸ਼ਨ ਰੋਪੜ ਨੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਰਮੇਸ਼ ਕੁਮਾਰੀ ਨੂੰ ਉਨ੍ਹਾਂ ਦੀ ਸੇਵਾਮੁਕਤੀ 'ਤੇ ਸਨਮਾਨਿਤ ਕੀਤਾ



**ਰੂਪਨਗਰ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਬਾਰ ਐਸੋਸੀਏਸ਼ਨ ਰੋਪੜ ਨੇ ਅੱਜ ਜ਼ਿਲ੍ਹਾ ਅਤੇ ਸੈਸ਼ਨ ਜੱਜ ਸ਼੍ਰੀਮਤੀ ਰਮੇਸ਼ ਕੁਮਾਰੀ ਨੂੰ ਉਨ੍ਹਾਂ ਦੀ ਸੇਵਾਮੁਕਤੀ 'ਤੇ ਵਿਦਾਇਗੀ ਦੇਣ ਅਤੇ ਦਿਲੋਂ ਸ਼ੁਭਕਾਮਨਾਵਾਂ ਦੇਣ ਲਈ ਇੱਕ ਵਿਸ਼ੇਸ਼ ਸਮਾਰੋਹ ਦਾ ਆਯੋਜਨ ਕੀਤਾ।

ਇਸ ਸਮਾਗਮ ਦੌਰਾਨ ਬਾਰ ਦੇ ਮੈਂਬਰਾਂ ਨੇ ਜੱਜ ਸ਼੍ਰੀਮਤੀ ਰਮੇਸ਼ ਕੁਮਾਰੀ ਦੀ ਨਿਆਂ ਦੇ ਖੇਤਰ ਵਿੱਚ ਉਨ੍ਹਾਂ ਦੀ ਇਮਾਨਦਾਰੀ, ਸਮਰਪਣ ਅਤੇ ਸ਼ਾਨਦਾਰ ਸੇਵਾ ਲਈ ਪ੍ਰਸ਼ੰਸਾ ਕੀਤੀ।

ਇਸ ਮੌਕੇ 'ਤੇ ਬੋਲਦਿਆਂ ਜੱਜ ਸ਼੍ਰੀਮਤੀ ਰਮੇਸ਼ ਕੁਮਾਰੀ ਨੇ ਆਪਣੇ ਕਾਰਜਕਾਲ ਦੌਰਾਨ ਕਾਨੂੰਨੀ ਭਾਈਚਾਰੇ ਵੱਲੋਂ ਦਿੱਤੇ ਗਏ ਸਹਿਯੋਗ ਲਈ ਧੰਨਵਾਦ ਪ੍ਰਗਟ ਕੀਤਾ।

ਨਿਆਂਇਕ ਪ੍ਰਕਿਰਿਆ ਦੀ ਕੁਸ਼ਲਤਾ, ਬੈਂਚ ਅਤੇ ਬਾਰ ਵਿਚਕਾਰ ਸਹਿਯੋਗ 'ਤੇ ਬਹੁਤ ਨਿਰਭਰ ਕਰਦੀ ਹੈ, ਇਸ ਗੱਲ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਵਕੀਲਾਂ ਨੂੰ ਅਦਾਲਤੀ ਪ੍ਰਕਿਰਿਆਵਾਂ ਨੂੰ ਸਮੇਂ ਸਿਰ ਪੂਰਾ ਕਰਨ ਨੂੰ ਯਕੀਨੀ ਬਣਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ÷ਵਕੀਲ ਕਾਨੂੰਨ ਦੇ ਰਾਜ ਨੂੰ ਕਾਇਮ ਰੱਖਣ ਅਤੇ ਸਮਾਜ ਵਿੱਚ ਸ਼ਾਂਤੀ ਅਤੇ ਵਿਵਸਥਾ ਬਣਾਈ ਰੱਖਣ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ,÷ ਉਨ੍ਹਾਂ ਦੀਆਂ ਇਨ੍ਹਾਂ ਟਿੱਪਣੀਆਂ ਨੂੰ ਕਾਨੂੰਨੀ ਭਾਈਚਾਰੇ ਦੇ ਮੈਂਬਰਾਂ ਨੇ ਸਤਿਕਾਰ ਅਤੇ ਪ੍ਰਸ਼ੰਸਾ ਨਾਲ ਪ੍ਰਾਪਤ ਕੀਤਾ।

ਬਾਰ ਐਸੋਸੀਏਸ਼ਨ ਨੇ ਜੱਜ ਦੀ ਸੇਵਾਮੁਕਤੀ 'ਤੇ ਇੱਕ ਯਾਦਗਾਰੀ ਚਿੰਨ੍ਹ ਭੇਟ ਕੀਤਾ ਅਤੇ ਜ਼ਿਲ੍ਹਾ ਨਿਆਂਪਾਲਿਕਾ ਵਿੱਚ ਉਨ੍ਹਾਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ।

ਮੀਡੀਏਸ਼ਨ ਫੌਰ ਨੇਸ਼ਨ ਮੁਹਿੰਮ ਦਾ ਜ਼ਿਕਰ ਕਰਦੇ ਹੋਏ, ਉਨ੍ਹਾਂ ਕਿਹਾ ਕਿ ਵਕੀਲਾਂ ਨੂੰ ਆਮ ਲੋਕਾਂ ਨੂੰ ਇਸਦਾ ਲਾਭ ਲੈਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਮੀਡੀਏਸ਼ਨ ਤੇ ਕੰਸੀਲੀਏਸ਼ਨ ਪ੍ਰੋਜੈਕਟ ਕਮੇਟੀ ਦੇ ਤਾਲਮੇਲ ਨਾਲ 1 ਜੁਲਾਈ ਤੋਂ 30 ਸਤੰਬਰ, 2025 ਤੱਕ ਇੱਕ ਵਿਸ਼ੇਸ਼ ਮੁਹਿੰਮ - ÷ਮੀਡੀਏਸ਼ਨ ਫੌਰ ਨੇਸ਼ਨ÷ ਸ਼ੁਰੂ ਕੀਤੀ ਹੈ। ਇਸ 90 ਦਿਨਾਂ ਦੀ ਮੁਹਿੰਮ ਦੇ ਤਹਿਤ, ਤਾਲੁਕਾ ਅਦਾਲਤਾਂ, ਜ਼ਿਲ੍ਹਾ ਅਦਾਲਤਾਂ ਵਿੱਚ ਲੰਬਿਤ ਮਾਮਲਿਆਂ ਦਾ ਨਿਪਟਾਰਾ ਵਿਚੋਲਗੀ ਰਾਹੀਂ ਕੀਤਾ ਜਾਣਾ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ, ਐਸਐਸਪੀ ਗੁਲਨੀਤ ਸਿੰਘ ਖੁਰਾਣਾ, ਪੁਸ਼ਪਿੰਦਰ ਸਿੰਘ-ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ, ਸ਼ਾਮ ਲਾਲ-ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ, ਮੋਹਿਤ ਬਾਂਸਲ-ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ, ਡਾ. ਮੋਨਿਕਾ ਗੋਇਲ-ਪ੍ਰਿੰਸੀਪਲ ਜੱਜ, ਫੈਮਿਲੀ ਕੋਰਟ, ਸ਼੍ਰੀਮਤੀ ਜੋਸ਼ਿਕਾ ਸੂਦ-ਜੁਡੀਸ਼ੀਅਲ ਮੈਜਿਸਟ ?ਰੇਟ-ਪਹਿਲੀ ਸ਼੍ਰੇਣੀ, ਕਾਮਿਨੀ-ਜੁਡੀਸ਼ੀਅਲ ਮੈਜਿਸਟ ?ਰੇਟ-ਪਹਿਲੀ ਸ਼੍ਰੇਣੀ, ਅਨੰਨਿਆ ਰਿਸ਼ੀ-ਜੁਡੀਸ਼ੀਅਲ ਮੈਜਿਸਟ ?ਰੇਟ-ਪਹਿਲੀ ਸ਼੍ਰੇਣੀ, ਮਨੀਸ਼ਾ-ਜੁਡੀਸ਼ੀਅਲ ਮੈਜਿਸਟ ?ਰੇਟ-ਪਹਿਲੀ ਸ਼੍ਰੇਣੀ, ਸੁਖਵਿੰਦਰ ਸਿੰਘ-ਚੀਫ਼ ਜੁਡੀਸ਼ੀਅਲ ਮੈਜਿਸਟ ?ਰੇਟ, ਵਕੀਲ ਤਾਰਾ ਸਿੰਘ ਚਾਹਲ, ਏ ਐਲ ਵਰਮਾ, ਐਚ ਐਸ ਪਾਲ, ਜੇਪੀਐਸ ਢੇਰ, ਡੀ ਐਸ ਦਿਓਲ, ਚਰਨਜੀਤ ਸਿੰਘ ਘਈ, ਗਗਨਪ੍ਰੀਤ ਸਿੰਘ, ਮਨੋਜ ਸੈਣੀ, ਗੁਰਪ੍ਰੀਤ ਸਿੰਘ ਸੈਣੀ, ਸ਼ਿਵਦੀਪ ਕੌਰ ਭਿਓਰਾ, ਵਿਸ਼ਾਲ ਵਰਮਾ, ਸੂਰਜਪਾਲ ਸਿੰਘ, ਜਸਪ੍ਰੀਤ ਸਿੰਘ ਗਿੱਲ, ਅਮਰਵਿੰਦਰ ਸਿੰਘ ਭਿਓਰਾ, ਸ਼ੇਖਰ ਸ਼ੁਕਲਾ, ਹਰਪ੍ਰੀਤ ਸਿੰਘ ਕੰਗ ਸ਼ਾਮਲ ਸਨ। ਪ੍ਰਧਾਨ, ਯਸ਼ਪਾਲ ਗੰਗੜ ਕਾਹਮਾ ਸਕੱਤਰ ਬਾਰ, ਸਚਿਨ ਭਨੋਟ ਮੀਤ ਪ੍ਰਧਾਨ, ਸ਼ਾਹਬਾਜ਼ ਖਾਨ ਸੰਯੁਕਤ ਸਕੱਤਰ, ਤਰੁਣ ਧੀਮਾਨ ਕੈਸ਼ੀਅਰ ਹਾਜ਼ਰ ਸਨ।

# ਪੁਸਤਕ 'ਆਦਿ ਧਰਮ ਦੇ ਬਾਨੀ, ਗਦਰੀ ਬਾਬਾ ਮੰਗੂ ਰਾਮ' ਰਿਲੀਜ਼




**ਨਵੀਂ ਦਿੱਲੀ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬੀ ਲੇਖਕ ਬਲਬੀਰ ਮਾਧੋਪੁਰੀ ਦੀ ਕਿਤਾਬ 'ਆਦਿ ਧਰਮ ਦੇ ਬਾਨੀ, ਗਦਰੀ ਬਾਬਾ ਮੰਗੂ ਰਾਮ' ਭਾਰਤੀ ਸਾਹਿਤ ਅਕੈਡਮੀ ਵਿੱਚ ਰਿਲੀਜ਼ ਕੀਤੀ ਗਈ। ਡਾ. ਰਵੇਲ ਸਿੰਘ . ਡਾ. ਵਨੀਤਾ, ਕੇਸਰਾ ਰਾਮ, ਅਮਨਪ੍ਰੀਤ ਸਿੰਘ ਗਿੱਲ, ਹਿਨਾ ਨਾਂਦਰਾਯੋਗ, ਮਾਧੁਰੀ ਚਾਵਲਾ, ਸੁਸ਼ਮਿੰਦਰ ਕੌਰ, ਗੁਨਤੇਸ਼ ਤੁਲਸੀ, ਜਿਓਤੀ ਅਰੋੜਾ ਆਦਿ ਨੇ ਇਹ ਕਿਤਾਬ ਰਿਲੀਜ਼ ਕੀਤੀ। ਲੇਖਕ ਨੇ ਦੱਸਿਆ ਕਿ 1920ਵਿਆਂ ਦੌਰਾਨ ਮੰਗੂ ਰਾਮ ਵੱਲੋਂ ਦੱਬੇ-ਕੁੱਚਲੇ ਵਰਗਾਂ ਲਈ ਕੀਤੇ ਅੰਦੋਲਨ ਦੇ ਇਤਿਹਾਸਕ ਹਵਾਲੇ ਇਸ ਕਿਤਾਬ ਵਿੱਚ ਹਨ। ਮੰਗੂ ਰਾਮ ਵੱਲੋਂ ਬਰਤਾਨਵੀ ਹਕੂਮਤ ਵਿਰੁੱਧ ਬਗ਼ਾਵਤੀ ਸੁਰ ਪੈਦਾ ਕਰਨ ਬਾਰੇ ਇਤਿਹਾਸਕ ਪਰਿਪੇਖ ਵਿੱਚ ਜ਼ਿਕਰ ਕੀਤਾ ਗਿਆ ਹੈ। ਪ੍ਰੋ. ਰਵੇਲ ਸਿੰਘ ਨੇ ਕਿਹਾ ਸ੍ਰੀ ਮਾਧੋਪੁਰੀ ਸਿਰੜੀ, ਲਗਾਤਾਰ ਲਿਖਣ ਵਾਲਾ ਰਚਨਾਕਾਰ ਹੈ। ਮਾਧੁਰੀ ਚਾਵਲਾ ਅਤੇ ਡਾ. ਵਨੀਤਾ ਨੇ ਕਿਤਾਬ ਦੀ ਇਤਿਹਾਸਕ ਮਹੱਤਤਾ 'ਤੇ ਗੱਲ ਕੀਤੀ। ਲੇਖਕ ਵੱਲੋਂ ਪੰਜਾਬੀ ਸਾਹਿਤ ਵਿੱਚ 15 ਮੌਲਿਕ ਅਤੇ 45 ਅਨੁਵਾਦ ਕੀਤੀਆਂ ਕਿਤਾਬਾਂ ਸਾਹਿਤ ਦੀ ਝੋਲੀ ਵਿੱਚ ਪਾਈਆਂ ਗਈਆਂ ਹਨ।

# ਟਰੌਮਾ ਸੈਂਟਰ ਦੇ ਨੇੜੇ ਟਰਾਂਸਫਾਰਮਰ 'ਚ ਧਮਾਕੇ ਮਗਰੋਂ ਅੱਗ ਲੱਗੀ

**ਨਵੀਂ ਦਿੱਲੀ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਦੁਪਹਿਰੇ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼) ਦੇ ਟਰੌਮਾ ਸੈਂਟਰ ਦੇ ਨੇੜੇ ਸਥਿਤ ਟ ?ਰਾਂਸਫਾਰਮਰ ਵਿੱਚ ਧਮਾਕੇ ਤੋਂ ਬਾਅਦ ਅੱਗ ਲੱਗ ਗਈ।ਘਟਨਾ ਵਿੱਚ ਕੋਈ ਜ਼ਖਮੀ ਨਹੀਂ ਹੋਇਆ। ਫਾਇਰ ਵਿਭਾਗ ਦੇ ਮੁਖੀ ਅਤੁਲ ਗਰਗ ਨੇ ਕਿਹਾ ਕਿ ਦੁਪਹਿਰੋਂ ਬਾਅਦ 3:34 ਵਜੇ ਅੱਗ ਲੱਗਣ ਬਾਰੇ ਇੱਕ ਕਾਲ ਪ੍ਰਾਪਤ ਹੋਈ।

# ਮੋਗਾ ਸ਼ਹਿਰ ਦੇ ਮੇਨ ਬਜਾਰ ਵਿੱਚ ਸਵੇਰੇ 8 ਤੋਂ ਸ਼ਾਮ 8 ਵਜੇ ਤੱਕ ਭਾਰੀ ਵਾਹਨਾਂ ਦੀ ਐਂਟਰੀ ਤੇ ਪਾਬੰਦੀ



**ਮੋਗਾ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਜ਼ਿਲ੍ਹਾ ਮੈਜਿਸਟ ?ਰੇਟ-ਕਮ-ਡਿਪਟੀ ਕਮਿਸ਼ਨਰ ਮੋਗਾ ਸ਼ ?ਰੀ ਸਾਗਰ ਸੇਤੀਆ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਘਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮੋਗਾ ਸ਼ਹਿਰ ਦੇ ਮੇਨ ਬਜਾਰ ਵਿੱਚ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਭਾਰੀ ਵਾਹਨਾਂ ਦੀ ਐਂਟਰੀ ਕਰਨ ਤੇ ਪਾਬੰਦੀ ਲਗਾਈ ਗਈ ਹੈ। ਇਹ ਵਾਹਨ ਇਸ ਸਮੇਂ ਜੀ.ਟੀ. ਰੋਡ ਰਾਹੀਂ ਵਾਇਆ ਗਾਂਧੀ ਰੋਡ ਤੋਂ ਰੇਲਵੇ ਰੋਡ/ਪ੍ਰਤਾਪ ਰੋਡ, ਚੈਂਬਰ ਰੋਡ, ਸਟੇਡੀਅਮ ਰੋਡ ਦੇ ਸਾਹਮਣੇ ਗਲੀ ਨੰਬਰ 9 ਰਾਹੀਂ ਦੇਵ ਹੋਟਲ ਚੌਂਕ ਤੱਕ ਜਾਇਆ ਕਰਨਗੇ।ਜ਼ਿਲ੍ਹਾ ਮੈਜਿਸਟ ?ਰੇਟ ਸ਼ ?ਰੀ ਸਾਗਰ ਸੇਤੀਆ ਨੇ ਦੱਸਿਆ ਕਿ ਮੋਗਾ ਸ਼ਹਿਰ ਦੇ ਮੇਨ ਬਜਾਰ (ਲਾਈਟਾਂ ਵਾਲਾ ਚੌਂਕ ਤੋਂ ਦੇਵ ਹੋਟਲ) ਤੱਕ ਭਾਰੀ ਵਾਹਨਾਂ ਦੀ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਐਂਟਰੀ ਹੋਣ ਨਾਲ ਬਜਾਰ ਵਿੱਚ ਭੀੜ ਵਧ ਜਾਂਦੀ ਹੈ ਅਤੇ ਆਵਾਜਾਈ ਵਿੱਚ ਰੁਕਾਵਟ ਪੇਸ਼ ਆਉਂਦੀ ਹੈ।ਇਸ ਨਾਲ ਆਮ ਪਬਲਿਕ ਵਿੱਚ ਵਾਹਨ ਇੱਕ ਦੂਸਰੇ ਤੋਂ ਅੱਗੇ ਕੱਢਣ ਕਰਕੇ ਤਕਰਾਰ ਪੈਦਾ ਹੋਣ ਦੀ ਸੰਭਾਵਨਾ ਬਣ ਜਾਂਦੀ ਹੈ ਇਸ ਕਰਕੇ ਲੜਾਈ ਝਗੜਾ ਵੀ ਹੋ ਸਕਦਾ ਹੈ। ਉਕਤ ਨੂੰ ਮੁੱਖ ਰੱਖਦੇ ਹੋਏ ਇਹ ਪਾਬੰਦੀ ਆਦੇਸ਼ ਜਾਰੀ ਕੀਤੇ ਗਏ ਹ ਇਸ ਤੋਂ ਇਲਾਵਾ ਜ਼ਿਲ੍ਹਾ ਮੈਜਿਸਟ ?ਰੇਟ ਵੱਲੋਂ ਜ਼ਿਲ੍ਹਾ ਵਿੱਚ ਸਾਈਕਲ, ਰਿਕਸ਼ਾ, ਟਰੈਕਟਰ-ਟਰਾਲੀ, ਰੇਹੜੀ ਅਤੇ ਹੋਰ ਗੱਡੀ ਜਿਸ ਦੇ ਅੱਗੇ ਪਿੱਛੇ ਲਾਈਟਾਂ ਨਹੀਂ ਹਨ, ਲਾਲ ਰੰਗ ਦੇ ਰਿਫਲੈਕਟਰ ਜਾਂ ਕੋਈ ਆਈ ਗਲਾਸ ਜਾਂ ਚਮਕਦਾਰ ਟੇਪ ਫਿੱਟ ਕਰਵਾਏ ਬਿਨ੍ਹਾਂ ਚਲਾਉਣ ਤੇ ਪਾਬੰਦੀ ਲਗਾਈ ਗਈ ਹੈ। ਉਹਨਾਂ ਕਿਹਾ ਕਿ ਰਿਫਲੈਕਟਰ ਆਦਿ ਨਾ ਲੱਗਾ ਹੋਣ ਕਰਕੇ ਅੱਗੇ ਤੋਂ ਤੇਜ ਲਾਈਟਾਂ ਵਾਲਾ ਵਹੀਕਲ ਆਉਣ ਤੇ ਅਜਿਹੇ ਵਹੀਕਲਜ ਵਿਖਾਈ ਨਹੀਂ ਦਿੰਦੇ ਅਤੇ ਐਕਸੀਡੈਂਟਾਂ ਦਾ ਕਾਰਨ ਬਣਦੇ ਹਨ। ਇਸ ਨਾਲ ਜਿੱਥੇ ਮਾਲੀ ਤੇ ਜਾਨੀ ਨੁਕਸਾਨ ਹੁੰਦੇ ਹਨ ਉਥੇ ਕਈ ਵਾਰ ਆਮ ਜਨਤਾ ਵਿੱਚ ਅਸ਼ਾਂਤੀ ਦਾ ਖਤਰਾ ਪੈਦ ਹੋਣ ਦੀ ਵੀ ਸੰਭਾਵਨਾ ਬਣੀ ਰਹਿੰਦੀ ਹੈ ਉਕਤ ਹੁਕਮ 31 ਅਗਸਤ, 2025 ਤੱਕ ਲਾਗੂ ਰਹਿਣਗੇ ਅਤੇ ਇਹਨਾਂ ਹੁਕਮਾਂ ਦੀ ਉਲੰਘਣਾ ਕਰਨ ਤੇ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਪੰਜਾਬ ਸਰਕਾਰ ਵੱਲੋਂ ਹਲਕਾ ਚੱਬੇਵਾਲ 'ਚ 4 ਸੜਕਾਂ ਨੂੰ 10 ਤੋਂ 18 ਫੁੱਟ ਚੌੜਾ ਕਰਨ ਨੂੰ ਪ੍ਰਵਾਨਗੀ, ਆਵਾਜਾਈ ਹੋਵੇਗੀ ਹੋਰ ਸੁਖਾਲੀ: ਡਾ. ਰਾਜ ਕੁਮਾਰ

**ਹੁਸ਼ਿਆਰਪੁਰ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਹਲਕਾ ਚੱਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹਲਕਾ ਵਾਸੀਆਂ ਦੀ ਮੰਗ ਮੁਤਾਬਿਕ 4 ਸੜਕਾਂ ਨੂੰ 18 ਫੁੱਟ ਚੌੜਾ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ ਜੋ 9 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਬਨਣਗੀਆਂ ।

ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵਲੋਂ ਹਲਕਾ ਚੱਬੇਵਾਲ ਦੇ ਸੜਕੀ ਨੈਟਵਰਕ ਨੂੰ ਲਗਾਤਾਰ ਮਜ਼ਬੂਤ ਕੀਤਾ ਜਾ ਰਿਹਾ ਹੈ ਜਿਸ ਤਹਿਤ ਹੁਣ ਚਾਰ ਹੋਰ ਸੜਕਾਂ 18 ਫੁੱਟ ਚੌੜੀਆਂ ਹੋਣਗੀਆਂ ।ਉਨ੍ਹਾਂ ਦੱਸਿਆ ਕਿ ਜਲਦ ਹੀ ਇਨ੍ਹਾਂ ਸੜਕਾਂ ਦੇ ਨਿਰਮਾਣ ਕਾਰਜ ਸ਼ੁਰੂ ਕਰਵਾਏ ਜਾਣਗੇ ਜਿਸ ਉੱਪਰ 9 ਕਰੋੜ ਤੋਂ ਵੱਧ ਦੀ ਰਕਮ ਖਰਚ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸੜਕਾਂ ਵਿੱਚ ਬਿਹਾਲਾ-ਮਰੂਲਾ-ਸੈਦਪੁਰ ਤੋਂ ਭਾਮ ਤੱਕ ਦੀ 7.90 ਕਿਲੋਮੀਟਰ ਸੜਕ, ਮਾਹਿਲਪੁਰ-ਜੇਜੋ ਰੋਡ ਤੋਂ ਚੱਕ ਨਰਿਆਲ ਤੱਕ ਦੀ 1.38 ਕਿਲੋਮੀਟਰ ਲੰਬੀ ਸੜਕ, ਮਾਹਿਲਪੁਰ-ਜੇਜੋ ਰੋਡ ਤੋਂ ਲਲਵਾਨ ਤੱਕ ਦੀ 2.56 ਕਿਲੋਮੀਟਰ ਸੜਕ ਅਤੇ ਅੱਗੇ ਮਾਹਿਲਪੁਰ- ਫਗਵਾੜਾ ਰੋਡ ਤੋਂ ਖਰੌਦੀ ਤੱਕ ਜਾਣ ਵਾਲੀ 1.60 ਕਿਲੋਮੀਟਰ ਲੰਬੀ ਸੜਕ ਸ਼ਾਮਲ ਹੈ।

ਡਾ. ਚੱਬੇਵਾਲ ਅਤੇ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਇਨ੍ਹਾਂ ਸੜਕਾਂ ਨਾਲ ਜੁੜੇ ਹੋਏ ਪਿੰਡਾ ਦੇ ਵਸਨੀਕਾਂ ਵੱਲੋਂ ਲਗਾਤਾਰ ਸੜਕਾਂ ਦੇ ਦੁਬਾਰਾ ਨਿਰਮਾਣ ਅਤੇ ਵੱਧ ਰਹੇ ਟ ?ਰੈਫਿਕ ਕਾਰਨ ਇਨ੍ਹਾਂ ਨੂੰ ਚੌੜਾ ਕਰਨ ਦੀ ਮੰਗ ਕੀਤੀ ਜਾ ਰਹੀ ਸੀ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਇਨ੍ਹਾਂ ਮੰਗਾਂ ਨੂੰ ਧਿਆਨ ਵਿੱਚ ਰੱਖ ਕੇ ਸੜਕਾਂ ਦੇ ਨਵ-ਨਿਰਮਾਣ ਅਤੇ ਚੌੜਾ ਕਰਨ ਦੀ ਪ੍ਰੋਜੈਕਟ ਰਿਪੋਰਟ ਬਣਾ ਕੇ ਪੰਜਾਬ ਸਰਕਾਰ ਕੋਲ ਭੇਜੀ ਗਈ ਸੀ ਜਿਸ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪ੍ਰਵਾਨਗੀ ਦੇ ਦਿੱਤੀ ਗਈ ਹੈ। ਡਾ. ਚੱਬੇਵਾਲ ਨੇ ਕਿਹਾ ਕਿ ਇਨ੍ਹਾਂ ਸੜਕਾਂ ਦੇ ਨਵ-ਨਿਰਮਾਣ ਅਤੇ ਚੌੜਾਈ ਵੱਧ ਜਾਣ ਨਾਲ ਲੋਕਾਂ ਨੂੰ ਜਿੱਥੇ ਆਵਾਜਾਈ ਦੀ ਸਹੂਲਤ ਮਿਲੇਗੀ ਉੱਥੇ ਹੀ ਇੱਕ ਥਾਂ ਤੋਂ ਦੂਜੀ ਥਾਂ ਤੱਕ ਜਾਣ ਲਈ ਸਮੇਂ ਦੀ ਵੀ ਬੱਚਤ ਦੇ ਨਾਲ-ਨਾਲ ਆਵਾਜਾਈ ਸੁਖਾਲੀ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਹਲਕਾ ਚੱਬੇਵਾਲ ਸਮੇਤ ਲੋਕ ਸਭਾ ਹਲਕਾ ਹੁਸ਼ਿਆਰਪੁਰ ਵਿੱਚ ਪੈਂਦੇ ਸਾਰੇ ਵਿਧਾਨ ਸਭਾ ਹਲਕਿਆਂ ਅੰਦਰ ਪੰਜਾਬ ਸਰਕਾਰ ਵੱਲੋਂ ਤੇਜੀ ਨਾਲ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਇਨ੍ਹਾਂ ਕਾਰਜਾਂ ਦੌਰਾਨ ਗੁਣਵੱਤਾ ਵੱਲ ਖਾਸ ਧਿਆਨ ਦਿੱਤਾ ਜਾ ਰਿਹਾ ਹੈ।

ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਕਿਹਾ ਕਿ ਚੱਬੇਵਾਲ ਹਲਕੇ ਵਿੱਚ ਇੱਕ ਤੋਂ ਬਾਅਦ ਇੱਕ ਕਰਕੇ ਜਿੱਥੇ ਲਿੰਕ ਸੜਕਾਂ ਦਾ ਨਿਰਮਾਣ ਕਰਵਾਇਆ ਜਾ ਰਿਹਾ ਹੈ ਉੱਥੇ ਹੀ ਇਸ ਗੱਲ ਵੱਲ ਖਾਸ ਧਿਆਨ ਦਿੱਤਾ ਜਾ ਰਿਹਾ ਹੈ ਕਿ ਜਿੰਨੀਆਂ ਵੀ ਹੋ ਸਕਣ ਵੱਧ ਤੋਂ ਵੱਧ ਸੜਕਾਂ ਨੂੰ ਮੌਜੂਦਾ 10 ਫੁੱਟ ਤੋਂ 18 ਫੁੱਟ ਚੌੜਾ ਕੀਤਾ ਜਾ ਸਕੇ।

# ਅਮਰਨਾਥ ਯਾਤਰਾ ਲਈ ?ਬੱਸ ਨੂੰ ਰਵਾਨਾ ਕੀਤਾ

**ਯਮੁਨਾਨਗਰ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਕਾਂਗਰਸੀ ਆਗੂ ਅਤੇ ਸਾਬਕਾ ਪ੍ਰਧਾਨ ਰਮਨ ਤਿਆਗੀ ਨੇ ਅੱਜ ਰਾਮਪੁਰਾ ਕਲੋਨੀ ਤੋਂ ਅਮਰਨਾਥ ਯਾਤਰਾ ਲਈ ਦੋ ਬੱਸਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ । ਸ਼ਿਵ ਭਗਤਾਂ ਨਾਲ ਭਰੀਆਂ ਇਨ੍ਹਾਂ ਬੱਸਾਂ ਦੀ ਰਵਾਨਗੀ ਦੌਰਾਨ ਪੂਰੇ ਇਲਾਕੇ ਵਿੱਚ 'ਜੈ ਸ਼ਿਵ ਸ਼ੰਕਰ' ਅਤੇ 'ਹਰ ਹਰ ਮਹਾਦੇਵ' ਦੇ ਨਾਅਰੇ ਗੂੰਜੇ। ਯਾਤਰਾ ਸ਼ੁਰੂ ਹੋਣ ਤੋਂ ਪਹਿਲਾਂ ਵਿਸ਼ੇਸ਼ ਪੂਜਾ ਕੀਤੀ ਗਈ, ਜਿਸ ਵਿੱਚ ਰਮਨ ਤਿਆਗੀ ਨੇ ਖੁਦ ਹਿੱਸਾ ਲਿਆ ਅਤੇ ਸਾਰੇ ਸ਼ਰਧਾਲੂਆਂ ਨੂੰ ਸੁਹਾਵਣੀ ਅਤੇ ਸੁਰੱਖਿਅਤ ਯਾਤਰਾ ਦੀ ਕਾਮਨਾ ਕੀਤੀ। ਉਨ੍ਹਾਂ ਨੇ ਸ਼ਿਵ ਭਗਤਾਂ ਨੂੰ ਪ੍ਰਸ਼ਾਦ ਵੰਡਿਆ ਅਤੇ ਯਾਤਰਾ ਨੂੰ ਅਧਿਆਤਮਿਕ ਊਰਜਾ ਦਾ ਸਰੋਤ



ਦੱਸਿਆ। ਇਸ ਦੌਰਾਨ ਰਮਨ ਤਿਆਗੀ ਨੇ ਕਿਹਾ ਕਿ ਅਮਰਨਾਥ ਯਾਤਰਾ ਨਾ ਸਿਰਫ਼ ਧਾਰਮਿਕ ਆਸਥਾ ਦਾ ਮਾਮਲਾ ਹੈ, ਸਗੋਂ ਇਹ ਸਾਡੀ ਸੱਭਿਆਚਾਰਕ ਵਿਰਾਸਤ ਨਾਲ ਵੀ ਜੁੜੀ ਹੋਈ ਹੈ। ਸਥਾਨਕ ਨਾਗਰਿਕਾਂ ਨੇ ਕਾਂਗਰਸ ਆਗੂ ਦੇ ਇਸ ਯਤਨ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਨਾਲ ਹਰ ਸਾਲ ਅਮਰਨਾਥ ਯਾਤਰਾ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਂਦੇ ਹਨ।ਸੁਰੱਖਿਆ, ਮੈਡੀਕਲ ਅਤੇ ਭੋਜਨ ਵਰਗੇ ਪ੍ਰਬੰਧਾਂ ਨੂੰ ਧਿਆਨ ਵਿੱਚ ਰੱਖਦਿਆਂ ਬੱਸਾਂ ਵਿੱਚ ਯਾਤਰੀਆਂ ਦੀ ਸਹੂਲਤ ਦੇ ਮੱਦੇਨਜ਼ਰ ਬੱਸਾਂ ਵਿੱਚ ਵਿਸ਼ੇਸ਼ ਪ੍ਰਬੰਧ ਕੀਤੇ ਗਏ। ਬੱਸਾਂ ਦੇ ਰਵਾਨਾ ਹੁੰਦੇ ਹੀ ਮਾਹੌਲ ਸ਼ਿਵ ਭਗਤੀ ਦੇ ਰੰਗ ਵਿੱਚ ਰੰਗਿਆ ਗਿਆ ਅਤੇ ਇਲਾਕੇ ਵਿੱਚ ਧਾਰਮਿਕ ਸਦਭਾਵਨਾ ਅਤੇ ਸਮਾਜਿਕ ਸਹਿਯੋਗ ਦੀ ਇੱਕ ਸ਼ਾਨਦਾਰ ਮਿਸਾਲ ਬਣ ਗਿਆ। ਇਸ ਮੌਕੇ ਸੰਜੀਵ, ਮਨੀ, ਪੱਪੂ ਪ੍ਰਧਾਨ, ਕਾਸ਼ੀ ਨਾਥ, ਅਮਿਤ ਆਦਿ ਮੌਜੂਦ ਸਨ ।

# ਪਾਬੰਦੀਸ਼ੁਦਾ ਨਸ਼ੀਲੀਆਂ ਗੋਲੀਆਂ ਸਣੇ ਪਤੀ-ਪਤਨੀ ਗ੍ਰਿ.ਫਤਾਰ

**ਰਤੀਆ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਰਤੀਆ ਸ਼ਹਿਰ ਥਾਣਾ ਪੁਲੀਸ ਨੇ ਪਤੀ-ਪਤਨੀ ਨੂੰ ਦੋ ਤਰ੍ਹਾਂ ਦੀਆਂ 900 ਪਾਬੰਦੀਸ਼ੁਦਾ ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫ਼ਤਾਰ ਕੀਤਾ ਹੈ।ਫੜੀ ਗਈ ਔਰਤ ਅਤੇ ਮਰਦ ਦੀ ਪਛਾਣ ਵਾਰਡ 14 ਦੇ ਵਾਸੀ ਲਖਵਿੰਦਰ ਕੌਰ ਅਤੇ ਜਗੀਰ ਰਾਮ ਵਜੋਂ ਹੋਈ ਹੈ।

ਜਾਣਕਾਰੀ ਅਨੁਸਾਰ ਰਤੀਆ ਪੁਲੀਸ ਟੀਮ ਕਰਮ ਸਿੰਘ ਦੀ ਅਗਵਾਈ ਹੇਠ ਗਸ਼ਤ 'ਤੇ ਸੀ। ਇਸ ਦੌਰਾਨ ਸ਼ੱਕ ਦੇ ਆਧਾਰ 'ਤੇ ਜਦੋਂ ਸਬੰਧਤ ਜੋੜੇ ਦੀ ਤਲਾਸ਼ੀ ਲਈ ਗਈ ਤਾਂ ਉਨ੍ਹਾਂ ਕੋਲੋਂ 600 ਟੈਂਪਟੈਡੋਲ ਅਤੇ 300 ਪ੍ਰੀਗਾਬਾਲਿਨ ਗੋਲੀਆਂ ਬਰਾਮਦ ਹੋਈਆਂ। ਪੁਲੀਸ ਨੇ ਦੋਵਾਂ ਮੁਲਜ਼ਮਾਂ ਖ਼ਿਲਾਫ਼ ਨਾਰਕੋਟਿਕਸ ਐਕਟ ਤਹਿਤ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਟਰੈਫਿਕ ਪੁਲੀਸ ਨੇ ਮੋਟਰ ਵਾਹਨ ਐਕਟ ਦੀ ਧਾਰਾ 167(8) ਦੇ ਤਹਿਤ ਮੋਟਰਸਾਈਕਲ ਜ਼ਬਤ ਕਰ ਲਿਆ ਹੈ। ਟਰੈਫਿਕ ਇੰਚਾਰਜ ਸਬ ਇੰਸਪੈਕਟਰ ਜੈ ਸਿੰਘ ਨੇ ਦੱਸਿਆ ਕਿ ਟਰੈਫਿਕ ਪੁਲੀਸ ਨੂੰ ਰਤੀਆ ਵਿੱਚ ਇਕ ਮੋਟਰਸਾਈਕਲ ਸ਼ੱਕੀ ਲੱਗਿਆ ਕਿਉਂਕਿ ਇਸ ਵਿੱਚ ਵੈਧ ਦਸਤਾਵੇਜ਼ਾਂ ਦੀ ਘਾਟ, ਤਿੰਨ ਸਵਾਰੀਆਂ (ਟ੍ਰਿਪਲ ਰਾਈਡਿੰਗ) ਅਤੇ ਲੰਬੇ ਸਮੇਂ ਤੋਂ ਪੈਡਿੰਗ ਚਲਾਨ ਸਨ।

ਟਰੈਫਿਕ ਪੁਲੀਸ ਟੀਮ ਨੇ ਮੌਕੇ 'ਤੇ ਵਾਹਨ ਨੂੰ ਰੋਕਿਆ ਅਤੇ ਨਿਯਮਾਂ ਅਨੁਸਾਰ ਲੋੜੀਂਦੀ ਕਾਰਵਾਈ ਕਰਨ ਤੋਂ ਬਾਅਦ ਮੋਟਰਸਾਈਕਲ ਜ਼ਬਤ ਕਰ ਲਿਆ।ਪੁਲੀਸ ਆਮ ਲੋਕਾਂ ਨੂੰ ਸੜਕ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨ, ਸਾਰੇ ਜਰੂਰੀ ਦਸਤਾਵੇਜ਼ ਆਪਣੇ ਕੋਲ ਰੱਖਣ । ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਭਵਿੱਖ ਵਿੱਚ ਵੀ ਸਖ਼ਤ ਕਾਰਵਾਈ ਜਾਰੀ ਰਹੇਗੀ।

# ਤ.ਗਮਾ ਜੇਤੂ ਖਿਡਾਰੀਆਂ ਦਾ ਡੀਈਓ ਅਤੇ ਕੋਚ ਵੱਲੋਂ ਸਨਮਾਨ

**ਸ਼ਾਹਬਾਦ ਮਾਰਕੰਡਾ, 7 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**
ਹਰਿਆਣਾ ਖੇਡ ਵਿਭਾਗ ਵੱਲੋਂ ਹਾਲ ਹੀ ਵਿੱਚ ਤਾਊ ਦੇਵੀ ਲਾਲ ਸਟੇਡੀਅਮ ਵਿੱਚ ਹਰਿਆਣਾ ਰਾਜ ਸੀਨੀਅਰ ਮਹਿਲਾ ਤੇ ਪੁਰਸ਼ ਮੁੱਕੇਬਾਜ਼ੀ ਚੈਂਪੀਅਨਸ਼ਿਪ ਕਰਵਾਈ ਗਈ। ਇਸ ਸੂਬਾ ਪੱਧਰੀ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿੱਚ ਕੁਰੂਕਸ਼ੇਤਰ ਦੇ ਚਾਰ ਖਿਡਾਰੀਆਂ ਨੇ ਵੱਖ-ਵੱਖ ਸ਼ ?ਰੇਣੀਆਂ ਵਿੱਚ ਚਾਰ ਤਗ਼ਮੇ ਜਿੱਤੇ। ਇਨਾਂ ਖਿਡਾਰੀਆਂ ਨੂੰ ਜ਼ਿਲ੍ਹਾ ਖੇਡ ਅਧਿਕਾਰੀ ਮਨੋਜ ਕੁਮਾਰ ਤੇ ਕੋਚ ਜਤਿੰਦਰ ਸਿੰਘ ਨੇ ਅੱਜ ਸਨਮਾਨਿਤ ਕੀਤਾ। ਜ਼ਿਲ੍ਹਾ ਖੇਡ ਅਧਿਕਾਰੀ ਮਨੋਜ ਕੁਮਾਰ ਨੇ ਖਿਡਾਰੀਆਂ ਦੇ ਨਾਲ ਨਾਲ ਕੋਚ ਜਤਿੰਦਰ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਕੁਰੂਕਸ਼ੇਤਰ ਦੇ ਖਿਡਾਰੀ ਹਰ ਖੇਡ ਵਿੱਚ ਜ਼ਿਲ੍ਹੇ ਦੇ ਨਾਲ-ਨਾਲ ਸੂਬੇ ਦਾ ਨਾਂ ਵੀ ਰੋਸ਼ਨ ਕਰ ਰਹੇ ਹਨ। ਹਾਲ ਹੀ ਵਿਚ ਹੋਏ ਖੇਡ ਮੁਕਾਬਲਿਆਂ ਵਿਚ ਕੁਰੂਕਸ਼ੇਤਰ ਦੀਆਂ ਪ੍ਰਤਿਭਾਵਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਨ੍ਹਾਂ ਖਿਡਾਰੀਆਂ ਨੂੰ ਸਰਕਾਰ ਵੱਲੋਂ ਉੱਚ



ਪੱਧਰੀ ਸਹੂਲਤਾਂ ਤੇ ਚੰਗੀ ਸਿਖਲਾਈ ਦਿੱਤੀ ਜਾ ਰਹੀ ਹੈ। ਇਸ ਕਾਰਨ ਖਿਡਾਰੀ ਖੇਡਾਂ ਦੇ ਖੇਤਰ ਵਿਚ ਸ਼ਲਾਘਾਯੋਗ ਪ੍ਰਦਰਸ਼ਨ ਕਰ ਰਹੇ ਹਨ। ਮੁੱਕੇਬਾਜ਼ੀ ਕੋਚ ਜਤਿੰਦਰ ਸਿੰਘ ਨੇ ਦੱਸਿਆ ਕਿ ਪੰਚਕੂਲਾ ਦੇ ਤਾਊ ਦੇਵੀ ਲਾਲ ਸਟੇਡੀਅਮ ਵਿੱਚ ਹੋਈ ਹਰਿਆਣਾ ਸੀਨੀਅਰ ਸਟੇਟ ਮਹਿਲਾ ਤੇ ਪੁਰਸ਼ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿੱਚ ਨਿਤਿਕਾ ਨੇ 59 ਕਿਲੋਗਰਾਮ ਭਾਰ ਵਰਗ ਵਿੱਚ ਕਾਂਸੀ, ਵੰਸ਼ ਨੇ 70 ਕਿਲੋਗਰਾਮ ਭਾਰ ਵਰਗ ਵਿੱਚ ਕਾਂਸੀ, ਦਿਲਾਵਰ ਨੇ 90 ਕਿਲੋਗਰਾਮ ਵਿਚ ਕਾਂਸੀ ਦਾ ਤਗਮਾ ਜਿੱਤਿਆ। ਉਨ੍ਹਾਂ ਕਿਹਾ ਕਿ ਹੋਰਨਾਂ ਨੌਜਵਾਨਾਂ ਨੂੰ ਇਨ੍ਹਾਂ ਖਿਡਾਰੀਆਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।

ਕਹਾਣੀ

# ਆਪਣੀ ਮਾਂ



ਵਰਿਆਮ ਸਿੰਘ ਸੰਧੂ

ਫੋਨ ਦੀ ਘੰਟੀ ਖੜਕੀ। ਮੈਂ ਰੀਸੀਵਰ ਚੁੱਕਿਆ।

'ਮਾੜੀ ਖਬਰ ਹੈ। ਆਪਣੀ ਮਾਤਾ ਗੁਜ਼ਰ ਗਈ।'

ਮੇਰਾ ਤ੍ਰਾਹ ਨਿਕਲ ਗਿਆ। ਅਜੇ ਹੁਣੇ ਹੀ ਮੈਂ ਅਤੇ ਮੇਰਾ ਬੇਟਾ ਪਿੰਡੋਂ ਹੋ ਕੇ, ਮਾਂ ਨੂੰ ਮਿਲ ਕੇ ਘਰ ਪੁੱਜੇ ਸਾਂ। ਸਵੇਰੇ ਜਦੋਂ ਪਿੰਡ ਪੁੱਜੇ ਸਾਂ ਤਾਂ 'ਖੇਤਾਂ ਵਾਲੇ ਘਰ' ਵਿੱਚ ਮਾਤਾ ਹਾਜ਼ਰ ਨਹੀਂ ਸੀ। ਮੇਰਾ ਛੋਟਾ ਭਰਾ ਵੀ ਨਹੀਂ ਸੀ ਓਥੇ। ਉਹਨਾਂ ਨੂੰ ਮਿਲਣ ਹੀ ਤਾਂ ਆਏ ਸਾਂ ਜਲੰਧਰੋਂ। ਪੁੱਛਿਆ ਤਾਂ ਭਰਾ ਦੀ ਪਤਨੀ ਨੇ ਦੱਸਿਆ:

'ਬੀਬੀ ਨੂੰ ਕੱਲ੍ਹ ਦਿਲ ਦਾ ਦੌਰਾ ਪਿਆ ਸੀ। ਪਈ ਪਈ ਤੜਫਣ ਤੇ ਬੁੜ੍ਹਕਣ ਲੱਗ ਪਈ। ਇਹ ਤਾਂ ਘਰ ਨਹੀਂ ਸਨ ਭੱਜ ਕੇ ਦੇਬ ਡਾਕਟਰ ਨੂੰ ਲੈ ਕੇ ਆਇਆ। ਫ਼ਿਰ ਇਹ ਵੀ ਆ ਗਏ। ਅੱਜ ਵੀ ਪਿੰਡ ਛੀਨੇ ਡਾਕਟਰ ਕੋਲ ਦਾਖ਼ਲ ਐ। ਗੁਲੂਕੋਜ਼ ਲੱਗਿਆ ਹੋਇਐ---ਇਲਾਜ ਚੱਲਦਾ ਪਿਐ----'

ਅਸੀਂ ਪਿਓ-ਪੁੱਤਰ ਡਾ: ਛੀਨੇ ਦੇ ਕਲਿਨਿਕ ਤੇ ਪਹੁੰਚੇ। ਮਾਤਾ ਨੂੰ ਗੁਲੂਕੋਜ਼ ਲੱਗਿਆ ਹੋਇਆ ਸੀ। ਮੇਰਾ ਛੋਟਾ ਭਰਾ ਸੁਰਿੰਦਰ ਲਾਗਲੇ ਮੰਜੇ 'ਤੇ ਲੇਟਿਆ ਹੋਇਆ ਸੀ। ਮਾਂ ਦੇ ਕੁਮਲਾਏ ਤੇ ਮੁਰਝਾਏ ਚਿਹਰੇ ਨੂੰ ਵੇਖਦਿਆਂ ਚਿੰਤਾਤੁਰ ਹੋ ਕੇ ਡਾਕਟਰ ਨੂੰ ਪੁੱਛਿਆ। ਉਸ ਨੇ ਦੱਸਿਆ।

'ਬਚਾਅ ਹੋ ਗਿਆ। ਉਸੇ ਵੇਲੇ ਲੈ ਆਏ। ਅੱਗੋਂ ਬੜਾ ਧਿਆਨ ਰੱਖਣ ਦੀ ਲੋੜ ਐ--- ਇੱਕ ਤਾਂ ਬੀਬੀ ਨੂੰ ਕਹਿ ਦਿਓ ਬਹੁਤਾ ਤੁਰਨਾ ਫਿਰਨਾ ਬੰਦ ਕਰ ਦੇਵੇ।---ਦਵਾਈ ਲਗਾਤਾਰ ਖਾਣੀ ਪਊ---। ਆਹ ਗੁਲੂਕੋਜ਼ ਦੀ ਬੋਤਲ ਥੋੜ੍ਹੀ ਜਿਹੀ ਬਾਕੀ ਹੈ। ਮੁੱਕਦੀ ਹੈ ਤਾਂ ਦਵਾਈ ਦੇ ਦਿੰਦੇ ਆਂ---ਸਾਡੇ ਵੱਲੋਂ ਘਰ ਲਿਜਾਣ ਦੀ ਛੁੱਟੀ ਹੈ। ਚਿੰਤਾ ਵਾਲੀ ਹੁਣ ਕੋਈ ਗੱਲ ਨਹੀਂ---।'

ਸਾਡਾ ਸਾਹ ਸੌਖਾ ਹੋ ਗਿਆ। ਡਾਕਟਰ ਵੱਲੋਂ ਸੇਵਾ-ਭਾਵ ਨਾਲ ਮੰਗਵਾਏ ਠੰਢੇ ਪੀਣ ਲੱਗ ਪਏ। ਡਾਕਟਰ ਨੇ ਗੁਲੂਕੋਜ਼ ਲਾਹ ਕੇ ਮਾਤਾ ਨੂੰ ਹਿੰਮਤ ਕਰਕੇ ਬੈਠਣ ਅਤੇ ਠੰਢਾ ਪੀਣ ਲਈ ਆਖਿਆ। ਦੋ ਢਾਈ ਘੰਟੇ ਓਥੇ ਬੈਠਣ ਤੋਂ ਬਾਅਦ ਮੇਰਾ ਬੇਟਾ ਮਾਤਾ ਨੂੰ ਬਹਿਕ 'ਤੇ ਛੱਡ ਆਇਆ।

ਪਿੰਡੋਂ ਅਜੇ ਜਲੰਧਰ ਪੁੱਜੇ ਹੀ ਸਾਂ ਕਿ ਉੱਪਰਲਾ ਫੋਨ ਆ ਗਿਆ।

ਮੈਂ ਘਬਰਾਹਟ ਵਿੱਚ ਪੁੱਛਿਆ, 'ਕਦੋਂ ਗੁਜ਼ਰੀ ਮਾਤਾ?' ਅੱਗੋਂ ਮੇਰੇ ਦੋਸਤ-ਰਿਸ਼ਤੇਦਾਰ ਅਮਰ ਸਿੰਘ ਦੀ ਆਵਾਜ਼ ਸੀ। ਉਹ ਮੇਰੇ ਪਿੰਡ ਨੇੜਲੇ ਭਿੱਖੀਵਿੰਡ ਚੌਕ ਵਿੱਚੋਂ ਬੋਲ ਰਿਹਾ ਸੀ।

'ਬੱਸ ਆਹ ਹੁਣੇ ਹੀ---'

ਮੈਂ ਸੁੰਨ ਹੋ ਗਿਆ। ਨਿਸਚੈ ਹੀ ਘਰ ਜਾਂਦਿਆਂ ਹੀ ਮਾਤਾ ਨੂੰ ਫਿਰ ਦੌਰਾ ਪਿਆ ਹੋਵੇਗਾ ਤੇ ਕਿਸੇ ਵਧੇਰੇ ਚੰਗੇ ਇਲਾਜ ਲਈ ਉਸ ਨੂੰ ਭਿੱਖੀਵਿੰਡ ਲਿਜਾਇਆ ਗਿਆ ਹੋਵੇਗਾ ( ਕਿਉਂਕਿ ਸਾਡੇ ਖੇਤਾਂ ਤੋਂ ਭਿੱਖੀਵਿੰਡ ਅਤੇ ਮੇਰੇ ਪਿੰਡ ਸੁਰ ਸਿੰਘ ਦਾ ਇੱਕੋ ਜਿੰਨਾ ਫ਼ਾਸਲਾ ਹੈ।) ਓਥੇ ਹੀ ਭਾਣਾ ਵਰਤਿਆ ਹੋਵੇਗਾ। ਅਮਰ ਸਿੰਘ ਆਪਣੇ ਪਿੰਡ ਮਾੜੀ ਮੇਘੇ ਤੋਂ ਭਿੱਖੀਵਿੰਡ ਕਿਸੇ ਕੰਮ ਧੰਦੇ ਗਿਆ ਹੋਵੇਗਾ ਤੇ ਉਹਨੂੰ ਇਸ ਘਟਨਾ ਦਾ ਪਤਾ ਚੱਲਿਆ ਹੋਊ ਤੇ ਉਸ ਨੇ ਫ਼ੋਨ ਕਰ ਦਿੱਤਾ। ਇੱਕਦਮ ਇਹ ਖ਼ਿਆਲ ਮੇਰੇ ਮਨ ਵਿੱਚੋਂ ਤੇਜ਼ੀ ਨਾਲ ਗੁਜ਼ਰ ਗਏ। ਮੈਂ ਬੈਡਰੂਮ ਵੱਲੋਂ ਲਾਬੀ ਵੱਲ ਪਰਤਿਆ ਜਿੱਥੇ ਮੇਰੀ ਪਤਨੀ ਅਤੇ ਬੱਚੇ ਟੀ:ਵੀ: ਦੇਖ ਰਹੇ ਸਨ। ਮੈਂ ਭਰੜਾਏ ਗਲੇ ਨਾਲ ਆਖਿਆ, 'ਬੀਬੀ ਮਰ ਗਈ ਆਪਣੀ---'

'ਹਾਏ! ਹਾਏ!! ਕੀ ਹੋਇਆ ਬੀਬੀ ਨੂੰ---' ਮੇਰੀ ਪਤਨੀ ਨੇ ਘਬਰਾ ਕੇ ਹੱਥਾਂ 'ਤੇ ਹੱਥ ਮਾਰੇ ਤੇ ਪੁੱਛਿਆ 'ਕੀਹਦਾ ਫੋਨ ਸੀ?'

'ਅਮਰ ਸਿੰਘ ਦਾ--'

'ਬੀਬੀ ਤਾਂ ਚੰਗੀ ਭਲੀ ਗਈ ਸੀ ਏਥੋਂ! ਕੀ ਹੋ ਗਿਆ ਇੱਕਦਮ---?' ,ਮੇਰੀ ਪਤਨੀ ਨੇ ਸਮਝਿਆ ਉਸ ਦੀ ਮਾਤਾ ਗੁਜ਼ਰ ਗਈ ਹੈ, ਜਿਹੜੀ ਸਾਡੇ ਕੋਲ ਹੀ ਰਹਿੰਦੀ ਸੀ, ਪਰ ਪਿਛਲੇ ਕੁਝ ਦਿਨਾਂ ਤੋਂ ਆਪਣੇ ਪਿੰਡ ਝਬਾਲ ਗਈ ਹੋਈ ਸੀ। ਮੈਂ ਉਸਦੇ ਭਾਵ ਸਮਝਦਿਆਂ ਦੱਸਿਆ-

'ਝਬਾਲ ਵਾਲੀ ਬੀਬੀ ਨਹੀਂ---ਸੁਰ ਸਿੰਘ ਵਾਲੀ ਬੀਬੀ ਦੀ ਖਬਰ ਹੈ----।'

ਅਸੀਂ ਸਾਰੇ ਖ਼ਾਮੋਸ਼ ਪਏ ਟੈਲੀਫ਼ੋਨ ਵੱਲ ਵੇਖ ਰਹੇ ਸਾਂ। ਮੇਰੀ ਪਤਨੀ ਨੇ ਆਖਿਆ, 'ਜੇ ਅਮਰ ਸਿੰਘ ਦਾ ਫੋਨ ਹੈ ਤਾਂ ਫਿਰ ਜ਼ਰੂਰ ਝਬਾਲ ਵਾਲੀ ਬੀਬੀ ਐ----।' ਉਹਦੀ ਗੱਲ ਸੱਚ ਵੀ ਹੋ ਸਕਦੀ ਸੀ ਕਿਉਂਕਿ ਅਮਰ ਸਿੰਘ ਦੇ ਲੜਕੇ ਨਾਲ ਮੇਰੀ ਪਤਨੀ ਦੀ ਭਣੇਵੀਂ ਵਿਆਹੀ ਹੋਈ ਹੈ, ਇੰਜ ਮੇਰੀ ਸੱਸ ਉਹਦੀ ਨੂੰਹ ਦੀ ਨਾਨੀ ਬਣਦੀ ਸੀ।। ਅਮਰ ਸਿੰਘ ਨੂੰ ਸੂਚਨਾ ਮਿਲੀ ਹੋਵੇਗੀ ਤਾਂ ਉਸਨੇ ਸਾਨੂੰ ਫ਼ੋਨ ਕਰ ਦਿੱਤਾ। ਸਾਂਝਾ ਰਿਸ਼ਤੇਦਾਰ ਜੂ ਹੋਇਆ!!

ਅਸੀਂ ਸਹੀ ਸੂਚਨਾ ਪ੍ਰਾਪਤ ਕਰਨ ਲਈ ਵੱਖ-ਵੱਖ ਰਿਸ਼ਤੇਦਾਰੀਆਂ ਦੇ ਫੋਨ ਕਰਨ ਲੱਗੇ ਪਰ ਸਾਰਿਆਂ ਥਾਵਾਂ ਤੋਂ 'ਲਾਈਨੇਂ ਵਿਅਸਥ ਹੈਂ' ਦਾ ਜੁਆਬ ਆ ਰਿਹਾ ਸੀ। ਨਾਲ-ਨਾਲ ਅਸੀਂ ਵਿਚਾਰ ਕਰ ਰਹੇ ਸਾਂ - ਜੇ ਝਬਾਲ ਵਾਲੀ ਬੀਬੀ ਨੂੰ ਕੁਝ ਹੋਇਆ ਹੁੰਦਾ ( ਮੇਰੀ ਸੱਸ ਨੂੰ ) ਤਾਂ ਝਬਾਲ ਵਾਲਿਆਂ ਆਪ ਹੀ ਫ਼ੋਨ ਕਰ ਦੇਣਾ ਸੀ, ਉਹਨਾਂ ਦੇ ਘਰ ਫੋਨ ਹੈ ਸੀ--- ਉਹਨਾਂ ਨੇ ਅਮਰ ਸਿੰਘ ਨੂੰ ਫ਼ੋਨ ਕਰਕੇ ਅੱਗੋਂ ਸਾਨੂੰ ਸੁਨੇਹਾ ਦੇਣ ਲਈ ਕਾਹਨੂੰ ਆਖਣਾ ਸੀ! ਇਹ ਜ਼ਰੂਰ ਸੁਰ ਸਿੰਘ ਵਾਲੀ ਮਾਤਾ ਹੀ ਸੀ।

ਪਰ ਮੇਰੀ ਪਤਨੀ ਦੇ ਮੰਨਣ ਵਿੱਚ ਇਹ ਗੱਲ ਨਹੀਂ ਸੀ ਆ ਰਹੀ। ਕਿੱਥੇ ਅਮਰ ਸਿੰਘ ਦਾ ਪਿੰਡ! ਕਿੱਥੇ ਆਪਣਾ ਪਿੰਡ! ਉਹਨੂੰ ਅਚਨਚੇਤ ਫੁਰਨਾ ਫੁਰਿਆ, 'ਕਿਤੇ ਅਮਰ ਸਿੰਘ ਦੀ ਮਾਤਾ ਤਾਂ ਨਹੀਂ ਗੁਜ਼ਰ ਗਈ!! ਕੀ ਆਖਿਆ ਸੀ ਉਹਨੇ?'

'ਉਸ ਆਖਿਆ ਸੀ ਕਿ ਆਪਣੀ ਮਾਤਾ ਗੁਜ਼ਰ ਗਈ ਹੈ---'

ਏਨੇ ਨੂੰ ਫੋਨ ਦੀ ਘੰਟੀ ਖੜਕੀ। ਮੈਂ ਲਪਕ ਕੇ ਪਿਆ। ਕੋਈ ਬੋਲ ਰਿਹਾ ਸੀ,

'ਜੀ ਹੁਣੇ ਤੁਹਾਨੂੰ ਅਮਰ ਸਿੰਘ ਹੁਰੀਂ ਫੋਨ ਕਰ ਰਹੇ ਸਨ ਕਿ ਫੋਨ ਕੱਟਿਆ ਗਿਆ। ਉਹ ਹੁਣ ਪਿੰਡ ਨੂੰ ਚਲੇ ਗਏ ਹਨ। ਤੁਹਾਨੂੰ ਉਹ ਆਖਦੇ ਸਨ ਕਿ ਬਟਾਲੇ ਵੀ ਖ਼ਬਰ ਕਰ ਦਿਓ।' ਬਟਾਲੇ ਮੇਰੀ ਪਤਨੀ ਦੀ ਭੈਣ ਰਹਿੰਦੀ ਸੀ ਜਿਸ ਦੀ ਲੜਕੀ ਅਮਰ ਸਿੰਘ ਦੇ ਘਰ ਹੈ।

ਮੈਂ ਪੁਸ਼ਟ ਕਰਨਾ ਚਾਹਿਆ, 'ਅਮਰ ਸਿੰਘ ਦੀ ਮਾਤਾ ਹੀ ਗੁਜ਼ਰੀ ਹੈ ਨਾ?'

'ਹਾਂ ਜੀ--- ਕੱਲ੍ਹ ਬਾਰਾਂ ਕੁ ਵਜੇ ਸਸਕਾਰ ਹੈ।' ਕਹਿ ਕੇ ਉਸ ਨੇ ਟੈਲੀਫੋਨ ਰੱਖ ਦਿੱਤਾ। ਸਾਡੇ ਸਾਰੇ ਜੀਆਂ ਦੇ ਸਿਰਾਂ ਤੋਂ ਮਣਾਂ-ਮੂੰਹੀਂ ਭਾਰ ਲੱਥਾ। ਮੈਂ ਸੌਖੇ ਹੁੰਦਿਆਂ ਕਿਹਾ, "ਅਮਰ ਸਿੰਘ ਨੇ ਤਾਂ ਜਾਨ ਹੀ ਕੱਢ ਛੱਡੀ ਸੀ---"

'ਅੰਕਲ ਅਮਰ ਸਿੰਘ 'ਜਾਨ ਕੱਢਣ' ਨੂੰ ਤਕੜੇ ਨੇ।' ਮੇਰੇ ਬੇਟੇ ਸੁਪਨਦੀਪ ਨੇ ਕਿਹਾ ਤੇ ਫਿਰ ਹੱਸਦਿਆਂ ਉਸ ਘਟਨਾ ਦਾ ਵੇਰਵਾ ਦੁਹਰਾ ਦਿੱਤਾ। ਅੱਤਵਾਦ ਦੇ ਸਿਖਰਲੇ ਦਿਨਾਂ ਵਿੱਚ ਜਦੋਂ ਸ਼ਾਮੀਂ ਛੇ ਕੁ ਵਜੇ ਲੋਕ ਜਿੰਦਰੇ ਲਾ ਕੇ ਘਰਾਂ ਵਿੱਚ ਵੜ ਜਾਂਦੇ ਸਨ ਉਹ ਦੋ ਕੁ ਜਣੇ ਰਾਤ ਨੌਂ ਦਸ ਵਜੇ, ਸਿਆਲਾਂ ਦੇ ਦਿਨੀਂ, ਸਾਡੇ ਘਰ ਦੀਆਂ ਕੰਧਾਂ ਟੱਪ ਕੇ 'ਦਗੜ ਦਗੜ' ਕਰਦੇ ਵਿਹੜੇ ਵਿੱਚ ਆ ਵੜੇ ਸਨ ਅਤੇ ਅਸੀਂ ਅੱਤਵਾਦੀ ਆ ਗਏ ਸਮਝ ਕੇ ਜਾਨਾਂ ਬਚਾਉਣ ਲਈ ਦੁਬਕ ਗਏ ਸਾਂ। ਪਤਾ ਲੱਗਣ 'ਤੇ ਅਸਾਂ ਪੁੱਛਿਆ ਤਾਂ ਅਮਰ ਸਿੰਘ ਨੇ ਕਿਹਾ ਸੀ, 'ਅੰਬਰਸਰ ਗਏ ਸਾਂ। ਬੱਸ ਤਾਂ ਆਉਂਦੀ ਕੋਈ ਨਹੀਂ ਸੀ---ਹਨੇਰਾ ਹੋ ਗਿਆ---ਬੱਸ! ਕੋਈ ਨਾ ਕੋਈ ਜੁਗਾੜ ਕਰਕੇ ਇੱਥੋਂ ਤੱਕ ਪਹੁੰਚੇ। ਦਰਵਾਜ਼ਾ ਇਸ ਕਰਕੇ ਨਹੀਂ



ਖੜਕਾਇਆ ਕਿ ਦਰਵਾਜ਼ਾ ਤਾਂ ਕੋਈ ਖੋਲ੍ਹਦਾ ਹੀ ਨਹੀਂ ਅੱਜ ਕੱਲ੍ਹ ਏਸ ਵੇਲੇ---ਇਸ ਲਈ ਕੰਧ ਟੱਪ ਕੇ ਆ ਗਏ।'

ਸੁਪਨਦੀਪ ਹੱਸੀ ਜਾ ਰਿਹਾ ਸੀ ਤੇ ਆਖੀ ਜਾ ਰਿਹਾ ਸੀ, 'ਮੇਰਾ ਤਾਂ ਅੰਕਲ ਅਮਰ ਸਿੰਘ ਵੱਲੋਂ ਉਦੋਂ ਦਾ ਡਰਾਇਆ ਦਿਲ ਅਜੇ ਤੱਕ ਕਾਬੂ ਵਿੱਚ ਨਹੀਂ ਆਇਆ---'

ਅਸੀਂ ਠਹਾਕਾ ਮਾਰ ਕੇ ਹੱਸੇ।

'ਮਾਂ ਤਾਂ ਮਰੀ ਹੀ ਹੈ ਨਾ---ਭਾਵੇਂ ਅਮਰ ਸਿੰਘ ਦੀ ਹੀ ਮਰੀ ਹੈ---' ਮੇਰੀ ਪਤਨੀ ਨੇ 'ਹਾਅ' ਦਾ ਮਾਅਰਾ ਮਾਰਿਆ! ਪਰ ਸਾਡੇ 'ਤੇ ਜਿਵੇਂ ਕੋਈ ਅਸਰ ਨਾ ਹੋਇਆ। ਮੈਂ ਤੇ ਸੁਪਨਦੀਪ ਹੱਸੀ ਜਾ ਰਹੇ ਸਾਂ।

ਅਚਾਨਕ ਮੇਰੀ ਪਤਨੀ ਨੇ ਗੱਲਾਂ ਦਾ ਰੁਖ਼ ਪਲਟ ਦਿੱਤਾ, 'ਹੈਂ ਸੁਪਨ! ਇਹਨਾਂ ਦੀ ਸੁਣ ਲੌ-- ਜਦੋਂ ਤਾਂ ਪਤਾ ਲੱਗਾ ਕਿ ਇਹਨਾਂ ਦੀ ਮਾਂ ਦੀ ਖ਼ਬਰ ਐ ਤਾਂ ਡਾਡਾਂ ਮਾਰਨ ਵਾਂਗ ਬੋਲ ਨਿਕਲੇ--- ਜਦੋਂ ਮੈਂ ਆਖਿਆ, 'ਤੁਹਾਡੀ ਨਹੀਂ ਇਹ ਤਾਂ ਮੇਰੀ ਮਾਂ ਦੀ ਖ਼ਬਰ ਹੈ--- ਤਾਂ ਉਸੇ ਵੇਲੇ ਚੁੱਪ ਤੇ ਸ਼ਾਂਤ ਹੋ ਗਏ---।'

ਸਾਰੇ ਖਿੜ ਖਿੜਾ ਕੇ ਹੱਸੇ। ਮੈਂ ਮਾੜਾ ਜਿਹਾ ਹੱਸਦਿਆਂ ਕਿਹਾ, 'ਨਹੀਂ ਨਹੀਂ, ਐਹੋ ਜਿਹੀ ਤਾਂ ਕੋਈ ਗੱਲ ਨਹੀਂ----' ਪਰ ਅੰਦਰੋਂ ਅੰਦਰ ਮੈਨੂੰ ਲੱਗਾ, ਇਹੋ ਜਿਹੀ ਕੋਈ ਗੱਲ ਹੈ ਤਾਂ ਜ਼ਰੂਰ ਸੀ---'

'ਨਹੀਂ ਨਹੀਂ ਡੈਡੀ ਮੁੱਕਰੋ ਨਾ-- ਪਹਿਲੀ ਖ਼ਬਰ ਸੁਣਾਉਂਦਿਆਂ ਤੁਹਾਡੀਆਂ ਅੱਖਾਂ ਵਿੱਚ ਅੱਥਰੂ ਆਏ ਮੈਂ ਆਪ ਵੇਖੇ ਸਨ--- ਪਿੱਛੋਂ ਤੁਸੀਂ ਚੁੱਪ ਕਰ ਗਏ ਸੀ।' ਮੇਰੀ ਛੋਟੀ ਧੀ ਰਮਣੀਕ ਨੇ ਆਖਿਆ।

'ਲਓ-- ਇਹ ਤਾਂ ਫ਼ਿਰ---' ਮੈਂ ਛਿੱਥਾ ਪੈਂਦਿਆਂ ਪਤਨੀ ਨੂੰ ਆਖਿਆ, 'ਜਦੋਂ ਤੂੰ ਪਹਿਲਾਂ ਸਮਝਿਆ ਤੇਰੀ ਮਾਤਾ ਹੈਂ ਤਾਂ ਤੇਰੀ ਲੇਰ ਨਿਕਲੀ ਸੀ ਜਦੋਂ ਮੈਂ ਇਸ ਗੱਲ ਤੇ ਜ਼ੋਰ ਦਿੱਤਾ ਕਿ ਮੇਰੀ ਮਾਂ---'

"ਛੱਡੋ! ਛੱਡੋ!! ਐਵੇਂ ਦੀਆਂ ਗੱਲਾਂ। ਸੱਚ ਸੱਚ ਹੀ ਹੁੰਦਾ ਹੈ---' ਮੇਰੀ ਪਤਨੀ ਨੇ ਦੁਬਾਰਾ ਆਖਿਆ ਤਾਂ ਮੈਂ ਚੁੱਪ ਹੋ ਗਿਆ। ਮੈਨੂੰ ਖਾਮੋਸ਼ ਵੇਖ ਕੇ ਰਮਣੀਕ ਬੋਲੀ, 'ਛੱਡੋ ਮੰਮੀ ਐਵੇਂ ਵਿਚਾਰੇ ਡੈਡੀ ਨੂੰ ਝੂਠਾ ਨਾ ਕਰੀ ਜਾਵੋ---।' ਫ਼ਿਰ ਉਸਨੇ ਬੜੇ ਪਤੇ ਦੀ ਗੱਲ ਆਖੀ, 'ਆਪਣੀ ਮਾਂ, ਆਪਣੀ ਮਾਂ ਹੁੰਦੀ ਹੈ। ਹਰ ਮਾਂ ਦਾ ਆਪੋ-ਆਪਣਾ ਮਹੱਤਵ ਹੈ। ਡੈਡੀ ਦੀ ਮਾਂ ਦਾ ਡੈਡੀ ਲਈ, ਤੁਹਾਡੀ ਮਾਂ ਦਾ ਤੁਹਾਡੇ ਲਈ--- ਅਮਰ ਸਿੰਘ ਅੰਕਲ ਦੀ ਮਾਂ ਦਾ ਉਹਦੇ ਲਈ ਅਤੇ ਮੇਰੀ ਮਾਂ ਦਾ ਮੇਰੇ ਲਈ---' ਉਸਨੇ ਆਪਣੀ ਮਾਂ ਦੀ ਠੋਡੀ ਫੜ ਕੇ ਪਿਆਰ ਨਾਲ ਹਿਲਾਈ। ਮੈਂ ਆਪਣੀ ਧੀ ਦੀ ਸਿਆਣਪ 'ਤੇ ਮੁਸਕਰਾ ਪਿਆ। ਉਸ ਛਿਣ ਮੈਨੂੰ ਸਾਰੇ ਬੱਚਿਆਂ ਦੀਆਂ ਮਾਵਾਂ ਆਪਣੀ ਮਾਂ ਵਾਂਗ ਹੀ ਲੱਗਣ ਲੱਗੀਆਂ।

......... ........ ..............

ਆਪਣੇ ਕਾਗ਼ਜ਼-ਪੱਤਰ ਫੋਲਦਿਆਂ ਮੈਨੂੰ ਆਪਣੀ ਉੱਤੇ ਲਿਖੀ ਲਿਖ਼ਤ ਲੱਭੀ। ਇਸਨੂੰ ਲਿਖਿਆਂ ਅਤੇ ਛਪਿਆਂ ਲਗਪਗ ਇੱਕ ਦਹਾਕਾ ਬੀਤ ਚੁੱਕਾ ਹੈ। ਅੱਜ ਨਾ ਮੇਰੀ ਮਾਂ ਅਤੇ ਨਾ ਹੀ ਮੇਰੀ ਪਤਨੀ ਦੀ ਮਾਂ ਇਸ ਸੰਸਾਰ ਵਿਚ ਹਨ। ਦੋਵੇਂ ਚਾਰ ਕੁ ਸਾਲ ਪਹਿਲਾਂ ਅੱਗੜ-ਪਿੱਛੜ ਸਾਨੂੰ ਛੱਡ ਕੇ ਸਦਾ ਲਈ ਇਸ ਸੰਸਾਰ ਤੋਂ ਕੂਚ ਕਰ ਗਈਆਂ।

ਕਿਸੇ ਵੀ ਮਾਂ ਦਾ ਸੰਸਾਰ ਵਿਚ ਕੋਈ ਬਦਲ ਨਹੀਂ। ਕਿਸੇ ਨੇ ਠੀਕ ਕਿਹਾ ਸੀ ਕਿ ਜਿੰਨਾਂ ਚਿਰ ਮਾਂ ਜਿਉਂਦੀ ਹੁੰਦੀ ਹੈ, ਸਾਨੂੰ ਉਸਦੀ ਅਮੁਲ ਕੀਮਤ ਦਾ ਅਹਿਸਾਸ ਨਹੀਂ ਹੁੰਦਾ। ਜਦੋਂ ਮਾਂ ਛੱਡ ਕੇ ਤੁਰ ਜਾਂਦੀ ਹੈ, ਕੇਵਲ ਉਦੋਂ ਹੀ ਪਤਾ ਲੱਗਦਾ ਹੈ ਮਾਂ ਦੀ ਕੀਮਤ ਦਾ! ਪਰ ਉਦੋਂ ਤੁਹਾਡੇ ਕੋਲ ਮਾਂ ਨਹੀਂ ਹੁੰਦੀ!

ਮੇਰੇ ਕੋਲ ਆਪਣੀਆਂ ਇਹਨਾਂ ਦੋਵਾਂ ਮਾਵਾਂ ਬਾਰੇ ਕਰਨ ਵਾਲੀਆਂ ਢੇਰ ਸਾਰੀਆਂ ਗੱਲਾਂ ਹਨ ਪਰ ਅੱਜ ਮੈਂ ਕੇਵਲ ਤੁਹਾਡੇ ਨਾਲ ਸਿਰਫ਼ 'ਆਪਣੀ ਮਾਂ' ਦੀ ਕੇਵਲ ਇੱਕੋ ਹੀ ਗੱਲ ਸਾਂਝੀ ਕਰਨੀ ਹੈ। ਕਿਸੇ 'ਸਾਹਿਤ-ਸਭਾ' ਵੱਲੋਂ ਮੇਰੇ ਨਾਲ ਰੂ-ਬ-ਰੂ ਕੀਤਾ ਜਾ ਰਿਹਾ ਸੀ। ਸਵਾਲਾਂ-ਜਵਾਬਾਂ ਦਾ ਸਿਲਸਿਲਾ ਚੱਲ ਰਿਹਾ ਸੀ ਕਿ ਇੱਕ ਸਰੋਤੇ ਨੇ ਉੱਠ ਕੇ ਕਿਹਾ, "ਸੰਧੂ ਸਾਹਿਬ! ਮੇਰੀ ਤੁਹਾਡੇ ਤੋਂ ਮੰਗ ਹੈ ਕਿ ਤੁਸੀਂ ਹੁਣੇ ਹੀ ਆਪਣੇ ਮਨ ਅੰਦਰ ਝਾਤੀ ਮਾਰੋ ਅਤੇ ਵੇਖੋ ਕਿ ਤੁਹਾਨੂੰ ਆਪਣੇ ਚੇਤੇ ਵਿਚੋਂ ਇੱਕ-ਦਮ ਕਿਹੜੀ ਗੱਲ ਦੀ ਤਸਵੀਰ ਉੱਘੜਦੀ ਦਿਸਦੀ ਹੈ, ਸਾਡੇ ਨਾਲ ਉਹੋ ਗੱਲ ਸਾਂਝੀ ਕਰੋ!"

ਸਵਾਲ ਦਿਲਚਸਪ ਸੀ। ਮੈਂ ਆਪਣੇ ਮਨ ਵਿਚ ਪਲ ਕੁ ਲਈ ਉੱਤਰਿਆ। ਮੈਨੂੰ ਪਹਿਲੀ ਨਜ਼ਰੇ ਹੀ ਆਪਣੀ ਸੋਚ ਦੇ ਚਿਤਰ-ਪੱਟ 'ਤੇ ਆਪਣੀ ਮਾਂ ਦੀ ਤਸਵੀਰ ਨਜ਼ਰ ਆਈ। ਆਪਣੇ ਆਪ 'ਤੇ ਹੈਰਾਨੀ ਵੀ ਹੋਈ ਅਤੇ ਸ਼ਰਮ ਵੀ ਆਈ ਕਿ ਮੈਂ ਆਪਣੀ ਮਾਂ ਨਾਲ ਜੁੜੀ ਇਸ ਘਟਨਾ ਨੂੰ ਕਿਵੇਂ ਭੁਲਾਈ ਬੈਠਾ ਸਾਂ!

ਤੇ ਫਿਰ ਮੈਂ ਆਪਣੇ ਸਰੋਤਿਆਂ ਨਾਲ ਇਹ ਯਾਦ ਇਸਤਰ੍ਹਾਂ ਸਾਂਝੀ ਕੀਤੀ:

੧੯੭੨ ਦੀ 'ਮੋਗਾ-ਐਜੀਟੇਸ਼ਨ' ਵਿਚ ਕੁਝ ਦਿਨ ਜੇਲ੍ਹ ਵਿਚ ਕੱਟਣ ਤੋਂ ਬਾਅਦ ਮੈਂ ਕੁਝ ਦਿਨਾਂ ਲਈ ਪੁਲਿਸ ਤੋਂ ਬਚਣ ਲਈ 'ਆਸੇ-ਪਾਸੇ' ਹੋਇਆ, ਹੋਇਆ ਸਾਂ ਤਾ ਕਿ ਕਿਧਰੇ ਮੈਨੂੰ ਦੋਬਾਰਾ ਗ੍ਰਿਫ਼ਤਾਰ ਨਾ ਕਰ ਲਿਆ ਜਾਵੇ, ਸਰਕਾਰ ਨਾਲ ਹੋਏ ਸਮਝੌਤੇ ਅਧੀਨ ਫੜ੍ਹੇ ਗਏ ਵਿਦਿਆਰਥੀਆਂ ਨੂੰ ਰਿਹਾ ਕਰ ਦਿੱਤਾ ਗਿਆ ਸੀ ਪਰ ਇਸ ਐਜੀਟੇਸ਼ਨ ਵਿਚ ਫੜ੍ਹੇ ਦੂਜੀਆਂ ਸਿਆਸੀ ਪਾਰਟੀਆਂ ਦੇ ਕਾਰਕੁਨ ਜਾਂ ਆਗੂ ਨਹੀਂ ਸਨ ਛੱਡੇ ਗਏ। ਮੈਂ ਕਿਉਂਕਿ 'ਜੇਲ੍ਹ-ਕਮੇਟੀ' ਦਾ ਪ੍ਰਧਾਨ ਰਿਹਾ ਸਾਂ ਅਤੇ ਮੇਰਾ ਨਾਮ ਨਕਸਲੀਆਂ ਵਿਚ ਵੀ ਵੱਜਦਾ ਸੀ ਇਸ ਲਈ ਬੀ ਐੱਡ ਦਾ ਵਿਦਿਆਰਥੀ ਹੋਣ ਦੇ ਬਾਵਜੂਦ ਵੀ ਮੈਨੂੰ ਨਹੀਂ ਸੀ ਛੱਡਿਆ ਗਿਆ। ਜੇ ਮੇਰਾ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਅੰਮ੍ਰਿਤਸਰ ਦਾ ਪ੍ਰਿੰਸੀਪਲ ਮੇਰੇ ਵਿਦਿਆਰਥੀ ਹੋਣ ਦਾ ਪੱਤਰ ਡੀ ਸੀ ਅਤੇ ਐਸ ਐਸ ਪੀ ਨੂੰ ਲਿਖ ਕੇ ਮੇਰੇ ਨਾਲੋਂ ਰਿਹਾ ਹੋ ਕੇ ਬਾਹਰ ਗਏ ਮੇਰੇ ਜਮਾਤੀ ਅਮਰ ਸਿੰਘ ਨੂੰ ਨਾ ਦਿੰਦਾ ਤਾਂ ਪੁਲਿਸ ਨੇ ਮੈਨੂੰ ਰਿਹਾ ਹੀ ਨਹੀਂ ਸੀ ਕਰਨਾ।

ਮੇਰੇ ਘਰਦਿਆਂ ਨੂੰ ਮੇਰੀ ਠਾਹਰ ਦਾ ਪਤਾ ਸੀ। ਮੇਰਾ ਇੱਕ ਦੋਸਤ ਸੁਨੇਹਾ ਲੈ ਕੇ ਮੇਰੇ ਕੋਲ ਪੁੱਜਾ ਕਿ ਮੇਰੇ ਪਿਉ ਦੀ ਹਾਲਤ ਠੀਕ ਨਹੀਂ ਅਤੇ ਬੀਬੀ ਦਾ ਸੁਨੇਹਾਂ ਹੈ ਕਿ ਮੈਂ ਤੁਰਤ ਘਰ ਪਹੁੰਚਾਂ। ਮੈਂ ਉਸਦੇ ਨਾਲ ਹੀ ਤੁਰ ਪਿਆ। ਪਿੰਡ ਪਹੁੰਚਿਆ ਤਾਂ ਪਤਾ ਲੱਗਾ ਕਿ ਮੇਰੇ ਪਿਤਾ ਦੀ ਗੰਭੀਰ ਹਾਲਤ ਨੂੰ ਵੇਖਦਿਆਂ ਉਸਨੂੰ ਅਮ੍ਰਿਤਸਰ ਦੇ ਸਰਕਾਰੀ ਹਸਪਤਾਲ ਵਿਚ ਲੈ ਗਏ ਗਏ ਸਨ। ਮੈਂ ਅਮ੍ਰਿਤਸਰ ਪੁੱਜਾ। ਆਕਸੀਜਨ ਲੱਗੀ ਹੋਈ। ਮੇਰਾ ਪਿਤਾ ਬੇਹੋਸ਼ ਪਿਆ ਸੀ। ਮੇਰੀ ਮਾਂ ਮੇਰੇ ਪਿਤਾ ਦੇ ਸਿਰਹਾਣੇ ਬੈਠੀ ਸੀ। ਉਸਨੇ ਸਟੂਲ ਤੋਂ ਉੱਠ ਕੇ ਮੈਨੂੰ ਜੱਫੀ ਵਿਚ ਲਿਆ ਅਤੇ 'ਫਿਕਰ ਨਾ ਕਰਨ ਲਈ' ਕਿਹਾ। ਉਸ ਮੁਤਾਬਕ 'ਡਾਕਟਰ ਆਪਣੀ ਪੂਰੀ ਵਾਹ ਲਾ ਰਹੇ ਸਨ।''ਮਹਾਂਰਾਜ ਭਲੀ ਕਰੂਗਾ।" ਉਹ ਹੌਂਸਲੇ ਵਿਚ ਸੀ।

ਪਿਤਾ ਨੂੰ ਬੇਹੋਸ਼ੀ ਦੀ ਅਵਸਥਾ ਵਿਚ ਬੈੱਡ 'ਤੇ ਪਿਆਂ ਅੱਜ ਤੀਸਰਾ ਦਿਨ ਸੀ। ਦਿਮਾਗ਼ ਦੀ ਨਾੜੀ ਫਟ ਗਈ ਸੀ। ਡਾਕਟਰ 'ਹਾਂ' ਜਾਂ 'ਨਾਂਹ' ਵਿਚ ਜਵਾਬ ਨਹੀਂ ਸਨ ਦਿੰਦੇ। ਟੈਸਟ ਹੋ ਰਹੇ ਸਨ।

ਅੱਜ ਮੈਂ ਅਤੇ ਮੇਰਾ ਇੱਕ ਦੋਸਤ ਮੈਡੀਕਲ ਕਾਲਜ ਤੋਂ ਕਿਸੇ ਟੈਸਟ ਦੀ ਰਿਪੋਰਟ ਲੈਣ ਗਏ ਸਾਂ। ਨੌਂ-ਦਸ ਵਜੇ ਦੇ ਗਿਆਂ ਨੂੰ ਰਿਪੋਰਟ ਲੈਂਦਿਆਂ ਕਰਦਿਆਂ ਸਾਨੂੰ ਡੇਢ-ਦੋ ਦਾ ਸਮਾਂ ਹੋ ਗਿਆ ਸੀ। ਜਦੋਂ ਅਸੀਂ ਵਾਪਸ ਪਰਤੇ ਤਾਂ ਮੇਰੀ ਮਾਂ ਮੇਰੇ ਪਿਤਾ ਦੇ ਸਿਰਹਾਣਿਓਂ ਉੱਠ ਕੇ ਅੱਗਲਵਾਂਢੀ ਸਾਨੂੰ ਕਮਰੇ ਤੋਂ ਬਾਹਰ ਹੀ ਆਣ ਮਿਲੀ।

"ਰਿਪੋਟ ਲੈ ਆਂਦੀ? ਚੱਲੋ ਚੰਗਾ ਹੋਇਆ!" ਉਸਨੇ ਸਾਡੇ ਹੱਥਾਂ ਵਿਚ ਫੜ੍ਹੇ ਲਿਫ਼ਾਫ਼ੇ ਵੱਲ ਵੇਖਿਆ। ਫਿਰ ਜਿਵੇਂ ਕੋਈ ਭੁੱਲੀ ਹੋਈ ਗੱਲ ਚੇਤੇ ਆ ਗਈ ਹੋਵੇ। ਆਖਣ ਲੱਗੀ, "ਹੈਂ ਵਰਿਆਮ! ਲੌਢਾ ਵੇਲਾ ਹੋ ਗਿਆ। ਤੁਸੀਂ ਕੁਝ ਖਾਧਾ ਪੀਤਾ ਵੀ ਹੈ ਕਿ ਨਹੀਂ?"

ਸਾਡਾ ਜਵਾਬ 'ਨਾਂਹ' ਵਿਚ ਸੁਣ ਕੇ ਕਹਿੰਦੀ, "ਜਾਓ ਮੇਰੇ ਪੁੱਤ! ਪਹਿਲਾਂ ਜਾ ਕੇ ਢਿੱਡ ਰੋਟੀ ਖਾ ਕੇ ਆਵੋ। ਕਿਵੇਂ ਸਵੇਰ ਦੇ ਭੁੱਖਣ-ਭਾਣੇ ਤੁਰੇ ਫਿਰਦੇ ਜੇ!" ਉਹਦਾ ਚਿਹਰਾ ਮਮਤਾ ਵਿਚ ਮੋਮ ਬਣਿਆ ਹੋਇਆ ਸੀ।

ਅਸੀਂ ਕਮਰੇ ਵੱਲ ਵਧਦਿਆਂ ਅਗਲੇ ਇਲਾਜ ਲਈ ਪਹਿਲਾਂ ਡਾਕਟਰ ਨੂੰ ਰਿਪੋਰਟ ਦਿਖਾਉਣ ਲਈ ਕਿਹਾ ਤਾਂ ਕਹਿੰਦੀ, " ਕੋਈ ਨਹੀਂ ਰਪੋਟ ਮੈਂ ਵਿਖਾ ਲੈਂਦੀ ਆਂ। ਤੁਸੀਂ ਪਹਿਲਾਂ ਢਿੱਡ ਵਿਚ ਕੁਝ ਪਾ ਕੇ ਆਓ। ਤੁਹਾਡੇ ਬਾਪੂ ਕੋਲ ਮੈਂ ਬੈਠੀ ਆਂ। ਉਹਦਾ ਫ਼ਿਕਰ ਨਾ ਕਰੋ"

ਉਸਦੇ ਜ਼ੋਰ ਦੇਣ 'ਤੇ ਅਸੀਂ ਲਾਗਲੇ ਢਾਬੇ 'ਤੇ ਰੋਟੀ ਖਾਣ ਤੁਰ ਗਏ। ਰੋਟੀ ਖਾ ਕੇ ਆਏ ਤਾਂ ਪਿਤਾ ਦੇ ਸਿਰਹਾਂਦੀ ਬੈਠੀ ਮਾਂ ਉੱਠ ਕੇ ਖਲੋ ਗਈ ਅਤੇ ਉਸਦੀਆਂ ਅੱਖਾਂ 'ਚ ਤੈਰ ਆਇਆ ਪਾਣੀ ਬੇਵੱਸ ਹੋ ਕੇ ਉਹਦੇ ਚਿਹਰੇ 'ਤੇ 'ਟਿੱਪ! ਟਿੱਪ!' ਵਰ੍ਹਨ ਲੱਗਾ।

"ਜਾਓ ਪੁੱਤ! ਕੋਈ ਟੈਕਸੀ ਲੈ ਆਓ! ਤੁਹਾਡਾ ਬਾਪੂ ਪੂਰਾ ਹੋ ਗਿਆ।" ਉਸਨੇ ਬੁੱਲ੍ਹ ਚਿੱਥਦਿਆਂ ਆਪਣੀ ਭੁੱਬ ਅੰਦਰੇ ਡੱਕ ਲਈ।

ਉਸਨੇ ਅੱਥਰੂ ਪੂੰਝਦਿਆ ਕਿਹਾ, "ਪੂਰਾ ਤਾਂ ਇਹ ਉਦੋਂ ਈ ਹੋ ਗਿਆ ਸੀ ਜਦੋਂ ਤੁਸੀਂ ਰਪੋਟ ਲੈ ਕੇ ਆਏ ਸੀ। ਪਰ ਮੈਂ ਤੁਹਾਨੂੰ ਜਾਣ-ਬੁੱਝ ਕੇ ਨਹੀਂ ਸੀ ਦੱਸਿਆ। ਮੈਂ ਸੋਚਿਆ ਜੇ ਤੁਹਾਨੂੰ ਹੁਣੇ ਦੱਸ ਦਿੱਤਾ ਤਾਂ ਤੁਸੀਂ ਉਂਜ ਹੀ ਦੇਹ ਲੈ ਕੇ ਪਿੰਡ ਨੂੰ ਤੁਰ ਪੈਣਾ ਹੈ! ਫਿਰ ਰੋਣ ਕੁਰਲਾਉਣ ਵਿਚ ਪਏ ਮੇਰੇ ਲਾਲਾਂ ਨੂੰ ਪਤਾ ਨਹੀਂ ਕਦੋਂ ਰੋਟੀ ਦਾ ਟੁੱਕ ਨਸੀਬ ਹੋਣਾ ਹੈ! ਤੁਹਾਡੀਆਂ ਭੁੱਖੀਆਂ ਵਿਲਕਦੀਆਂ ਆਂਦਰਾਂ ਦਾ ਸੋਚ ਕੇ ਹੀ ਮੈਂ ਤੁਹਾਨੂੰ ਰੋਟੀ ਖਾਣ ਤੋਰਿਆ ਸੀ।"

ਏਨੀ ਆਖ ਕੇ ਉਸਨੇ ਮੈਨੂੰ ਬਾਹੋਂ ਫੜ ਕੇ ਅੱਗੇ ਕੀਤਾ, "ਆ! ਹੁਣ ਆਪਣੇ ਤੁਰ ਗਏ ਪਿਓ ਦਾ ਮੂੰਹ ਵੇਖ ਲੈ।" ਉਸਨੇ ਮੇਰੇ ਪਿਤਾ ਦੇ ਚਿਹਰੇ 'ਤੇ ਦਿੱਤਾ ਕੱਪੜਾ ਚੁਕਿਆ ਅਤੇ ਉਸਦੇ ਸਦਾ ਲਈ ਸੌਂ ਗਏ ਸ਼ਾਂਤ ਚਿਹਰੇ ਨੂੰ ਨਿਹਾਰਦੀ ਨੇ ਮੈਨੂੰ ਛੋਟੇ ਬਾਲ ਵਾਂਗ ਆਪਣੀ ਛਾਤੀ ਨਾਲ ਘੁੱਟ ਲਿਆ।

ਮੇਰੀ ਮਾਂ ਦੀ ਉਮਰ ਉਦੋਂ ਇਕਤਾਲੀ-ਬਤਾਲੀ ਸਾਲ ਦੀ ਸੀ ਅਤੇ ਮੇਰਾ ਪਿਓ ਪੰਜਤਾਲੀ-ਛਿਆਲੀ ਸਾਲ ਦਾ ਹੋਵੇਗਾ। ਉਸਦਾ ਸੁਹਾਗ ਉਸਨੂੰ ਸਦਾ ਲਈ ਛੱਡ ਕੇ ਚਲਾ ਗਿਆ ਸੀ। ਪਤੀ ਤੋਂ ਬਿਨਾਂ ਉਸ ਅੱਗੇ ਦੂਰ ਤੱਕ ਬ੍ਰਿਹਾ ਦੀ ਮਾਰੂਥਲ ਵਾਂਗ ਭੁੱਜਦੀ ਵਿਛੀ ਜ਼ਿੰਦਗੀ ਪਈ ਸੀ। ਉਸਦਾ ਜਹਾਨ ਲੁੱਟਿਆ ਗਿਆ ਸੀ। ਇਸ ਪਰਬਤੋਂ ਭਾਰੇ ਦੁੱਖ ਨੂੰ ਕਸੀਸ ਵੱਟ ਕੇ ਪੀ ਜਾਣ ਦੀ ਤਾਕਤ ਉਸਦੀ ਕਿਹੋ ਜਿਹੀ ਅਦੁੱਤੀ ਮਮਤਾ ਨੇ ਉਸ ਮਹਾਨ ਔਰਤ ਨੂੰ ਬਖਸ਼ੀ ਸੀ ਕਿ ਉਹਦੀ ਜ਼ਿੰਦਗੀ ਦੀਆਂ ਇਹਨਾਂ ਸਭ ਤੋਂ ਦੁਖਾਂਤਕ ਘੜੀਆਂ ਵਿਚ ਵੀ ਉਸਨੂੰ ਆਪਣੇ ਪੁੱਤ ਦੀ ਭੁੱਖ ਦਾ ਖ਼ਿਆਲ ਰਿਹਾ ਸੀ।

ਜਦੋਂ ਉਸ ਦ੍ਰਿਸ਼ ਨੂੰ ਚੇਤੇ ਕਰਦਾ ਹਾਂ ਤਾਂ ਮੇਰੇ ਲੂੰਈਂ ਕੰਡੇ ਖੜੇ ਹੋ ਜਾਂਦੇ ਹਨ; ਅੱਖਾਂ ਭਰ ਆਉਂਦੀਆਂ ਹਨ ਅਤੇ ਆਪਣੀ ਮਾਂ ਦੀ ਮਮਤਾ ਸਾਹਮਣੇ ਮੇਰਾ ਸਿਰ ਝੁਕ ਜਾਂਦਾ ਹੈ।

ਅੱਜ ਆਪਣੀ ਮਾਂ ਦੇ ਹਵਾਲੇ ਨਾਲ ਮੈਂ ਸਾਰੀ ਦੁਨੀਆਂ ਦੀਆਂ ਮਾਵਾਂ ਦੀ ਅਥਾਹ ਸ਼ਹਿਣਸ਼ੀਲਤਾ, ਸਿਦਕ, ਸਬਰ ਅਤੇ ਡੁੱਲ੍ਹ-ਡੁੱਲ੍ਹ ਪੈਂਦੀ ਮੁਹੱਬਤ ਨੂੰ ਨਮਸਕਾਰ ਕਰਦਾ ਹਾਂ!



## ਸ਼ੁਕਰਾਨਾ



ਰੰਜੀਵਨ ਸਿੰਘ
98150-68816

ਨਾ ਆਖ ਹਾਕਮਾ
ਤੂੰ ਹਰਜ਼ਾਨਾ
ਕਰ ਅੰਨਦਾਤੇ ਦਾ
ਤੂੰ ਸ਼ੁਕਰਾਨਾ
ਖ਼ੂਨ ਪਸੀਨੇ ਨਾਲ ਜੋ ਸਿੰਜੇ
ਇਹ ਇਕ-ਇਕ ਦਾਣਾ
ਫੇਰ ਫ਼ਸਲ ਨੂੰ ਵੇਖ ਨਿਸਰੀ
ਮੜਕ ਨਾਲ ਤੁਰੇ ਮਸਤਾਨਾ
ਅੰਬਰ ਪਾਟੇ, ਗੜ੍ਹੇਮਾਰੀ ਹੋਏ
ਜਾਪੇ ਜਿਉਂ ਮਸਾਣਾ
ਆਪ ਇਹ ਭੁੱਖਾ, ਕਰਜ਼ਾਈ
ਪਰ ਪਾਲੇ ਇਨਸਾਨਾਂ
ਨਾ ਆਖ ਹਾਕਮਾਂ
ਤੂੰ ਹਰਜ਼ਾਨਾ
ਕਰ ਅੰਨਦਾਤੇ ਦਾ ਸ਼ੁਕਰਾਨਾ।

## ਖੰਘੂਰਾ

ਅਨੇਮਨ ਸਿੰਘ

ਮਾਂ ਦਿਵਸ ਦੀ ਸੰਧਿਆ 'ਤੇ
ਅਚਾਨਕ ਆ ਗਿਆ
ਪਿਤਾ ਦਾ ਫੋਨ
ਆਵਾਜ਼ 'ਚ
ਪਹਿਲਾਂ ਵਰਗੀ ਗੜ੍ਹਕ ਨਹੀਂ ਸੀ
ਬੋਲ ਵੀ ਧੀਮੇ-ਧੀਮੇ
ਸਿਹਤ ਬਾਰੇ ਪੁੱਛਿਆ
ਤਾਂ ਕਹਿੰਦਾ- ਹੁਣ ਮਨ ਜਾ ਨਹੀਂ ਲੱਗਦਾ
ਬੋਰ ਜਿਹੀ ਲੱਗਦੀ ਹੈ ਜ਼ਿੰਦਗੀ
ਮੈਂ ਕਿਹਾ-
ਆ ਜਾਓ ਮੇਰੇ ਕੋਲ
ਤਾਂ ਉਸ ਕਿਹਾ
ਨਹੀਂ ਇਸ ਘਰ ਨੂੰ ਛੱਡ ਕੇ ਨਹੀਂ ਆ ਹੁੰਦਾ
ਇੱਥੇ ਹੀ ਤੇਰੇ ਦਾਦੇ-ਦਾਦੀ ਨੇ ਲਿਆ ਏ ਆਖ਼ਰੀ ਸਾਹ
ਤੇ ਨਾਲੇ ਤੇਰੀ ਮਾਂ ਵੀ ਤਾਂ ਇੱਥੋਂ ਹੀ
ਕਹਿ ਗਈ ਸੀ ਮੈਨੂੰ ਅਲਵਿਦਾ
'ਛੁੱਟੀਆਂ 'ਚ ਭੇਜ ਦੇਈਂ ਜਵਾਕਾਂ ਨੂੰ
ਲਾ ਜਾਣਗੇ ਕੁਝ ਦਿਨ
ਜੀਅ ਜਾ ਲੱਗ ਜਾਊ ਕੁਝ ਚਿਰ
ਚੰਗਾ ਮੇਰੀ ਰਹਿਰਾਸ ਦਾ ਟਾਈਮ ਹੋ ਗਿਆ
ਫੇਰ ਕਰੂੰ ਫੋਨ'
ਆਖ ਉਸ ਫੋਨ ਬੰਦ ਕਰ ਦਿੱਤਾ
ਫੋਨ ਦੇ ਬੰਦ ਹੁੰਦਿਆਂ
ਕਿੰਨਾ ਕੁਝ ਆ ਸਾਹਮਣੇ ਹੋਇਆ ਸਾਕਾਰ
ਮਾਂ ਦੇ ਜਿਉਂਦੇ
ਕਿੰਨੀ ਗੜ੍ਹਕ ਸੀ
ਪਿਤਾ ਦੀ ਆਵਾਜ਼ 'ਚ
ਉਸਦਾ ਖੰਘੂਰਾ
ਸਾਰੇ ਘਰ 'ਚ ਆਪਣੀ ਹੋਂਦ ਕਾਇਮ ਰੱਖਦਾ
ਪਾਠ ਕਰਨ ਲਈ
ਉਸਨੇ ਤਾਂ ਉੱਠਣਾ ਹੀ ਹੁੰਦਾ ਸਵੇਰੇ ਸੁਵੱਖਤੇ
ਪਰ ਮਾਂ ਦੀ ਸ਼ਾਮਤ ਨਾਲ ਹੀ ਆ ਜਾਂਦੀ
ਉਸਦੇ ਖੰਘੂਰੇ ਕਾਰਨ
ਪਤਾ ਨਹੀਂ ਕਿੰਨੇ ਸੰਸੇ ਕਿੰਨੇ ਡਰ ਸਨ ਸਾਡੇ ਅੰਦਰ
ਜੋ ਬਚਪਨ 'ਚ ਮਹਿਸੂਸ ਕਰਦੇ ਸਾਂ
ਅਸੀਂ ਸਾਰੇ ਭੈਣ-ਭਰਾ
ਮਾਂ ਉਸ ਲਈ ਕੁਝ ਵੀ ਲੈ ਕੇ ਆਉਂਦੀ
ਖਾਣ ਪੀਣ ਜਾਂ ਪਹਿਨਣ ਨੂੰ
ਤਾਂ ਉਹ ਕੱਢਦਾ ਹਰ ਕਾਸੇ 'ਚ ਨੁਕਸ
ਮਸਲਨ
ਮਾਂ ਰੋਟੀ ਲੈ ਆਉਂਦੀ ਤਾਂ
ਉਹ ਉਸ ਨੂੰ ਅੱਧਪੱਕੀ ਕਹਿ
ਰਾੜ੍ਹ ਕੇ ਲਿਆਉਣ ਦੀ ਹਿਦਾਇਤ ਕਰਦਾ
ਸਬਜ਼ੀ 'ਚ ਬੁਰਕੀ ਲਾਉਂਦਾ
ਤਾਂ ਲੂਣ ਘੱਟ ਦੀ ਆਵਾਜ਼
ਘੁਲ ਜਾਂਦੀ ਸਾਡੇ ਕੰਨਾਂ 'ਚ
ਪਿਤਾ ਅੰਦਰ ਇੰਨਾ ਰੋਹ ਕਿਉਂ ਸੀ?
ਉੱਠਦਾ ਸਵਾਲ
ਤਾਂ ਯਾਦ ਆ ਜਾਂਦੀ ਦਾਦੀ
ਜਿਸਨੂੰ ਪਿਤਾ ਦੀ ਗ਼ੈਰਹਾਜ਼ਰੀ 'ਚ
ਅਸੀਂ ਸਾਰੇ ਪੁੱਛ ਲੈਂਦੇ ਸਾਂ ਇਹ ਸਵਾਲ
ਉਹ ਦੱਸਦੀ ਸੀ-
ਪਿਤਾ ਜਦੋਂ ਹੱਲੇ ਹੋਏ
ਉਦੋਂ ਉਸਦੀ ਕੁੱਖ 'ਚ ਸੀ
ਸੰਤਾਲੀ ਦੀ ਵੱਢ-ਟੁੱਕ ਦਾ ਜੋ
ਸੰਤਾਪ ਮੈਂ ਹੰਢਾਇਆ
ਉਸਦਾ ਅਸਰ ਤੁਹਾਡੇ ਪਿਉ 'ਤੇ ਤਾਂ ਹੋਣਾ ਹੀ ਸੀ
ਹੌਲੀ ਵਾਲੇ ਦਿਨ
ਦਫ਼ਤਰੋਂ ਛੁੱਟੀ ਹੋਣ ਕਾਰਨ
ਪਤਾ ਨਹੀਂ ਕਿਵੇਂ
ਮੁਹੱਬਤ ਦੇ ਰੰਗਾਂ 'ਚ ਰੰਗੇ ਹੋਏ ਨੂੰ
ਯਾਦ ਆ ਗਿਆ ਪਿਤਾ
ਤਾਂ ਮੇਰਾ ਮੋਟਰਸਾਈਕਲ ਹੋ ਤੁਰਿਆ ਪਿੰਡ ਵੱਲ
ਇੰਨੇ ਵੱਡੇ ਘਰ 'ਚ
ਜਿੱਥੇ ਹਰ ਸਮੇਂ ਰੌਣਕ ਬਿਖਰੀ ਰਹਿੰਦੀ ਸੀ
ਮੇਰਾ ਸਵਾਗਤ ਸੁੰਨਸਾਨ ਤੇ ਖ਼ਾਮੋਸ਼ੀ ਨੇ ਕੀਤਾ
ਸਿੱਲੀਆਂ ਅੱਖਾਂ ਨੂੰ ਪੂੰਝਿਆ ਤਾਂ
ਸਾਹਮਣੇ ਪਿਤਾ ਦਾ ਉਦਾਸ ਚਿਹਰਾ ਸੀ
'ਕੱਲ੍ਹੇ ਕਾਰੇ ਬੰਦੇ ਦੀ ਜ਼ਿੰਦਗੀ ਵੀ ਕੀ ਹੈ
ਪਰ ਪਤਾ ਨਹੀਂ ਕਿਵੇਂ
ਪਿਤਾ ਅੰਦਰ ਇੰਨੀ ਇਕੱਲਤਾ ਵਾਸ ਕਰ ਗਈ
ਉਹ ਮੇਰੇ ਤੋਂ ਲੁਕਾਉਣ ਲਈ
ਆਪਣੇ ਆਪ ਨੂੰ ਸਹਿਜ ਦਿੱਸਣ ਦੀ
ਕਰ ਰਿਹਾ ਸੀ ਕੋਸ਼ਿਸ਼
ਤੇ ਇਸ ਯਤਨ 'ਚ ਹੀ ਉਸ ਦੇ ਸੰਘ 'ਚ ਆਈ ਖੰਘੂਰੇ ਦੀ ਆਵਾਜ਼
ਜਿਸਨੂੰ ਦੇਖ ਡਰ ਜਾਂਦੇ ਸਾਂ
ਅਸੀਂ ਚਾਰੇ ਭੈਣ-ਭਰਾ ਬਚਪਨ 'ਚ
ਮੈਂ ਵੀ ਉਵੇਂ ਦੀ ਹੀ ਕੋਸ਼ਿਸ਼ ਕੀਤੀ
ਪਿਤਾ ਸਾਹਮਣੇ ਭੈਅ-ਭੀਤ ਤੇ ਡਰਾਕਲ ਜਿਹਾ ਹੋਣ ਦੀ
ਮੈਂ ਦੇਖਿਆ ਪਿਤਾ ਦੇ ਚਿਹਰੇ 'ਤੇ
ਇੱਕ ਚਮਕ ਆ ਗਈ ਸੀ।

ਸੰਪਰਕ:
98720-92101

# ਮਾਂ ਬਾਰੇ ਕੁਝ ਖ਼ਿਆਲ

ਗੋਪਾਲ ਸਿੰਘ ਸਿੱਧੂ

ਮੈਨੂੰ ਕਿਸੇ ਐਸੀ ਔਰਤ ਬਾਰੇ ਸੋਚਣ ਲਈ ਕਿਹਾ ਗਿਆ ਜਿਸ ਦੀ ਮੇਰੀ ਜ਼ਿੰਦਗੀ ਵਿੱਚ ਸਭ ਤੋਂ ਜ਼ਿਆਦਾ ਅਹਿਮੀਅਤ ਹੈ।

ਮੈਂ ਆਪਣੀ ਮਾਂ ਬਾਰੇ ਸੋਚਿਆ। ਮੈਨੂੰ ਕਿਹਾ ਗਿਆ ਕਿ ਆਪਣੀ ਮਾਂ ਦੀ ਤਸਵੀਰ ਨੂੰ ਵੇਖ ਕੇ ਤੇਰੇ ਮਨ ਵਿੱਚ ਆਉਂਦੇ ਪਹਿਲੇ ਖ਼ਿਆਲ ਨੂੰ ਤੂੰ ਲਿਖਣਾ ਹੈ। ਉਸੇ ਖ਼ਿਆਲ ਨੂੰ ਹੁਣ ਮੈਂ ਪੰਨੇ ਉੱਤੇ ਉਤਾਰਨ ਦੀ ਕੋਸ਼ਿਸ਼ ਕਰਨ ਲੱਗਿਆ ਹਾਂ। ਮੈਂ ਆਪਣੇ ਮੋਬਾਈਲ ਫ਼ੋਨ 'ਤੇ ਆਪਣੀ ਮਾਂ ਦੀ ਤਸਵੀਰ ਵੇਖ ਰਿਹਾ ਹਾਂ ਅਤੇ ਸੱਜੇ ਹੱਥ ਨਾਲ ਲਿਖ ਰਿਹਾ ਹਾਂ। ਪਿਛਲੇ ਤਿੰਨ-ਚਾਰ ਮਿੰਟ ਮੈਂ ਮਾਂ ਦੀ ਤਸਵੀਰ ਵੇਖਦਾ ਅਤੇ ਸੋਚਦਾ ਰਿਹਾ ਕਿ ਇਸ ਨੂੰ ਵੇਖ ਕੇ ਮਨ ਵਿੱਚ ਕਿਹੜਾ ਖ਼ਿਆਲ ਪੈਦਾ ਹੋ ਰਿਹਾ ਹੈ? ਸੱਚ ਇਹ ਹੈ ਕਿ ਤਿੰਨ-ਚਾਰ ਮਿੰਟ ਮਾਂ ਦੀ ਤਸਵੀਰ ਸਿਰਫ਼ ਵੇਖਦਾ ਹੀ ਰਿਹਾ, ਮਨ ਵਿੱਚ ਕੋਈ ਖ਼ਿਆਲ ਪੈਦਾ ਨਹੀਂ ਹੋਇਆ। ਬਸ ਤਸਵੀਰ ਨੂੰ ਵੇਖੀ ਜਾ ਰਿਹਾ ਸੀ। ਕੁਝ ਸਮੇਂ ਲਈ ਭੁੱਲ ਗਿਆ ਕਿ ਤਸਵੀਰ ਨੂੰ ਵੇਖ ਕੇ ਮੈਂ ਕੁਝ ਲਿਖਣਾ ਵੀ ਹੈ। ਹੱਥ ਅਤੇ ਦਿਮਾਗ਼ ਜਿਉਂ ਕੰਮ ਕਰਨਾ ਬੰਦ ਕਰ ਗਏ ਹੋਣ। ਪਲਕਾਂ ਵੀ ਝਪਕ ਨਹੀਂ ਰਹੀਆਂ ਸਨ, ਮੈਂ ਟਿਕਟਿਕੀ ਲਾ ਕੇ ਸਿਰਫ਼ ਤਸਵੀਰ ਨੂੰ ਵੇਖੀ ਜਾ ਰਿਹਾ ਸੀ।

ਹੁਣ ਮੈਂ ਤਸਵੀਰ ਨੂੰ ਦੂਜੀ ਵਾਰ ਵੇਖ ਰਿਹਾ ਹਾਂ ਅਤੇ ਮਨ ਵਿੱਚ ਇੱਕ ਸਵਾਲ ਪੈਦਾ ਹੋਇਆ ਕਿ ਇਹ ਮੇਰੀ ਮਾਂ ਕੈਸੀ ਹੈ। ਰੱਬ ਨੇ ਇਸ ਨੂੰ ਕਿਹੋ ਜਿਹੀ ਬਣਾਇਆ ਹੈ। ਬਹੁਤ ਚੰਗੀ ਹੈ, ਰੱਬ ਵਰਗੀ, ਪਰ ਮੇਰੇ ਲਈ, ਆਪਣੇ ਪਤੀ ਲਈ, ਆਪਣੀ ਧੀ ਲਈ, ਆਪਣੇ ਪਰਿਵਾਰ ਲਈ। ਦੁਨੀਆਂ ਲਈ ਤਾਂ ਲੋਕਾਂ ਵਰਗੀ ਹੀ ਹੈ, ਕਈ ਗੱਲਾਂ 'ਚ ਚੰਗੀ, ਕਈ ਗੱਲਾਂ 'ਚ ਮਾੜੀ। ਪਰ ਮੇਰੇ ਲਈ ਮਾੜੀ ਕਿਉਂ ਨਹੀਂ ਹੈ? ਸ਼ਾਇਦ ਇਸ ਦੀ ਜ਼ਿੰਦਗੀ ਵਿੱਚ ਮੇਰੀ ਅਹਿਮੀਅਤ ਮੇਰੀ ਜ਼ਿੰਦਗੀ ਵਿੱਚ ਇਸ ਦੀ ਅਹਿਮੀਅਤ ਨਾਲੋਂ ਵੀ ਜ਼ਿਆਦਾ ਹੈ, ਤਾਂ ਕਰਕੇ। ਜਿਹੜੀ ਤਸਵੀਰ ਮੈਂ ਹੁਣ ਵੇਖ ਰਿਹਾ ਹਾਂ ਉਸ ਵਿੱਚ ਨਿੰਮਾ ਨਿੰਮਾ ਮੁਸਕਰਾ ਰਹੀ ਹੈ। ਮਾਂ ਦੇ ਚਿਹਰੇ ਉੱਤੇ ਥੋੜ੍ਹੀ ਜਿਹੀ ਮੁਸਕਾਨ ਵੇਖ ਕੇ ਥੋੜ੍ਹੀ ਤਾਂ ਮੇਰੇ ਚਿਹਰੇ 'ਤੇ ਵੀ ਆਪਣੇ ਆਪ ਹੀ ਆ ਗਈ। ਨੀਝ ਲਾ ਕੇ ਮਾਂ ਦੀਆਂ ਅੱਖਾਂ ਦੇਖਦਿਆਂ ਇਉਂ ਲੱਗਦਾ ਏ ਜਿਵੇਂ ਸ਼ਾਖ਼ਸਾਤ ਮੈਨੂੰ ਵੇਖ ਰਹੀ ਹੋਵੇ। ਮਾਂ ਦੇ ਚਿਹਰੇ 'ਤੇ ਦਿਸਦਾ ਬੇਹੱਦ ਭੋਲਾਪਣ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਤਸਵੀਰ ਵਿੱਚ ਵੀ ਮੇਰੀ ਚਿੰਤਾ ਕਰ ਰਹੀ ਹੈ।

ਖ਼ੈਰ, ਇਸ ਤਸਵੀਰ ਨੂੰ ਹਟਾ ਕੇ ਫੋਨ ਬੰਦ ਕਰਕੇ ਪਾਸੇ ਰੱਖ ਦਿੰਦਾ ਹਾਂ। ਆਪਣੇ ਮਨ ਵਿੱਚ ਮਾਂ ਦਾ ਚਿਹਰਾ ਬਣਾਉਣ ਦੀ ਕੋਸ਼ਿਸ ਕਰਦਾ ਹਾਂ। ਕਈ ਤਰਾਂ ਦੇ ਹਾਵ-ਭਾਵ ਸਾਹਮਣੇ ਆਉਂਦੇ ਨੇ, ਹੱਸਦੀ, ਖ਼ੁਸ਼ ਹੁੰਦੀ, ਚਿੰਤਾ ਕਰਦੀ, ਥੋੜ੍ਹਾ ਜਿਹਾ ਮੁਸਕਰਾਉਂਦੀ, ਖੁੱਲ੍ਹ ਕੇ ਹੱਸਦੀ, ਹੈਰਾਨ ਹੁੰਦੀ, ਉਦਾਸ ਬੈਠੀ, ਨਾਰਾਜ਼ ਹੁੰਦੀ, ਮਮਤਾ ਲੁਟਾਉਂਦੀ, ਰੋਟੀ ਬਣਾਉਂਦੀ, ਗਰਮੀ ਵਿੱਚ ਚੁੰਨੀ ਦੇ ਪੱਲੇ ਨਾਲ ਮੂੰਹ ਤੋਂ ਪਸੀਨਾ ਪੂੰਝਦੀ, ਸਿਆਲ ਵਿੱਚ ਰਜਾਈਆਂ ਵਿਛਾਉਣੇ ਸਾਂਭਦੀ, ਸ਼ਾਲ ਨਾਲ ਇੱਕ ਪਾਸਿਓਂ ਮੂੰਹ ਢਕ ਕੇ ਧੁੱਪ ਸੇਕਦੀ, ਕੱਪੜੇ ਸਿਉਂਦੀ, ਕਮੀਜ਼ ਦੇ ਕਿਸੇ ਟੁੱਟੇ ਬਟਨ ਨੂੰ ਮੁੜ ਲਾਉਂਦੀ ਤੇ ਲਾਉਣ ਮਗਰੋਂ ਦੰਦਾਂ ਨਾਲ ਧਾਗਾ ਤੋੜਦੀ, ਗੁਆਂਢੀਆਂ ਨਾਲ ਗੱਲਾਂ ਕਰਦੀ, ਘਰ ਦੀ ਸਫ਼ਾਈ ਕਰਦੀ, ਸਾਰਾ ਦਿਨ ਕੁਝ ਨਾ ਕੁਝ ਸਮਝਾਉਂਦੀ, ਝਿੜਕਾਂ ਦਿੰਦੀ, ਰਿਸ਼ਤੇਦਾਰਾਂ ਨੂੰ ਚਾਹ ਫੜਾਉਂਦੀ, ਘਰ ਦੇ ਕਿੰਨੇ ਹੀ ਕੰਮ ਕਰਦੀ, ਪਾਠ ਕਰਦੀ, ਅਰਦਾਸ ਕਰਦੀ, ਗੁਰਦੁਆਰੇ ਜਾਂਦੀ ਦੇ ਆਦਿ। ਇਨ੍ਹਾਂ ਵਿੱਚੋਂ ਕਿਸੇ ਵੀ ਚਿਹਰੇ ਨੂੰ ਆਪਣੇ ਮਨ ਵਿੱਚ ਲੈ ਕੇ ਆਉਂਦਾ ਹਾਂ ਤਾਂ ਅੱਖਾਂ ਸਾਹਮਣੇ ਹੂ-ਬ-ਹੂ ਉਹੀ ਤਸਵੀਰ ਬਣ ਜਾਂਦੀ ਹੈ। ਤਸਵੀਰ



ਵੇਖ ਕੇ ਇਹੋ ਲੱਗਦਾ ਹੈ ਕਿ ਹੁਣ ਭਾਵੇਂ ਖੁੱਲ੍ਹ ਕੇ ਹੀ ਹੱਸ ਰਹੀ ਹੈ, ਪਰ ਤਾਂ ਵੀ ਮੇਰੀ ਚਿੰਤਾ ਬਹੁਤ ਕਰਦੀ ਹੈ। ਬਹੁਤ ਪਿਆਰ ਕਰਦੀ ਹੈ। ਭਾਵੇਂ ਕਿਸੇ ਹੋਰ ਗੱਲ ਕਰਕੇ ਕਿਸੇ ਹੋਰ ਇਨਸਾਨ ਦੀ ਚਿੰਤਾ ਵਿੱਚ ਉਦਾਸ ਬੈਠੀ ਹੋਵੇ ਤਾਂ ਵੀ ਮਨ ਵਿੱਚ ਇਹੋ ਖ਼ਿਆਲ ਆਉਂਦਾ ਹੈ ਕਿ ਮੇਰੇ ਨਾਲ-ਨਾਲ ਬਾਕੀਆਂ ਦੀ ਵੀ ਕਿੰਨੀ ਚਿੰਤਾ ਕਰਦੀ ਹੈ। ਮੈਂ ਦੁਨੀਆਂ ਵਿੱਚ ਭਾਵੇਂ ਸਭ ਤੋਂ ਵੱਧ ਕਾਮਯਾਬ, ਸਭ ਤੋਂ ਵੱਧ ਸ਼ਕਤੀਸ਼ਾਲੀ ਇਨਸਾਨ ਬਣ ਜਾਵਾਂ ਉਸ ਵੇਲੇ ਵੀ ਮੇਰੀ ਚਿੰਤਾ ਕਰਨ ਵਾਲਾ ਇੱਕੋ ਇੱਕ ਸ਼ਖ਼ਸ ਮੇਰੀ ਮਾਂ ਹੀ ਹੋਵੇਗੀ। ਇਹ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ। ਮੇਰੀ ਮਾਂ ਕਦੇ ਕਦੇ ਬਿਮਾਰ ਹੋ ਜਾਂਦੀ ਹੈ। ਬਿਮਾਰ ਹੋਣ ਦੇ ਬਾਵਜੂਦ ਉਹ ਆਪਣੀ ਨਹੀਂ, ਮੇਰੀ ਚਿੰਤਾ ਕਰਦੀ ਹੈ। ਉਸ ਦੇ ਆਪਣੇ ਲੱਗੀ ਸੱਟ ਉਸ ਨੂੰ ਇੰਨਾ ਦੁੱਖ ਨਹੀਂ ਦਿੰਦੀ, ਪਰ ਮੇਰੇ ਲੱਗੀ ਸੱਟ ਨੂੰ ਸਹਾਰ ਨਹੀਂ ਸਕਦੀ।

ਮੈਂ ਮਨ ਵਿੱਚ ਮਾਂ ਦੀ ਗੁਰਦੁਆਰੇ ਜਾਂਦੀ ਨੂੰ ਯਾਦ ਕਰਦਾ ਹਾਂ ਤਾਂ ਮੇਰੇ ਮਨ ਵਿੱਚ ਸਵੱਲਾ ਜਿਹਾ ਅਹਿਸਾਸ ਉਤਪੰਨ ਹੁੰਦਾ ਹੈ ਕਿ ਇਹ ਗੁਰਦੁਆਰੇ ਵੀ ਸਾਡੇ ਲਈ ਹੀ ਜਾਂਦੀ ਹੈ। ਆਪਣੇ ਲਈ ਤਾਂ ਮਾਂ ਗੁਰਦੁਆਰੇ ਵੀ ਕਦੇ ਨਹੀਂ ਗਈ। ਰੱਬ ਨਾਲ ਉਸ ਦਾ ਬਹੁਤ ਪਿਆਰ ਹੈ। ਰੱਬ ਨੂੰ ਉਹ ਬਹੁਤ ਮੰਨਦੀ ਹੈ। ਉਸ ਕੋਲੋਂ ਡਰਦੀ ਵੀ ਬਹੁਤ ਹੈ ਤੇ ਡਰਦੀ ਵੀ ਸਾਡੇ ਕਰਕੇ ਹੀ ਹੈ। ਉਹ ਰੱਬ ਕੋਲੋਂ ਆਪਣੇ ਕਰਕੇ ਨਹੀਂ ਡਰਦੀ। ਉਹ ਡਰਦੀ ਹੈ ਕਿ ਮੇਰੇ ਬੱਚਿਆਂ ਨੂੰ ਕੁਝ ਹੋ ਨਾ ਜਾਵੇ। ਉਹ ਮੰਨਦੀ ਹੈ ਕਿ ਸਭ ਕੁਝ ਕਰਨ ਕਰਾਉਣ ਵਾਲਾ ਪਰਮਾਤਮਾ ਹੀ ਹੈ। ਉਹ ਗੁਰਦੁਆਰੇ ਜਾ ਕੇ ਅਰਦਾਸ ਕਰਦੀ ਹੈ। ਮੇਰੇ ਖ਼ਿਆਲ ਨਾਲ ਮੇਰੀ ਮਾਂ ਅਰਦਾਸ 'ਚ ਇਹੀ ਆਖਦੀ ਹੈ ਕਿ "ਹੇ ਪਰਮਾਤਮਾ! ਮੇਰੇ ਬੱਚਿਆਂ, ਮੇਰੇ ਪਰਿਵਾਰ ਨੂੰ ਸੁੱਖ ਸ਼ਾਂਤੀ ਬਖ਼ਸ਼ੀਂ। ਉਨ੍ਹਾਂ ਉੱਤੇ ਕੋਈ ਮੁਸੀਬਤ ਨਾ ਪਵੇ। ਉਨ੍ਹਾਂ ਨੂੰ ਸਾਰੀ ਜ਼ਿੰਦਗੀ ਖ਼ੁਸ਼ ਰੱਖੀਂ, ਤਰੱਕੀਆਂ ਬਖ਼ਸ਼ੀਂ, ਸਿੱਧੇ ਰਾਹ ਪਾਈ ਰੱਖੀਂ।" ਆਪਣੀ ਇਸ ਅਰਦਾਸ ਵਿੱਚ ਵੀ ਉਹ ਆਪਣੇ ਲਈ ਕੁਝ ਨਹੀਂ ਮੰਗਦੀ।

ਮੈਂ ਘਰ ਘੱਟ ਸਮਾਂ ਗੁਜ਼ਾਰਦਾ ਹਾਂ ਅਤੇ ਜ਼ਿਆਦਾ ਸਮਾਂ ਘਰ ਤੋਂ ਬਾਹਰ। ਮੈਂ ਜਦੋਂ ਵੀ, ਜਿੱਥੇ ਵੀ ਤੇ ਜਿਵੇਂ ਵੀ ਹੋਵਾਂ, ਆਪਣੀ ਮਾਂ ਬਾਰੇ ਸੋਚਣ ਲੱਗਦਾ ਹਾਂ ਤਾਂ ਮਨ ਵਿੱਚ ਇੱਕੋ ਖ਼ਿਆਲ ਆਉਂਦਾ ਹੈ ਕਿ ਉਹ ਚਾਹੇ ਕਦੋਂ ਵੀ, ਕਿਤੇ ਵੀ ਹੋਵੇਗੀ ਮੇਰੀ ਚਿੰਤਾ ਕਰਦੀ ਹੋਵੇਗੀ। ਮੈਂ ਉਸ ਦੀਆਂ ਅੱਖਾਂ ਦੇ ਸਾਹਮਣੇ ਹੋਵਾਂ ਜਾਂ ਓਹਲੇ, ਉਹ ਮੇਰੀ ਚਿੰਤਾ ਕਰਨੋਂ ਨਹੀਂ ਹਟ ਸਕਦੀ। ਸ਼ਾਇਦ ਇਸੇ ਕਰਕੇ ਉਸ ਦਾ ਪਿਆਰ ਬਾਕੀਆਂ ਨਾਲੋਂ ਖ਼ਾਸ ਹੈ। ਉਸ ਦਾ ਪਿਆਰ ਇੰਨਾ ਖ਼ਾਸ ਹੈ ਕਿਉਂ? ਇਸ ਸਵਾਲ ਦਾ ਜਵਾਬ ਅਣਗਿਣਤ ਸ਼ਬਦਾਂ ਵਿੱਚ ਵੀ ਨਹੀਂ ਦਿੱਤਾ ਜਾ ਸਕਦਾ। ਦਰਅਸਲ, ਮਾਂ ਦਾ ਪਿਆਰ ਕਿਸੇ ਇੱਕ ਗੱਲ ਕਰਕੇ ਖ਼ਾਸ ਨਹੀਂ ਹੈ। ਬੇਅੰਤ ਗੱਲਾਂ ਉਸ ਦੇ ਪਿਆਰ ਨੂੰ ਖ਼ਾਸ ਬਣਾਉਂਦੀਆਂ ਹਨ।

ਮੈਨੂੰ ਮਾਂ ਦੀ ਤਸਵੀਰ ਕਿਸੇ ਦੁਨਿਆਵੀ ਪਦਾਰਥ ਦੀ ਸਹਾਇਤਾ ਨਾਲ ਵੇਖਣ ਦੀ ਲੋੜ ਨਹੀਂ ਪੈਂਦੀ। ਆਪਣੇ ਆਪ ਹੀ ਮਨ ਵਿੱਚ ਮਾਂ ਦੀ ਤਸਵੀਰ ਦਾ ਆਗਮਨ ਹੋ ਜਾਂਦਾ ਹੈ। ਮੈਂ ਜਦੋਂ ਵੀ ਕੋਈ ਚੰਗਾ ਜਾਂ ਕੋਈ ਮਾੜਾ ਕੰਮ ਕਰਨ ਲੱਗਾਂ, ਮੈਨੂੰ ਮਨ ਵਿੱਚ ਆਪਣੀ ਮਾਂ ਦੀ ਤਸਵੀਰ ਦਿਸਣ ਲੱਗਦੀ ਹੈ। ਚੰਗਾ ਕੰਮ ਕਰਨ ਲੱਗਿਆਂ ਮਾਂ ਨੂੰ ਯਾਦ ਕਰਦਿਆਂ ਸੋਚਦਾ ਹਾਂ ਕਿ ਇਹ ਕੰਮ ਹੋਣ ਤੋਂ ਬਾਅਦ ਉਹ ਵੀ ਕਿੰਨੀ ਖ਼ੁਸ਼ ਹੋਵੇਗੀ। ਆਪਣੀ ਗ਼ਲਤੀ ਨਾਲ ਕੋਈ ਮਾੜਾ ਕੰਮ ਕਰਨ ਲੱਗਿਆਂ ਵੀ ਮੈਨੂੰ ਮੇਰੀ ਮਾਂ ਯਾਦ ਆਉਂਦੀ ਹੈ। ਮੈਂ ਸੋਚਦਾ ਹਾਂ ਕਿ ਜਦੋਂ ਉਸ ਨੂੰ ਇਸ ਕੰਮ ਬਾਰੇ ਪਤਾ ਲੱਗੇਗਾ ਉਹ ਕੀ ਸੋਚੇਗੀ, ਕਿਤੇ ਨਾਰਾਜ਼ ਨਾ ਹੋ ਜਾਵੇ, ਕਿਤੇ ਉਦਾਸ ਨਾ ਹੋ ਜਾਵੇ, ਉਸ ਦਾ ਦਿਲ ਨਾ ਦੁਖੇ। ਅਜਿਹੇ ਸਮੇਂ ਮੇਰੇ ਮਨ ਵਿੱਚ ਉੱਭਰੀ ਮੇਰੀ ਮਾਂ ਦੀ ਤਸਵੀਰ ਹੀ ਮੈਨੂੰ ਹਰ ਮਾੜਾ ਕੰਮ ਕਰਨ ਤੋਂ ਰੋਕਦੀ ਹੈ। ਸ਼ਾਇਦ ਇਹੀ ਇਨਸਾਨ ਦੇ ਅੰਦਰ ਬੈਠੇ ਪਰਮਾਤਮਾ ਦੀ ਆਵਾਜ਼ ਹੈ। ਇਹੀ ਕੁਝ ਖ਼ਿਆਲ ਹਨ ਜੋ ਮਨ ਹੀ ਮਨ ਆਪਣੀ ਮਾਂ ਦੇ ਦੀਦਾਰ ਕਰਦਿਆਂ ਮੇਰੇ ਮਨ ਵਿੱਚ ਉੱਗ ਪੈਂਦੇ ਹਨ। ਜਾਂਦੇ ਜਾਂਦੇ ਦੋ ਸਤਰਾਂ ਯਾਦ ਆ ਗਈਆਂ ਕਿਤੇ ਪੜ੍ਹੀਆਂ ਸਨ ਕਿ "ਮਾਂ ਲਈ ਸਭ ਛੱਡ ਦੇਈਂ, ਸਭ ਲਈ ਮਾਂ ਨਾ ਛੱਡੀਂ।" ਪਰਮਾਤਮਾ ਮੈਨੂੰ ਇਨ੍ਹਾਂ ਗੱਲਾਂ ਉੱਤੇ ਵਿਚਾਰ ਅਤੇ ਆਚਾਰ ਕਰਨ ਦਾ ਬਲ ਬਖ਼ਸ਼ੇ। ਇਹ ਵੀ ਸੱਚ ਹੈ ਕਿ ਇਨ੍ਹਾਂ ਅਤੇ ਅਜਿਹੀਆਂ ਹੋਰ ਕਈ ਗੱਲਾਂ ਉੱਤੇ ਖ਼ਰਾ ਉਤਰਨ ਦੇ ਬਾਵਜੂਦ ਮੈਂ ਤਾ-ਉਮਰ ਆਪਣੀ ਮਾਂ ਦਾ ਦੇਣ ਨਹੀਂ ਦੇ ਸਕਦਾ।

ਸੰਪਰਕ: 99148-11835

> ਮੈਂ ਮਨ ਵਿੱਚ ਮਾਂ ਦੀ ਗੁਰਦੁਆਰੇ ਜਾਂਦੀ ਨੂੰ ਯਾਦ ਕਰਦਾ ਹਾਂ ਤਾਂ ਮੇਰੇ ਮਨ ਵਿੱਚ ਸਵੱਲਾ ਜਿਹਾ ਅਹਿਸਾਸ ਉਤਪੰਨ ਹੁੰਦਾ ਹੈ ਕਿ ਇਹ ਗੁਰਦੁਆਰੇ ਵੀ ਸਾਡੇ ਲਈ ਹੀ ਜਾਂਦੀ ਹੈ। ਆਪਣੇ ਲਈ ਤਾਂ ਮਾਂ ਗੁਰਦੁਆਰੇ ਵੀ ਕਦੇ ਨਹੀਂ ਗਈ। ਰੱਬ ਨਾਲ ਉਸ ਦਾ ਬਹੁਤ ਪਿਆਰ ਹੈ। ਰੱਬ ਨੂੰ ਉਹ ਬਹੁਤ ਮੰਨਦੀ ਹੈ। ਉਸ ਕੋਲੋਂ ਡਰਦੀ ਵੀ ਬਹੁਤ ਹੈ ਤੇ ਡਰਦੀ ਵੀ ਸਾਡੇ ਕਰਕੇ ਹੀ ਹੈ। ਉਹ ਰੱਬ ਕੋਲੋਂ ਆਪਣੇ ਕਰਕੇ ਨਹੀਂ ਡਰਦੀ। ਉਹ ਡਰਦੀ ਹੈ ਕਿ ਮੇਰੇ ਬੱਚਿਆਂ ਨੂੰ ਕੁਝ ਹੋ ਨਾ ਜਾਵੇ। ਉਹ ਮੰਨਦੀ ਹੈ ਕਿ ਸਭ ਕੁਝ ਕਰਨ ਕਰਾਉਣ ਵਾਲਾ ਪਰਮਾਤਮਾ ਹੀ ਹੈ। ਉਹ ਗੁਰਦੁਆਰੇ ਜਾ ਕੇ ਅਰਦਾਸ ਕਰਦੀ ਹੈ। ਮੇਰੇ ਖ਼ਿਆਲ ਨਾਲ ਮੇਰੀ ਮਾਂ ਅਰਦਾਸ 'ਚ ਇਹੀ ਆਖਦੀ ਹੈ ਕਿ "ਹੇ ਪਰਮਾਤਮਾ! ਮੇਰੇ ਬੱਚਿਆਂ, ਮੇਰੇ ਪਰਿਵਾਰ ਨੂੰ ਸੁੱਖ ਸ਼ਾਂਤੀ ਬਖ਼ਸ਼ੀਂ। ਉਨ੍ਹਾਂ ਉੱਤੇ ਕੋਈ ਮੁਸੀਬਤ ਨਾ ਪਵੇ। ਉਨ੍ਹਾਂ ਨੂੰ ਸਾਰੀ ਜ਼ਿੰਦਗੀ ਖ਼ੁਸ਼ ਰੱਖੀਂ, ਤਰੱਕੀਆਂ ਬਖ਼ਸ਼ੀਂ, ਸਿੱਧੇ ਰਾਹ ਪਾਈ ਰੱਖੀਂ।" ਆਪਣੀ ਇਸ ਅਰਦਾਸ ਵਿੱਚ ਵੀ ਉਹ ਆਪਣੇ ਲਈ ਕੁਝ ਨਹੀਂ ਮੰਗਦੀ।

## ਪੰਜਾਬ 'ਚ ਲਾਲ ਲਕੀਰ ਵਾਲੇ ਵਸਨੀਕਾਂ ਲਈ ਅਹਿਮ ਖ਼ਬਰ, ਸਰਕਾਰ ਨੇ ਕਰ 'ਤਾ ਵੱਡਾ ਐਲਾਨ

ਖੰਨਾ 7 ਜੁਲਾਈ। ਪੰਜਾਬ ਸਰਕਾਰ ਵੱਲੋਂ ਲਾਲ ਲਕੀਰ ਵਾਲੇ ਪਰਿਵਾਰਾਂ ਨੂੰ ਵੱਡਾ ਤੋਹਫ਼ਾ ਦੇਣ ਦੀ ਤਿਆਰੀ ਕਰ ਲਈ ਗਈ ਹੈ। ਮਾਲ ਮਹਿਕਮਾ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਐਲਾਨ ਕੀਤਾ ਹੈ ਕਿ ਜਿਨ੍ਹਾਂ ਪਰਿਵਾਰਾਂ ਦੀ ਰਿਹਾਇਸ਼ੀ ਜ਼ਮੀਨ ਲਾਲ ਲਕੀਰ ਦੇ ਅੰਦਰ ਆਉਂਦੀ ਹੈ, ਉਨ੍ਹਾਂ ਨੂੰ ਹੁਣ ਮਾਲਕਾਨਾ ਹੱਕ ਦਿੱਤਾ ਜਾਵੇਗਾ। ਇਹ ਫ਼ੈਸਲਾ ਲੱਖਾਂ ਗ਼ਰੀਬ ਅਤੇ ਮਜਬੂਰ ਪਰਿਵਾਰਾਂ ਲਈ ਨਵੀਂ ਉਮੀਦ ਬਣ ਕੇ ਆਵੇਗਾ, ਜੋ ਕਈ ਦਹਾਕਿਆਂ ਤੋਂ ਆਪਣੇ ਹੀ ਘਰ 'ਤੇ ਅਧਿਕਾਰ ਦੀ ਉਡੀਕ ਕਰ ਰਹੇ ਸਨ। 'ਆਪ' ਸਰਕਾਰ ਪਹਿਲੀ ਸਰਕਾਰ ਹੋਵੇਗੀ, ਜੋ ਇਹ ਹੱਕ ਦੇਵੇਗੀ। ਮੰਤਰੀ ਮੁੰਡੀਆਂ ਪਾਇਲ ਵਿਖੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਦੇ ਦਫ਼ਤਰ ਪਹੁੰਚੇ ਹੋਏ ਸਨ। ਉਥੇ ਉਨ੍ਹਾਂ ਨੇ ਹਲਕੇ ਦੇ ਵਿਕਾਸ ਕੰਮਾਂ 'ਤੇ ਵਿਚਾਰ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਜਾਣਿਆ। ਉਨ੍ਹਾਂ ਕਿਹਾ ਕਿ ਮਾਲ ਮਹਿਕਮਾ ਅੰਦਰ ਈ. ਜ਼ੀ. ਰਜਿਸਟਰੀ ਵਰਗੀਆਂ ਸਕੀਮਾਂ ਰਾਹੀਂ ਲੋਕਾਂ ਨੂੰ ਬਹੁਤ ਸੁਵਿਧਾ ਮਿਲ ਰਹੀ ਹੈ। ਇਸ ਨਾਲ ਜ਼ਮੀਨ ਦੀ ਰਜਿਸਟਰੀ ਦੀ ਪ੍ਰਕਿਰਿਆ ਆਸਾਨ ਹੋਈ ਹੈ ਅਤੇ ਲੋਕੀ ਘੱਟ ਖ਼ਰਚ ਅਤੇ ਘੱਟ ਸਮੇਂ ਵਿੱਚ ਆਪਣੀ ਜਾਇਦਾਦ ਰਜਿਸਟਰ ਕਰਵਾ ਰਹੇ ਹਨ। ਜਲਦ ਹੀ ਇਹ ਪ੍ਰਕਿਰਿਆ ਪੂਰੇ ਪੰਜਾਬ ਅੰਦਰ ਲਾਗੂ ਹੋਵੇਗੀ। ਇਸ ਮੌਕੇ ਵਿਧਾਇਕ ਗਿਆਸਪੁਰਾ ਨੇ ਕਿਹਾ ਕਿ ਮਾਨ ਸਰਕਾਰ ਲੋਕ-ਕੇਂਦਰਤ ਨੀਤੀਆਂ 'ਤੇ ਕੰਮ ਕਰ ਰਹੀ ਹੈ। ਹਰੇਕ ਵਰਗ ਦੀ ਭਲਾਈ ਲਈ ਯਤਨ ਕੀਤੇ ਜਾ ਰਹੇ ਹਨ, ਖ਼ਾਸ ਕਰਕੇ ਪਿੰਡਾਂ ਦੇ ਆਮ ਘਰਾਂ ਵਿੱਚ ਰਹਿੰਦੇ ਲੋਕਾਂ ਨੂੰ ਆਤਮ ਨਿਰਭਰ ਬਣਾਉਣ ਲਈ ਠੋਸ ਕਦਮ ਚੁੱਕੇ ਜਾ ਰਹੇ ਹਨ।

### ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਵੱਡਾ ਫ਼ੈਸਲਾ, ਜਾਰੀ ਹੋ ਗਏ ਇਹ ਹੁਕਮ

ਨੈਸ਼ਨਲ ਡੈਸਕ 7 ਜੁਲਾਈ। ਸੂਬਾ ਸਰਕਾਰ ਹਰਿਆਣਾ ਦੇ ਸਰਕਾਰੀ ਸਕੂਲਾਂ 'ਚ ਸਿੱਖਿਆ ਦੇ ਪੱਧਰ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ। ਇਸ ਤਹਿਤ ਸਰਕਾਰ ਨੇ ਸਰਕਾਰੀ ਸਕੂਲਾਂ 'ਚ ਬੱਚਿਆਂ ਨੂੰ ਫ?ਰੈਂਚ ਭਾਸ਼ਾ ਸਿਖਾਉਣ ਦਾ ਫੈਸਲਾ ਕੀਤਾ ਹੈ। ਸਰਕਾਰੀ ਸਕੂਲਾਂ 'ਚ ਫ?ਰੈਂਚ ਭਾਸ਼ਾ ਸਿਖਾਉਣ ਲਈ ਅਧਿਆਪਕਾਂ ਦੀ ਚੋਣ ਕੀਤੀ ਜਾ ਰਹੀ ਹੈ। ਚੁਣੇ ਗਏ ਅਧਿਆਪਕਾਂ ਲਈ ਫ?ਰੈਂਚ ਭਾਸ਼ਾ ਸਿਖਾਉਣ ਲਈ ਆਨਲਾਈਨ ਪ੍ਰੀਖਿਆ ਲਈ ਜਾਵੇਗੀ। ਜਿਸ 'ਚ ਚੁਣੇ ਗਏ ਅਧਿਆਪਕ ਫ?ਰੈਂਚ ਭਾਸ਼ਾ ਸਿਖਾਉਣਗੇ। ਹਰਿਆਣਾ ਸਕੂਲ ਸਿੱਖਿਆ ਡਾਇਰੈਕਟੋਰੇਟ ਨੇ ਇਸ ਲਈ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਇਸ ਸਬੰਧੀ ਸੈਕੰਡਰੀ ਸਿੱਖਿਆ ਦਫ਼ਤਰ ਹਰਿਆਣਾ ਦੇ ਡਾਇਰੈਕਟਰ ਦੇ ਸਹਾਇਕ ਨਿਰਦੇਸ਼ਕ (ਅਕਾਦਮਿਕ) ਨੇ ਗੁਰੂਗ੍ਰਾਮ SCRT ਡਾਇਰੈਕਟਰ, ਸਾਰੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਅਤੇ ਸੂਬੇ ਭਰ ਦੇ ਸਾਰੇ 495" ਪ੍ਰਿੰਸੀਪਲਾਂ ਨੂੰ ਇੱਕ ਪੱਤਰ ਜਾਰੀ ਕੀਤਾ ਹੈ। ਜਿਸ 'ਚ ਨਿਰਦੇਸ਼ ਦਿੱਤੇ ਗਏ ਹਨ ਕਿ ਸਕੂਲ ਸਿੱਖਿਆ ਵਿਭਾਗ ਫਰਾਂਸ ਦੇ ਦੂਤਾਵਾਸ ਅਤੇ ਇੰਸਟੀਚਿਊਟ ਫ?ਰੈਂਚਿਸ ਐਨ ਇੰਡੇ (969) ਦੇ ਸਹਿਯੋਗ ਨਾਲ ਆਉਣ ਵਾਲੇ ਅਕਾਦਮਿਕ ਸੈਸ਼ਨ ਤੋਂ ਚੁਣੇ ਹੋਏ ਸਰਕਾਰੀ ਸਕੂਲਾਂ ਵਿੱਚ ਫ?ਰੈਂਚ ਨੂੰ ਵਿਦੇਸ਼ੀ ਭਾਸ਼ਾ ਵਜੋਂ ਪੇਸ਼ ਕਰ ਰਿਹਾ ਹੈ। ਚੱਲ ਰਹੀ ਅਧਿਆਪਕ ਚੋਣ ਪ੍ਰਕਿਰਿਆ 'ਚ ਦਿਲਚਸਪੀ ਰੱਖਣ ਵਾਲੇ ਉਮੀਦਵਾਰ ਜੋ ਰਾਊਂਡ-1 ਵਿੱਚ ਹਿੱਸਾ ਨਹੀਂ ਲੈ ਸਕੇ ਸਨ, ਉਨ੍ਹਾਂ ਨੂੰ 28 ਜੂਨ ਤੱਕ ਇੱਕ ਛੋਟੀ ਵੀਡੀਓ ਅਤੇ ਇੱਕ ਲਿਖਤੀ ਲੇਖ ਦੇ ਰੂਪ ਵਿੱਚ ਆਪਣੀ ਦਿਲਚਸਪੀ ਦਾ ਪ੍ਰਗਟਾਵਾ (5®9) ਜਮ?ਹਾਂ ਕਰਾਉਣ ਦਾ ਮੌਕਾ ਦਿੱਤਾ ਗਿਆ ਸੀ। ਇਨ੍ਹਾਂ ਅਰਜ਼ੀਆਂ ਦੇ ਵਿਸਤ੍ਰਿਤ ਮੁਲਾਂਕਣ ਦੇ ਆਧਾਰ 'ਤੇ ਯੋਗ ਉਮੀਦਵਾਰਾਂ ਨੂੰ ਰਾਊਂਡ-2 ਲਈ ਸ਼ਾਰਟਲਿਸਟ ਕੀਤਾ ਗਿਆ ਹੈ। ਉਮੀਦਵਾਰਾਂ ਨੂੰ ਅਨੁਬੰਧ-ਏ ਵਿੱਚ ਸੂਚੀਬੱਧ ਕੀਤਾ ਗਿਆ ਹੈ। ਚੋਣ ਪ੍ਰਕਿਰਿਆ ਦੌਰਾਨ, ਰਾਊਂਡ-2 ਵਿੱਚ ਆਨਲਾਈਨ ਮੈਰਿਟ ਮੁਲਾਂਕਣ ਕੀਤਾ ਜਾਵੇਗਾ।

# ਦਿੱਲੀ ਨੇ ਲਗਾਤਾਰ ਗਿਆਰਾਂ (11) ਦਿਨਾਂ ਲਈ 'ਤਸੱਲੀਬਖਸ਼' AQI ਰਿਕਾਰਡ ਕੀਤਾ: ਸਿਰਸਾ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 6 ਜੁਲਾਈ: ਦਿੱਲੀ ਦੇ ਵਾਤਾਵਰਣ ਵਿੱਚ ਇੱਕ ਵੱਡੀ ਤਬਦੀਲੀ ਦਾ ਸੰਕੇਤ ਦਿੰਦੇ ਹੋਏ, ਅੱਜ ਲਗਾਤਾਰ ਗਿਆਰਵਾਂ ਦਿਨ ਹੈ ਜਦੋਂ ਸ਼ਹਿਰ ਦੀ ਹਵਾ ਦੀ ਗੁਣਵੱਤਾ 'ਸੰਤੁਸ਼ਟੀਜਨਕ' ਰਹੀ। ਵਾਤਾਵਰਣ ਵਿਭਾਗ ਦੁਆਰਾ ਜਾਰੀ ਕੀਤੇ ਗਏ ਬੁਲੇਟਿਨ ਦੇ ਅਨੁਸਾਰ, ਅੱਜ ਦਾ ਔਸਤ AQI 75 ਦਰਜ ਕੀਤਾ ਗਿਆ। ਬਵਾਨਾ ਦਾ ਸਭ ਤੋਂ ਘੱਟ AQI FA ਸੀ, ਜਦੋਂ ਕਿ ਵਿਵੇਕ ਵਿਹਾਰ ਅਤੇ ਪੰਜਾਬੀ ਬਾਗ ਕ੍ਰਮਵਾਰ 73 ਅਤੇ 64 ਸਨ। ਇਹ ਧਿਆਨ ਦੇਣ ਯੋਗ ਹੈ ਕਿ ਦਿੱਲੀ ਵਿੱਚ ਹਵਾ ਪ੍ਰਦੂਸ਼ਣ ਦੇ ਮਾਮਲੇ ਵਿੱਚ ਜੂਨ ਅਤੇ ਜੁਲਾਈ ਨੂੰ ਆਮ ਤੌਰ 'ਤੇ ਸਾਫ਼ ਮਹੀਨੇ ਨਹੀਂ ਮੰਨਿਆ ਜਾਂਦਾ ਸੀ - ਜਦੋਂ ਕਿ ਸਤੰਬਰ-ਅਕਤੂਬਰ ਉਹ ਸਮਾਂ ਸੀ ਜਦੋਂ ਹਵਾ ਬਿਹਤਰ ਸੀ। ਪਰ ਇਸ ਸਾਲ ਸਾਫ਼ ਹਵਾ ਦੇ ਦਿਨ ਦੋ ਮਹੀਨੇ ਪਹਿਲਾਂ ਆ ਗਏ ਹਨ - ਜੋ ਕਿ ਇੱਕ ਦਹਾਕੇ ਵਿੱਚ ਸਭ ਤੋਂ ਵਧੀਆ ਮੱਧ-ਸਾਲ ਦੀ ਹਵਾ ਗੁਣਵੱਤਾ ਪ੍ਰਦਰਸ਼ਨ ਹੈ। ਇਹ ਤਬਦੀਲੀ ਫੀਲਡ ਐਕਸ਼ਨ, ਲੈਂਡਫਿਲ ਪ੍ਰਬੰਧਨ ਅਤੇ ਜ਼ਮੀਨੀ ਪੱਧਰ 'ਤੇ ਤਾਲਮੇਲ ਵਾਲੀ ਕਾਰਵਾਈ ਦਾ ਨਤੀਜਾ ਹੈ। ਦਿੱਲੀ ਵਿੱਚ ਬਦਲਾਅ ਦਾ ਦੌਰ ਸ਼ੁਰੂ ਹੋ ਗਿਆ ਹੈ - ਦੇਸ਼ ਦੀ ਰਾਜਧਾਨੀ ਹੁਣ ਪਹਿਲਾਂ ਨਾਲੋਂ ਬਿਹਤਰ ਅਤੇ ਸਾਫ਼ ਹਵਾ ਵਿੱਚ ਸਾਹ ਲੈ ਰਹੀ ਹੈ। ਪਹਿਲਾਂ ਸਾਫ਼ ਹਵਾ ਆਮ ਤੌਰ 'ਤੇ ਸਤੰਬਰ-ਅਕਤੂਬਰ ਵਿੱਚ ਆਉਂਦੀ ਸੀ, ਪਰ ਇਸ ਵਾਰ ਇਹ ਬਦਲਾਅ



ਸਿਰਫ਼ ਜੂਨ-ਜੁਲਾਈ ਵਿੱਚ ਹੀ ਦੇਖਿਆ ਗਿਆ, ਵਾਤਾਵਰਣ ਮੰਤਰੀ ਸਿਰਸਾ ਨੇ ਕਿਹਾ। ਭਾਵੇਂ ਇਹ ਲੈਂਡਫਿਲ ਸਫਾਈ ਹੋਵੇ, ਵਾਹਨਾਂ ਦੀ ਨਿਗਰਾਨੀ ਹੋਵੇ ਜਾਂ ਜਨਤਕ ਜਾਗਰੂਕਤਾ ਹੋਵੇ - ਹਰ ਕਦਮ ਮਾਇਨੇ ਰੱਖਦਾ ਹੈ। ਜੇਕਰ ਸਿਸਟਮ ਇਕੱਠੇ ਕੰਮ ਕਰਦਾ ਹੈ, ਤਾਂ ਤਬਦੀਲੀ ਸੰਭਵ ਹੈ। 5-6 ਜੁਲਾਈ ਨੂੰ, ਦਿੱਲੀ ਦੀਆਂ ਲੈਂਡਫਿਲ ਸਾਈਟਾਂ ਤੋਂ 32,551 ਮੀਟ੍ਰਿਕ ਟਨ ਪੁਰਾਣਾ ਕੂੜਾ ਹਟਾਇਆ ਗਿਆ। ਕੂੜੇ ਦੀ ਸਭ ਤੋਂ ਵੱਧ ਬਾਇਓ-ਮਾਈਨਿੰਗ ਭਲਸਵਾ ਵਿੱਚ ਹੋਈ। ਇਹ ਸਾਰੇ ਕੰਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਕਸਤ ਦਿੱਲੀ ਵਿਜ਼ਨ ਅਤੇ ਮੁੱਖ ਮੰਤਰੀ ਰੇਖਾ ਗੁਪਤਾ ਦੀ ਅਗਵਾਈ ਹੇਠ ਜ਼ਮੀਨੀ ਪੱਧਰ 'ਤੇ ਹੋ ਰਹੇ ਹਨ। ਲੈਂਡਫਿਲ ਨੂੰ ਪੱਧਰਾ ਕਰਨ ਤੋਂ ਲੈ ਕੇ ਸੜਕਾਂ ਦੀ ਸਫਾਈ ਤੱਕ, ਅਤੇ ਸਖ਼ਤ ਨਿਗਰਾਨੀ ਤੋਂ ਲੈ ਕੇ ਜਨਤਕ ਭਾਗੀਦਾਰੀ ਤੱਕ - ਦਿੱਲੀ ਇੱਕ ਹਰੀ, ਸਿਹਤਮੰਦ ਅਤੇ ਸਸ਼ਕਤ ਰਾਜਧਾਨੀ ਬਣਨ ਵੱਲ ਤੇਜ਼ੀ ਨਾਲ ਵਧ ਰਹੀ ਹੈ।

## ਕਪਿਲ ਮਿਸ਼ਰਾ ਨੇ ਜਲ ਬੋਰਡ ਦੇ ਅਧਿਕਾਰੀਆਂ ਨਾਲ ਇੱਕ ਮਹੱਤਵਪੂਰਨ ਸਮੀਖਿਆ ਮੀਟਿੰਗ ਕੀਤੀ

Contd..............Front page

ਕਪਿਲ ਮਿਸ਼ਰਾ ਨੇ ਸੋਨੀਆ ਵਿਹਾਰ, ਸ਼੍ਰੀ ਰਾਮ ਕਲੋਨੀ ਅਤੇ ਰਾਜੀਵ ਨਗਰ ਵਿੱਚ ਇੱਕ ਨਵਾਂ ਸੀਵਰੇਜ ਸਿਸਟਮ ਲਗਾਉਣ ਦੇ ਵੀ ਨਿਰਦੇਸ਼ ਦਿੱਤੇ। ਉਨ੍ਹਾਂ ਉਨ੍ਹਾਂ ਖੇਤਰਾਂ ਨੂੰ ਕਾਰਜਸ਼ੀਲ ਬਣਾਉਣ ਦੇ ਵੀ ਨਿਰਦੇਸ਼ ਦਿੱਤੇ ਜਿੱਥੇ ਸੀਵਰ ਲਾਈਨਾਂ ਵਿਛਾਈਆਂ ਗਈਆਂ ਹਨ ਪਰ ਕੰਮ ਨਹੀਂ ਕਰ ਰਹੀਆਂ। ਉਨ੍ਹਾਂ ਨੇ ਖਜੂਰੀ ਖਾਸ, ਬਿਹਾਰੀਪੁਰ, ਤੁਕਾਮੀਰਪੁਰ, ਦਿਆਲਪੁਰ, ਸਦਾਤਪੁਰ, ਪੱਛਮੀ ਕਰਾਵਲ ਨਗਰ, ਐਸਬੀਐਸ ਕਲੋਨੀ, ਮੁਕੰਦ ਵਿਹਾਰ, ਪ੍ਰਕਾਸ਼ ਵਿਹਾਰ, ਨਿਊ ਸਭਾਪੁਰ ਗੁੱਜਰਾਂ, ਅੰਕੁਰ ਐਨਕਲੇਵ, ਪੱਛਮੀ ਕਮਲ ਵਿਹਾਰ ਅਤੇ ਨੇੜਲੇ ਪਿੰਡਾਂ ਵਿੱਚ ਸੀਵਰ ਲਾਈਨਾਂ ਨੂੰ ਸਾਫ਼ ਕਰਨ ਦੇ ਵੀ ਨਿਰਦੇਸ਼ ਦਿੱਤੇ ਜਿੱਥੇ ਸੀਵਰ ਲਾਈਨਾਂ ਵਿਛਾਈਆਂ ਗਈਆਂ ਹਨ ਪਰ ਕੰਮ ਨਹੀਂ ਕਰ ਰਹੀਆਂ ਅਤੇ ਉਨ੍ਹਾਂ ਨੂੰ ਤੁਰੰਤ ਕਾਰਜਸ਼ੀਲ ਕਰਨ ਦੇ ਵੀ ਨਿਰਦੇਸ਼ ਦਿੱਤੇ। ਕਪਿਲ ਮਿਸ਼ਰਾ ਨੇ ਕਿਹਾ ਕਿ ਕਰਾਵਲ ਨਗਰ ਵਿਧਾਨ ਸਭਾ ਹਲਕੇ ਵਿੱਚ ਪਾਣੀ ਦੀ ਸਪਲਾਈ ਅਤੇ ਸੀਵਰੇਜ ਨਾਲ ਸਬੰਧਤ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾ ਰਿਹਾ ਹੈ। ਇਨ੍ਹਾਂ ਸੰਘਣੀ ਆਬਾਦੀ ਵਾਲੇ ਖੇਤਰਾਂ ਦਾ ਵਿਕਾਸ ਦਿੱਲੀ ਸਰਕਾਰ ਦੀ ਤਰਜੀਹ ਹੈ, ਅਧਿਕਾਰੀਆਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਸਮੱਸਿਆਵਾਂ ਦਾ ਤੁਰੰਤ ਨੋਟਿਸ ਲੈਣ ਅਤੇ ਵਿਕਾਸ ਨਾਲ ਸਬੰਧਤ ਕੰਮ ਪਹਿਲ ਦੇ ਆਧਾਰ 'ਤੇ ਕਰਵਾਉਣ। ਉਨ੍ਹਾਂ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਕਿ ਸਾਰੇ ਕੰਮ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪੂਰੇ ਹੋਣ ਅਤੇ ਇਸਦੀ ਨਿਯਮਤ ਤੌਰ 'ਤੇ ਨਿਗਰਾਨੀ ਕੀਤੀ ਜਾਵੇ। ਵਿਕਾਸ ਮੰਤਰੀ ਕਪਿਲ ਮਿਸ਼ਰਾ ਦੇ ਸਰਕਾਰੀ ਨਿਵਾਸ ਸਥਾਨ 'ਤੇ ਹੋਈ ਇਸ ਮੀਟਿੰਗ ਵਿੱਚ ਦਿੱਲੀ ਜਲ ਬੋਰਡ ਦੇ ਮੁੱਖ ਇੰਜੀਨੀਅਰ (ਸਾਬਕਾ) ਦਲਬੀਰ ਸਿੰਘ ਅਤੇ ਇੰਜੀਨੀਅਰਿੰਗ ਵਿਭਾਗ ਦੇ ਹੋਰ ਅਧਿਕਾਰੀ ਮੌਜੂਦ ਸਨ।

# ਪ੍ਰਗਤੀ ਮੈਦਾਨ ਕੋਰੀਡੋਰ ਦੇ ਆਖਰੀ ਅਧੂਰੇ ਅੰਡਰਪਾਸ ਦਾ ਨਿਰਮਾਣ ਕਾਰਜ ਮਾਨਸੂਨ ਤੋਂ ਬਾਅਦ ਸ਼ੁਰੂ ਹੋਵੇਗਾ: ਪ੍ਰਵੇਸ਼ ਸਾਹਿਬ ਸਿੰਘ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 7 ਜੁਲਾਈ: ਦਿੱਲੀ ਸਰਕਾਰ ਦਾ ਲੋਕ ਨਿਰਮਾਣ ਵਿਭਾਗ (ਪੀਡਬਲਯੂਡੀ) ਜਲਦੀ ਹੀ ਪ੍ਰਗਤੀ



ਮੈਦਾਨ ਇੰਟੀਗ੍ਰੇਟਿਡ ਟ?ਰਾਂਜ਼ਿਟ ਕੋਰੀਡੋਰ ਦੇ ਆਖਰੀ ਅਧੂਰੇ ਅੰਡਰਪਾਸ ਦਾ ਨਿਰਮਾਣ ਕਾਰਜ ਸ਼ੁਰੂ ਕਰਨ ਜਾ ਰਿਹਾ ਹੈ। ਇਹ ਕੰਮ ਮਾਨਸੂਨ ਤੋਂ ਬਾਅਦ ਕੇਂਦਰ ਸਰਕਾਰ ਤੋਂ ਪ੍ਰਵਾਨਗੀ ਮਿਲਦੇ ਹੀ ਸ਼ੁਰੂ ਕਰ ਦਿੱਤਾ ਜਾਵੇਗਾ। ਇਹ ਅੰਡਰਪਾਸ - ਅੰਡਰਪਾਸ-5 ਜੋ ਭੈਰੋ ਮਾਰਗ ਨੂੰ ਰਿੰਗ ਰੋਡ ਨਾਲ ਜੋੜਦਾ ਹੈ, ਕੋਰੀਡੋਰ ਦਾ ਆਖਰੀ ਲਿੰਕ ਹੈ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ, ਦਿੱਲੀ ਦੇ ਲੋਕ ਨਿਰਮਾਣ ਮੰਤਰੀ ਪਰਵੇਸ਼ ਸਾਹਿਬ ਸਿੰਘ ਨੇ ਕਿਹਾ: ÷ਅਸੀਂ ਸਾਰਾ ਤਕਨੀਕੀ ਮੁਲਾਂਕਣ ਪੂਰਾ ਕਰ ਲਿਆ ਹੈ ਅਤੇ ਪ੍ਰਸਤਾਵ ਨੂੰ ਅੰਤਿਮ ਪ੍ਰਵਾਨਗੀ ਲਈ ਕੇਂਦਰ ਨੂੰ ਭੇਜ ਦਿੱਤਾ ਹੈ। ਜਿਵੇਂ ਹੀ ਪ੍ਰਵਾਨਗੀ ਮਿਲੇਗੀ, ਅਸੀਂ ਮਾਨਸੂਨ ਤੋਂ ਤੁਰੰਤ ਬਾਅਦ ਕੰਮ ਸ਼ੁਰੂ ਕਰ ਦੇਵਾਂਗੇ। ਪ੍ਰਗਤੀ ਮੈਦਾਨ ਖੇਤਰ ਵਿੱਚ ਆਵਾਜਾਈ ਦੀ ਭੀੜ ਨੂੰ ਘਟਾਉਣ ਲਈ ਇਹ ਅੰਡਰਪਾਸ ਬਹੁਤ ਮਹੱਤਵਪੂਰਨ ਹੈ ਅਤੇ ਅਸੀਂ ਇਸਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਲਈ ਵਚਨਬੱਧ ਹਾਂ।÷ ਕੋਰੀਡੋਰ ਪੂਰਾ ਹੋਣ ਦੇ ਕੰਢੇ 'ਤੇ ਹੈ - ਸਿਰਫ਼ ਇੱਕ ਅੰਡਰਪਾਸ ਬਾਕੀ ਹੈ। ਪ੍ਰਗਤੀ ਮੈਦਾਨ ਏਕੀਕ੍ਰਿਤ ਟ?ਰਾਂਜ਼ਿਟ ਕੋਰੀਡੋਰ, ਜਿਸਦਾ ਉਦਘਾਟਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2022 ਵਿੱਚ ਕੀਤਾ ਸੀ, ਦਾ ਉਦੇਸ਼ ਰਿੰਗ ਰੋਡ, ਮਥੁਰਾ ਰੋਡ ਅਤੇ ਭੈਰੋ ਮਾਰਗ ਵਰਗੇ ਵਿਅਸਤ ਰੂਟਾਂ ਤੋਂ ਆਵਾਜਾਈ ਦੇ ਦਬਾਅ ਨੂੰ ਘਟਾਉਣਾ ਅਤੇ ਪ੍ਰਗਤੀ ਮੈਦਾਨ ਕੰਪਲੈਕਸ ਤੱਕ ਨਿਰਵਿਘਨ ਪਹੁੰਚ ਨੂੰ ਯਕੀਨੀ ਬਣਾਉਣਾ ਹੈ। ਕੋਰੀਡੋਰ ਵਿੱਚ ਇੱਕ ਮੁੱਖ ਸੁਰੰਗ ਅਤੇ ਛੇ ਅੰਡਰਪਾਸ ਹਨ, ਜਿਨ੍ਹਾਂ ਵਿੱਚੋਂ ਪੰਜ ਪਹਿਲਾਂ ਹੀ ਜਨਤਾ ਲਈ ਖੋਲ੍ਹ ਦਿੱਤੇ ਗਏ ਹਨ। ਸਿਰਫ਼ ਅੰਡਰਪਾਸ-5 ਪੂਰਾ ਹੋਣਾ ਬਾਕੀ ਹੈ, ਜਿਸਦੀ ਕੁੱਲ ਲੰਬਾਈ 110 ਮੀਟਰ ਹੈ, ਜਿਸ ਵਿੱਚੋਂ ਸਿਰਫ਼ 28 ਮੀਟਰ ਕੰਮ ਬਾਕੀ ਹੈ। ÷ਅਸੀਂ ਆਈਆਈਟੀ ਦਿੱਲੀ, ਆਈਆਈਟੀ ਬੰਬੇ ਅਤੇ ਸੀਬੀਆਰਆਈ ਵਰਗੇ ਚੋਟੀ ਦੇ ਸੰਸਥਾਨਾਂ ਨਾਲ ਸਲਾਹ-ਮਸ਼ਵਰਾ ਕੀਤਾ ਅਤੇ ਉਨ੍ਹਾਂ ਦੇ ਸੁਝਾਵਾਂ ਦੇ ਆਧਾਰ 'ਤੇ, ਅਸੀਂ ਕਾਸਟ-ਇਨ-ਸੀਟੂ ਤਕਨਾਲੋਜੀ ਨੂੰ ਅਪਣਾਉਣ ਦਾ ਫੈਸਲਾ ਕੀਤਾ ਹੈ। ਇਹ ਵਿਧੀ ਰੇਲਵੇ ਲਾਈਨ ਨੂੰ ਵਿਗਾੜੇ ਬਿਨਾਂ ਸੁਰੰਗ ਨਿਰਮਾਣ ਦੀ ਆਗਿਆ ਦਿੰਦੀ ਹੈ ਅਤੇ ਸੁਰੱਖਿਆ ਦੇ ਦ੍ਰਿਸ਼ਟੀਕੋਣ ਤੋਂ ਬਿਹਤਰ ਹੈ,÷ ਮੰਤਰੀ ਨੇ ਕਿਹਾ। ਇਸਦਾ ਮਤਲਬ ਹੈ ਕਿ ਅੰਡਰਪਾਸ ਹੁਣ ਸਿਰਫ਼ ਹਲਕੇ ਮੋਟਰ ਵਾਹਨਾਂ ਲਈ ਵਰਤਿਆ ਜਾਵੇਗਾ ਅਤੇ ਦੋ ਲੇਨਾਂ ਵਜੋਂ ਕੰਮ ਕਰੇਗਾ। ਪਿਛਲੇ ਮਹੀਨੇ ਇੱਕ ਵਿਸਤ੍ਰਿਤ ਤਕਨੀਕੀ ਪ੍ਰਸਤਾਵ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ($✿8"1) ਨੂੰ ਭੇਜਿਆ ਗਿਆ ਸੀ, ਜਿਸ ਵਿੱਚ ਮਾਹਿਰਾਂ ਦੀਆਂ ਸਿਫ਼ਾਰਸ਼ਾਂ ਅਤੇ ਸੋਧੇ ਹੋਏ ਡਿਜ਼ਾਈਨ ਸ਼ਾਮਲ ਸਨ। ਇਹ ਮਾਮਲਾ ਇਸ ਸਮੇਂ ਸਮੀਖਿਆ ਅਧੀਨ ਹੈ। ÷ਸਾਨੂੰ ਉਮੀਦ ਹੈ ਕਿ ਕੇਂਦਰ ਜਲਦੀ ਹੀ ਪ੍ਰਵਾਨਗੀ ਦੇਵੇਗਾ। ਡਿਜ਼ਾਈਨ ਪੂਰੀ ਤਰ੍ਹਾਂ ਸੁਰੱਖਿਅਤ ਹੈ, ਤਰੀਕਾ ਵਿਹਾਰਕ ਹੈ, ਅਤੇ ਟ?ਰੈਫਿਕ ਭੀੜ ਨੂੰ ਧਿਆਨ ਵਿੱਚ ਰੱਖਦੇ ਹੋਏ ਜਲਦੀ ਹੀ ਕੰਮ ਸ਼ੁਰੂ ਕਰਨਾ ਮਹੱਤਵਪੂਰਨ ਹੈ,÷ ਪ੍ਰਵੇਸ਼ ਸਾਹਿਬ ਸਿੰਘ ਨੇ ਕਿਹਾ। ਇੱਕ ਵਾਰ ਮਨਜ਼ੂਰੀ ਮਿਲਣ ਤੋਂ ਬਾਅਦ, ਕੰਮ ਮਾਨਸੂਨ ਤੋਂ ਬਾਅਦ ਸ਼ੁਰੂ ਹੋਵੇਗਾ ਅਤੇ ਇਸਨੂੰ 8 ਮਹੀਨਿਆਂ ਵਿੱਚ ਪੂਰਾ ਕਰਨ ਦਾ ਟੀਚਾ ਹੈ। ਇਸ ਵੇਲੇ, ਅਧੂਰੇ ਅੰਡਰਪਾਸ ਦੇ ਕਾਰਨ, ਟ?ਰੈਫਿਕ ਨੂੰ ਬੈਰੀਕੇਡਿੰਗ ਅਤੇ ਅਸਥਾਈ ਡਾਇਵਰਸ਼ਨਾਂ ਰਾਹੀਂ ਕੰਟਰੋਲ ਕੀਤਾ ਜਾ ਰਿਹਾ ਹੈ, ਜਿਸ ਕਾਰਨ ਰਿੰਗ ਰੋਡ, ਭੈਰੋ ਮਾਰਗ ਅਤੇ ਸਰਾਏ ਕਾਲੇ ਖਾਨ ਖੇਤਰ 'ਤੇ ਅਕਸਰ ਟ?ਰੈਫਿਕ ਜਾਮ ਹੁੰਦਾ ਰਹਿੰਦਾ ਹੈ। ਨਿਰਮਾਣ ਪੂਰਾ ਹੋਣ ਤੋਂ ਬਾਅਦ, ਇਹ ਭਾਗ ਦੋਵਾਂ ਦਿਸ਼ਾਵਾਂ ਵਿੱਚ ਨਿਰਵਿਘਨ ਆਵਾਜਾਈ ਨੂੰ ਯਕੀਨੀ ਬਣਾਏਗਾ। ÷ਸਾਡਾ ਉਦੇਸ਼ ਦਿੱਲੀ ਨੂੰ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ ਪ੍ਰਦਾਨ ਕਰਨਾ ਹੈ ਜਿਸ ਵਿੱਚ ਸੁਰੱਖਿਆ ਅਤੇ ਸਥਿਰਤਾ ਦੋਵੇਂ ਹੋਣ। ਜਿਵੇਂ ਹੀ ਸਾਨੂੰ ਇਜਾਜ਼ਤ ਮਿਲੇਗੀ, ਅਸੀਂ ਕੰਮ ਸ਼ੁਰੂ ਕਰ ਦੇਵਾਂਗੇ,÷ ਮੰਤਰੀ ਨੇ ਸਪੱਸ਼ਟ ਕੀਤਾ। ਵਿਭਾਗ ਢੁਕਵੇਂ ਸਾਈਨ ਬੋਰਡ ਲਗਾਏਗਾ ਤਾਂ ਜੋ ਭਾਰੀ ਵਾਹਨ ਸੀਮਤ ਉਚਾਈ ਅਤੇ ਚੌੜਾਈ ਵਾਲੇ ਇਸ ਅੰਡਰਪਾਸ ਵਿੱਚ ਦਾਖਲ ਨਾ ਹੋ ਸਕਣ।

# ਮਾਲੇਰਕੋਟਲਾ ਪੁਲਸ ਨੇ ਸੁਲਝਾਈ ਅੰਨ੍ਹੇ ਕਤਲ ਦੀ ਗੁੱਥੀ ! ਹੋਏ ਸਨਸਨੀਖੇਜ਼ ਖ਼ੁਲਾਸੇ

**ਕੌਮੀ ਪਤ੍ਰਿਕਾ**

ਮਾਲੇਰਕੋਟਲਾ 7 ਜੁਲਾਈ। ਕਪਤਾਨ ਪੁਲਸ (ਇੰਨਵੈਸਟੀਗੇਸ਼ਨ) ਮਾਲੇਰਕੋਟਲਾ ਸਤਪਾਲ ਸ਼ਰਮਾ, ਕਪਤਾਨ ਪੁਲਸ ਸਬ ਡਵੀਜ਼ਨ ਅਹਿਮਦਗੜ੍ਹ ਰਾਜਨ ਸ਼ਰਮਾ ਦੀ ਨਿਗਰਾਨੀ ਤਹਿਤ ਐੱਸ. ਆਈ. ਮੁੱਖ ਅਫਸਰ ਥਾਣਾ ਸਦਰ ਅਹਿਮਦਗੜ੍ਹ ਦਰਸ਼ਨ ਸਿੰਘ ਵੱਲੋਂ ਅੰਨੇ ਕਤਲ ਕੇਸ ਦੀ ਗੁੱਥੀ ਨੂੰ ਸੁਲਝਾਉਂਦੇ ਹੋਏ ਕਾਤਲ ਨੂੰ ਗ੍ਰਿਫ਼ਤਾਰ ਕਰਨ 'ਚ ਕਾਮਯਾਬੀ ਹਾਸਲ ਕੀਤੀ ਹੈ। ਜ਼ਿਕਰਯੋਗ ਹੈ ਕਿ ਮੁਕੱਦਮਾ ਨੰਬਰ 89 ਮਿਤੀ 01.07.25 ਨੂੰ ਥਾਣਾ ਸਦਰ ਅਹਿਮਦਗੜ੍ਹ ਬਰਬਿਆਨ ਬਸੀਰ ਖਾਨ ਪੁੱਤਰ ਸਿਵਰਾਤੀ ਖਾਨ ਵਾਸੀ ਦਹਿਲੀਜ ਕਲਾਂ ਬਰਖਿਲਾਫ ਅਬਦੁੱਲ ਗੁਫਾਰ ਪੁੱਤਰ ਲਾਲਦੀਨ ਵਾਸੀ ਦਹਿਲੀਜ ਕਲਾਂ ਜ਼ਿਲਾ ਮਾਲੇਰਕੋਟਲਾ ਦੇ ਦਰਜ ਰਜਿਸਟਰ ਕੀਤਾ ਗਿਆ ਕਿ ਬਸੀਰ ਖਾਨ ਦੀ ਪਤਨੀ ਸਕੀਨਾ ਬੇਗਮ (42 ਸਾਲ) ਜੋ ਕਿ ਅਹਿਮਦਗੜ ਵਿਖੇ ਝਾੜੂ ਪੋਚੇ ਲਗਾਉਣ ਦਾ ਕੰਮਕਾਰ ਕਰਦੀ ਸੀ ਅਤੇ ਪਿੰਡ ਦੇ ਹੀ ਅਕਸਰ ਅਬਦੁੱਲ ਗੁਫਾਰ ਉਰਫ ਨਿੰਮ ਨਾਲ ਉਸਦੀ ਮਹਿੰਦਰਾ ਪਿੱਕ ਅੱਪ ਗੱਡੀ ਵਿਚ ਬੈਠ ਕੇ ਅਹਿਮਦਗੜ੍ਹ ਨੂੰ ਆਉਂਦੀ ਜਾਂਦੀ ਸੀ। 29 ਜੂਨ 2025 ਨੂੰ ਬਸੀਰ ਖਾਨ ਦੀ ਲੜਕੀ ਨੇ ਉਸਨੂੰ ਦੱਸਿਆ ਕਿ "ਦੋਸ਼ੀ ਅਬਦੁਲ ਗਫਾਰ ਉਰਫ ਨਿੰਮ ਉਸਦੀ ਮਾਤਾ ਸਕੀਨਾ ਬੇਗਮ ਨੂੰ ਆਪਣੇ ਮੋਟਰਸਾਈਕਲ 'ਤੇ ਲੈ ਗਿਆ ਸੀ ਅਤੇ ਬਾਅਦ 'ਚ ਉਸ ਨੂੰ ਦੋਸ਼ੀ ਅਬਦੁਲ ਗਫਾਰ ਨੇ ਫੋਨ ਕਰ ਕੇ ਕਿਹਾ ਕਿ ਤੇਰੀ ਅੰਮੀ ਬੀਮਾਰ ਹੈ, ਤੂੰ ਤਿਆਰ ਹੋ ਜਾ, ਆਪਾਂ ਤੇਰੀ ਅੰਮੀ ਨੂੰ ਦਵਾਈ ਦਵਾਉਣ ਜਾਣਾ ਹੈ ਜਿਸ 'ਤੇ ਦੋਸ਼ੀ ਅਬਦੁਲ ਗਫਾਰ ਲੜਕੀ ਨੂੰ ਨਾਲ ਲੈ ਗਿਆ ਪਰ ਕਿਤੇ ਵੀ ਸਕੀਨਾ ਬੇਗਮ ਦਾ ਪਤਾ ਨਾ ਲੱਗਣ ਕਰ ਕੇ ਦੋਸ਼ੀ ਅਬਦੁਲ ਗਫਾਰ ਉਰਫ ਨਿੰਮ ਨੇ ਲੜਕੀ ਨੂੰ ਪਿੰਡ ਦਹਿਲੀਜ਼ ਕਲਾਂ ਵਾਪਸ ਭੇਜ ਦਿੱਤਾ। ਅਗਲੇ ਦਿਨ ਮੁੱਦਈ ਬਸੀਰ ਖਾਨ ਨੂੰ ਇੰਟਰਨੈੱਟ ਰਾਹੀਂ ਉਸ ਦੀ ਪਤਨੀ ਸ਼ਕੀਨਾ ਬੇਗਮ ਦੀ ਮੌਤ ਹੋਣ ਬਾਰੇ ਪਤਾ ਲੱਗਾ। ਜਿਸ ਤੋਂ ਬਾਅਦ ਮੁੱਦਈ ਬਸੀਰ ਖਾਨ ਦੇ ਬਿਆਨ 'ਤੇ ਉਕਤ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। ਦੌਰਾਨੇ ਤਫਤੀਸ਼ ਦੋਸ਼ੀ ਅਬਦੁਲ ਗਫਾਰ ਨੂੰ ਮਿਤੀ 3 ਜੁਲਾਈ 2025 ਨੂੰ ਕਾਬੂ ਕਰ ਕੇ ਗ੍ਰਿਫਤਾਰ ਕੀਤਾ ਗਿਆ। ਦੋਸ਼ੀ ਅਬਦੁਲ ਗਫਾਰ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਸ ਦੀ ਸਕੀਨਾ ਬੇਗਮ ਨਾਲ ਦੋਸਤੀ ਸੀ ਪਰ ਹੁਣ ਉਸਨੂੰ ਸ਼ੱਕ ਸੀ ਕਿ ਸਕੀਨਾ ਬੇਗਮ ਕਿਸੇ ਹੋਰ ਨਾਲ ਵੀ ਗੱਲਬਾਤ ਕਰਦੀ ਹੈ। ਜਦੋਂ ਉਸ ਨੇ ਸਕੀਨਾ ਬੇਗਮ ਨੂੰ ਇਸ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਉਸਨੂੰ ਤਾਂ ਉਸ ਦੇ ਰਿਸ਼ਤੇਦਾਰ ਵੀ ਫੋਨ ਕਰਦੇ ਹਨ ਅਤੇ ਹੋਰ ਵੀ ਫੋਨ ਕਰਦੇ ਹਨ। ਜੋ ਸਕੀਨਾ ਬੇਗਮ ਦੀਆਂ ਗੱਲਾਂ ਤੋਂ ਗੁੱਸੇ 'ਚ ਆ ਕੇ ਅਬਦੁਲ ਗਫਾਰ ਨੇ ਸਕੀਨਾ ਬੇਗਮ ਦੇ ਸਿਰ 'ਚ ਰਾਡ ਮਾਰ ਕੇ ਉਸ ਦਾ ਕਤਲ ਕਰ ਦਿੱਤਾ। ਦੋਸ਼ੀ ਦਾ ਮਾਣਯੋਗ ਅਦਾਲਤ ਪਾਸੋਂ ਪੁਲਸ ਰਿਮਾਂਡ ਹਾਸਲ ਕਰ ਕੇ ਹੋਰ ਡੂੰਘਾਈ ਨਾਲ ਪੜਤਾਲ ਕੀਤੀ ਜਾਵੇਗੀ।

# ਵੈਕਟਰ-ਬੌਰਨ ਬਿਮਾਰੀਆਂ ਨੂੰ ਲੈ ਕੇ ਪੰਜਾਬ 'ਚ ਐਡਵਾਈਜ਼ਰੀ ਜਾਰੀ ਨਜ਼ਰ ਆਉਣ ਇਹ ਲੱਛਣ ਤੋਂ ਸਾਵਧਾਨ

**ਕੌਮੀ ਪਤ੍ਰਿਕਾ**

ਲੁਧਿਆਣਾ 7 ਜੁਲਾਈ। ਮਾਨਸੂਨ ਸੀਜ਼ਨ ਦੀ ਸ਼ੁਰੂਆਤ ਦੇ ਨਾਲ, ਸਿਹਤ ਵਿਭਾਗ ਨੇ ਆਮ ਜਨਤਾ ਲਈ ਪਾਣੀ ਤੋਂ ਹੋਣ ਵਾਲੀਆਂ, ਭੋਜਨ ਤੋਂ ਹੋਣ ਵਾਲੀਆਂ ਅਤੇ ਵੈਕਟਰ-ਬੌਰਨ ਬਿਮਾਰੀਆਂ 'ਚ ਸੰਭਾਵਿਤ ਵਾਧੇ ਤੋਂ ਬਚਾਅ ਲਈ ਇਕ ਮਹੱਤਵਪੂਰਨ ਐਡਵਾਈਜ਼ਰੀ ਜਾਰੀ ਕੀਤੀ ਹੈ। ਸਿਵਲ ਸਰਜਨ, ਲੁਧਿਆਣਾ ਡਾ. ਰਮਨਦੀਪ ਕੌਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਨਾਜ਼ੁਕ ਸੀਜ਼ਨ ਦੌਰਾਨ ਡਾਇਰੀਆ, ਟਾਈਫਾਈਡ, ਪੀਲੀਆ, ਡੇਂਗੂ ਅਤੇ ਮਲੇਰੀਆ ਵਰਗੀਆਂ ਬਿਮਾਰੀਆਂ ਤੋਂ ਬਚਣ ਲਈ ਸਫਾਈ ਅਤੇ ਰੋਕਥਾਮ ਉਪਾਅ ਅਪਣਾਉਣ। ਡਾ. ਰਮਨਦੀਪ ਕੌਰ ਨੇ ਸਿਰਫ ਤਾਜ਼ਾ ਘਰ ਦਾ ਬਣਿਆ ਭੋਜਨ ਖਾਣ 'ਤੇ ਜ਼ੋਰ ਦਿੱਤਾ, ਖਾਸ ਕਰ ਕੇ ਮੀਟ, ਮੱਛੀ ਅਤੇ ਆਂਡੇ ਚੰਗੀ ਤਰ੍ਹਾਂ ਪਕਾਏ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਬਰਸਾਤ ਦੇ ਮੌਸਮ ਵਿਚ ਸੜਕ ਕਿਨਾਰੇ ਵੇਚਣ ਵਾਲਿਆਂ ਤੋਂ ਖਾਣਾ ਖਾਣ ਤੋਂ ਪਰਹੇਜ਼ ਕਰੋ, ਕਿਉਂਕਿ ਅਜਿਹਾ ਭੋਜਨ ਅਕਸਰ ਗੰਦਗੀ ਦੇ ਸੰਪਰਕ 'ਚ ਆਉਂਦਾ ਹੈ। ਫਲਾਂ ਅਤੇ ਸਬਜ਼ੀਆਂ ਨੂੰ ਵਰਤੋਂ ਤੋਂ ਪਹਿਲਾਂ ਨਮਕ ਵਾਲੇ ਪਾਣੀ ਜਾਂ ਸਿਰਕੇ ਦੇ ਘੋਲ 'ਚ ਚੰਗੀ ਤਰ੍ਹਾਂ ਧੋਣਾ ਚਾਹੀਦਾ ਹੈ ਅਤੇ ਫਲਾਂ ਨੂੰ ਜਿੰਨਾ ਸੰਭਵ ਹੋ ਸਕੇ ਛਿੱਲ ਕੇ ਖਾਣਾ ਚਾਹੀਦਾ ਹੈ। ਸੁਰੱਖਿਅਤ ਪੀਣ ਵਾਲੇ ਪਾਣੀ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਪੀਣ ਅਤੇ ਖਾਣਾ ਪਕਾਉਣ ਲਈ ਫਿਲਟਰ ਕੀਤੇ, ਉਬਲੇ ਹੋਏ ਜਾਂ ਸਾਫ ਪਾਣੀ ਦੀ ਵਰਤੋਂ ਕਰੋ। ਜਨਤਾ ਨੂੰ



ਬੈਕਟੀਰੀਆ ਦੇ ਵਾਧੇ ਨੂੰ ਰੋਕਣ ਲਈ ਭੋਜਨ ਨੂੰ ਸਹੀ ਢੰਗ ਨਾਲ ਸਟੋਰ ਕਰਨ ਦੀ ਵੀ ਸਲਾਹ ਦਿੱਤੀ ਗਈ ਹੈ। ਪਕਾਏ ਹੋਏ ਭੋਜਨ ਨੂੰ ਕਮਰੇ ਦੇ ਤਾਪਮਾਨ 'ਤੇ 2 ਘੰਟਿਆਂ ਤੋਂ ਵੱਧ ਨਹੀਂ ਛੱਡਣਾ ਚਾਹੀਦਾ। ਬਰਤਨ ਅਤੇ ਰਸੋਈ ਨੂੰ ਸਾਫ਼ ਰੱਖਣਾ ਚਾਹੀਦਾ ਹੈ ਅਤੇ ਸੁੱਕੇ ਭੋਜਨ ਨੂੰ ਹਵਾ ਬੰਦ ਡੱਬਿਆਂ 'ਚ ਸਟੋਰ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕਰਦਿਆਂ ਬਾਹਰੀ ਸਰੋਤਾਂ ਤੋਂ ਪੱਤੇਦਾਰ ਸਬਜ਼ੀਆਂ, ਕੱਚੇ ਸਲਾਦ ਅਤੇ ਚਟਣੀਆਂ ਦਾ ਸੇਵਨ ਕਰਨ ਤੋਂ ਬਚਣ ਲਈ ਕਿਹਾ। ਡਾ. ਕੌਰ ਨੇ ਚਿਤਾਵਨੀ ਦਿੱਤੀ ਕਿ ਸਮੁੰਦਰੀ ਭੋਜਨ ਅਤੇ ਦੁੱਧ ਦੇ ਉਤਪਾਦ ਜੋ ਸਹੀ ਢੰਗ ਨਾਲ ਸਟੋਰ ਨਹੀਂ ਕੀਤੇ ਜਾਂਦੇ, ਇਸ ਸੀਜ਼ਨ ਦੌਰਾਨ ਖਤਰਨਾਕ ਹੋ ਸਕਦੇ ਹਨ। ਡੇਂਗੂ ਅਤੇ ਮਲੇਰੀਆ ਵਰਗੀਆਂ ਵੈਕਟਰ-ਬੌਰਨ ਬਿਮਾਰੀਆਂ 'ਚ ਵਾਧੇ ਦੇ ਮੱਦੇਨਜ਼ਰ ਜਨਤਾ ਨੂੰ ਆਪਣੇ ਘਰਾਂ ਦੇ ਆਲੇ-ਦੁਆਲੇ ਖੜ੍ਹੇ ਪਾਣੀ ਨੂੰ ਖਤਮ ਕਰਨ ਲਈ ਕਿਹਾ ਗਿਆ ਹੈ। ਮੱਛਰਾਂ ਦੇ ਪ੍ਰਜਨਣ ਦੇ ਆਮ ਸਥਾਨਾਂ 'ਚ ਟਾਇਰ, ਫੁੱਲਾਂ ਦੇ ਗਮਲੇ, ਨਾਰੀਅਲ ਦੇ ਛਿਲਕੇ, ਟੁੱਟੇ ਹੋਏ ਡੱਬੇ ਅਤੇ ਖੁੱਲ੍ਹੇ ਪਾਣੀ ਦੇ ਟੈਂਕ ਸ਼ਾਮਲ ਹਨ। ਸਿਵਲ ਸਰਜਨ ਨੇ ਬੁਖਾਰ, ਉਲਟੀਆਂ, ਦਸਤ, ਧੱਫੜ, ਜਾਂ ਅੱਖਾਂ ਜਾਂ ਚਮੜੀ ਦੇ ਪੀਲੇ ਹੋਣ ਦੀ ਸਥਿਤੀ ਵਿਚ ਤੁਰੰਤ ਡਾਕਟਰੀ ਸਹਾਇਤਾ ਲੈਣ ਦੀ ਅਪੀਲ ਕੀਤੀ।

# ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਸਬੰਧੀ ਗੁਰਦੁਆਰਾ ਮੋਤੀ ਬਾਗ ਪਟਿਆਲਾ ਵਿਖੇ ਵਿਸ਼ਾਲ ਸਮਾਗਮ

**ਕੌਮੀ ਪਤ੍ਰਿਕਾ**

ਪਟਿਆਲਾ/ਅੰਮ੍ਰਿਤਸਰ, 7 ਜੁਲਾਈ: ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਗੁਰਦੁਆਰਾ ਮੋਤੀ ਬਾਗ ਸਾਹਿਬ, ਪਾਤਸ਼ਾਹੀ ਨੌਵੀਂ ਪਟਿਆਲਾ ਵਿਖੇ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਰਵਾਏ ਗਏ ਵਿਸ਼ਾਲ ਗੁਰਮਤਿ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਵੱਖ-ਵੱਖ ਪੰਥਕ ਬੁਲਾਰਿਆਂ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਦੇ ਸਰਬ-ਵਿਆਪੀ ਅਤੇ ਮਨੁੱਖ ਦੀ ਜ਼ਮੀਰ ਦੀ ਆਜ਼ਾਦੀ ਦੇ ਸੰਕਲਪ ਦੀ ਅਜੋਕੇ ਵਿਸ਼ਵ ਪ੍ਰਸੰਗ ਵਿਚ ਵਿਆਖਿਆ ਕਰਨ ਦੀ ਵੱਡੀ ਲੋੜ ਹੈ ਤਾਂ ਜੋ ਮਨੁੱਖਤਾ ਨੂੰ ਦਰਪੇਸ਼ ਧਾਰਮਿਕ, ਸੱਭਿਆਚਾਰਕ, ਸਮਾਜਿਕ ਅਤੇ ਰਾਜਨੀਤਕ ਸਮੱਸਿਆਵਾਂ ਦਾ ਢੁੱਕਵਾਂ ਹੱਲ ਮਿਲ ਸਕੇ। ਇਹ ਸਮਾਗਮ ਸੰਗਤ ਦੀ ਭਰਵੀਂ ਹਾਜ਼ਰੀ ਨਾਲ 350 ਸਾਲਾ ਸ਼ਤਾਬਦੀ ਦੀ ਪ੍ਰਭਾਵਸ਼ਾਲੀ ਆਰੰਭਤਾ ਹੋ ਨਿਬੜਿਆ। ਇਸ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਜਿੱਥੇ ਵੱਖ-ਵੱਖ ਪੰਥ ਪ੍ਰਸਿੱਧ ਰਾਗੀ ਜਥਿਆਂ ਨੇ ਗੁਰਬਾਣੀ ਦਾ ਕੀਰਤਨ ਕੀਤਾ, ਉੱਥੇ ਹੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਨੇ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਦੇ ਸੰਦਰਭ ਵਿਚ ਸੰਗਤ ਨੂੰ ਜੀਵਨ ਜੀਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਪੁੱਜੇ ਸ਼?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸਿਰਫ ਸਿੱਖ ਇਤਿਹਾਸ ਦਾ ਹੀ ਨਹੀਂ, ਸਗੋਂ ਵਿਸ਼ਵ ਦੇ ਧਰਮ ਇਤਿਹਾਸ ਅੰਦਰ ਮਾਨਵੀ ਕਦਰਾਂ-ਕੀਮਤਾਂ ਦੀ ਰਖਵਾਲੀ ਲਈ ਇਕ ਅਦੁੱਤੀ ਘਟਨਾ ਸੀ। ਉਨ੍ਹਾਂ ਦੇਸ਼ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਨੂੰ ਆਗਾਹ ਕੀਤਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਇਤਿਹਾਸ ਦੀ ਖੋਜ ਦੇ ਕਾਰਜ ਕਰਨ ਵੇਲੇ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਗੁਰੂ ਸਾਹਿਬ ਦੀ ਸ਼ਹਾਦਤ ਦੀ ਮੌਲਿਕਤਾ ਤੇ ਪ੍ਰਮਾਣਿਕਤਾ ਬਰਕਰਾਰ ਰਹੇ



ਅਤੇ ਗੁਰੂ ਸਾਹਿਬ ਵਲੋਂ ਮਜ਼?ਹਬਾਂ ਦੀ ਵਲਗਣ ਤੋਂ ਉੱਪਰ ਉੱਠ ਕੇ ਮਨੁੱਖ ਦੀ ਜ਼ਮੀਰ ਦੀ ਆਜ਼ਾਦੀ ਲਈ ਦਿੱਤੀ ਮਹਾਨ ਕੁਰਬਾਨੀ ਦਾ ਸਹੀ ਵਿਖਿਆਨ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਜਿਹੀ ਚੇਤਨਾ ਇਸ ਲਈ ਜ਼ਰੂਰੀ ਹੈ ਕਿਉਂਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਇਤਿਹਾਸ ਤੇ ਸੰਕਲਪ ਸਰਬ-ਵਿਆਪੀ ਹੈ ਅਤੇ ਇਸ ਦੀ ਵਿਆਖਿਆ ਵੀ ਇਸੇ ਰੂਪ ਵਿਚ ਸੋਧਿਤ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸ਼?ਰੋਮਣੀ ਕਮੇਟੀ ਵੀ ਆਪਣੇ ਸਾਧਨਾਂ ਰਾਹੀ ਯਤਨਸ਼ੀਲ ਹੈ ਕਿ ਨੌਵੇਂ ਪਾਤਸ਼ਾਹ ਦੇ ਜੀਵਨ ਤੇ ਸ਼ਹਾਦਤ ਦੇ ਇਤਿਹਾਸ ਨੂੰ ਮੌਲਿਕ ਰੂਪ ਵਿਚ ਸ਼ਤਾਬਦੀ ਮੌਕੇ ਪੇਸ਼ ਕੀਤਾ ਜਾਵੇ। ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦਾ ਸੰਕਲਪ ਧਾਰਮਿਕ ਅਜ਼ਾਦੀ ਸੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਕਿਸੇ ਮਜ਼?ਹਬ ਵਿਸ਼ੇਸ਼ ਦੇ ਵਿਰੋਧੀ ਨਹੀਂ ਸਗੋਂ ਮਜ਼ਲੂਮਾਂ ਦੇ ਮਸੀਹਾ ਸਨ। ਜੇਕਰ ਹਿੰਦੂ ਸਮਾਜ ਦੀ ਬਜਾਇ ਕਿਸੇ ਹੋਰ ਮਜ਼?ਹਬ ਦੇ ਲੋਕਾਂ ਉੱਤੇ ਵੀ ਧਰਮ ਨਿਭਾਉਣ ਨੂੰ ਲੈ ਕੇ ਸੰਕਟ ਬਣਿਆ ਹੁੰਦਾ ਤਾਂ ਗੁਰੂ ਸਾਹਿਬ ਦਾ ਉਸ ਪ੍ਰਤੀ ਵੀ ਇਹੀ ਨਿਰਣਾ ਹੋਣਾ ਸੀ। ਉਨ੍ਹਾਂ ਸਿੱਖ ਸੰਗਤ ਨੂੰ ਪ੍ਰੇਰਨਾ ਦਿੱਤੀ ਕਿ ਬੇਸ਼ੱਕ ਸਾਡੇ ਉੱਤੇ ਕਿੰਨੀਆਂ ਵੀ ਔਕੜਾਂ ਆ ਜਾਣ ਸਾਡਾ ਮੁੱਖ ਹਮੇਸ਼ਾ ਗੁਰੂ ਵੱਲ ਰਹਿਣਾ ਚਾਹੀਦਾ ਹੈ। ਉਨ੍ਹਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜਸਿ ਦੀ ਦ੍ਰਿੜ੍ਹਤਾ ਤੋਂ ਸੇਧ ਲੈਣ ਦੀ ਗੱਲ ਵੀ ਆਖੀ। ਉਨ੍ਹਾਂ ਧਾਰਮਿਕ ਆਜ਼ਾਦੀ ਦੇ ਪ੍ਰਸੰਗ ਵਿਚ ਬੰਦੀ ਸਿੰਘਾਂ ਦੀ ਰਿਹਾਈ ਲਈ ਵੀ ਕੌਮੀ ਭਾਵਨਾ ਪ੍ਰਗਟਾਈ। ਇਸੇ ਦੌਰਾਨ ਸ਼?ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਨੇ ਸ਼ਤਾਬਦੀ ਦਿਹਾੜੇ ਕੌਮੀ ਇਕਜੁਟਤਾ ਨਾਲ ਮਨਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਮੁੱਚੀ ਕੌਮ ਵਲੋਂ ਸਾਂਝੇ ਤੌਰ ਤੇ ਮਨਾਏ ਸ਼ਤਾਬਦੀ ਦਿਹਾੜੇ ਦੇਸ਼ ਦੁਨੀਆ ਵਿੱਚ ਵੱਡਾ ਪ੍ਰਭਾਵ ਦੇਣਗੇ। ਸ਼?ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸ. ਬਲਵਿੰਦਰ ਸਿੰਘ ਭੂੰਦੜ ਨੇ ਆਪਣੇ ਸੰਬੋਧਨ ਵਿੱਚ ਕੁਰਬਾਨੀਆਂ ਭਰੇ ਇਤਿਹਾਸ ਦੀ ਅਮੀਰੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਨ੍ਹਾਂ ਇਤਿਹਾਸਕ ਦਿਹਾੜਿਆਂ ਮੌਕੇ ਨੌਜਵਾਨੀ ਨੂੰ ਆਪਣੇ ਵਿਰਸੇ ਨਾਲ ਜੋੜਨ ਦੇ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਅੱਜ ਕੌਮ ਦੀ ਸ਼ਕਤੀ ਨੂੰ ਕੰਮਜੋਰ ਕਰਨ ਲਈ ਹਮਲੇ ਹੋ ਰਹੇ ਹਨ ਜਿਨ੍ਹਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਸਮਾਗਮ ਦੌਰਾਨ ਪ੍ਰਮੁੱਖ ਸਖਸ਼ੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸ਼?ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ ਕਿਰਪਾਲ ਸਿੰਘ ਬਡੂੰਗਰ, ਸੀਨੀਅਰ ਅਕਾਲੀ ਆਗੂ ਸ. ਬਲਵਿੰਦਰ ਸਿੰਘ ਭੂੰਦੜ, ਸ. ਦਰਬਾਰਾ ਸਿੰਘ ਗੁਰੂ, ਸ. ਤੇਜਿੰਦਰ ਸਿੰਘ ਮਿੱਡੂਖੇੜਾ, ਸ਼?ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਗੜ੍ਹੀ, ਸ. ਰਵਿੰਦਰ ਸਿੰਘ ਖਾਲਸਾ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵੱਡ, ਸ. ਗੁਰਮੀਤ ਸਿੰਘ ਬੂਹ, ਸ. ਜਸਮੇਰ ਸਿੰਘ ਲਾਛੜੂ, ਸ. ਹਰਪਾਲ ਸਿੰਘ ਜੱਲਾ, ਭਾਈ ਅਜਾਇਬ ਸਿੰਘ ਅਭਿਆਸੀ, ਸ. ਸੁਖਵਰਸ ਸਿੰਘ ਪੰਨੂ, ਜਥੇਦਾਰ ਰਘਬੀਰ ਸਿੰਘ ਸਹਾਰਨਮਾਜਰਾ, ਬੀਬੀ ਕੁਲਦੀਪ ਕੌਰ ਟੌਹੜਾ, ਸ. ਸਤਵਿੰਦਰ ਸਿੰਘ ਟੌਹੜਾ, ਸ. ਸੁਖਦੇਵ ਸਿੰਘ, ਸ. ਜਰਨੈਲ ਸਿੰਘ ਕਰਤਾਰਪੁਰ, ਸ. ਗੁਰਪ੍ਰੀਤ ਸਿੰਘ ਰਾਜੂ ਖੰਨਾ, ਸ. ਇੰਦਰਮੋਹਨ ਸਿੰਘ ਬਜਾਜ, ਸਾਬਕਾ ਮੈਂਬਰ ਪਾਰਲੀਮੈਂਟ ਮਹਾਰਾਣੀ ਪ੍ਰਨੀਤ ਕੌਰ, ਸ. ਅੰਮ੍ਰਿਤਪਾਲ ਸਿੰਘ ਕੁਲਾਰ, ਸਕੱਤਰ ਸ. ਪ੍ਰਤਾਪ ਸਿੰਘ, ਇੰਜੀ ਸੁਖਮਿੰਦਰ ਸਿੰਘ, ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ, ਸ. ਹਰਭਜਨ ਸਿੰਘ ਵਕਤਾ, ਸਾਬਕਾ ਸਕੱਤਰ ਸ. ਪਰਮਜੀਤ ਸਿੰਘ ਸਰੋਆ, ਹੈੱਡ ਗ੍ਰੰਥੀ ਗਿਆਨੀ ਪ੍ਰਨਾਮ ਸਿੰਘ, ਗਿਆਨੀ ਪ੍ਰਿਤਪਾਲ ਸਿੰਘ, ਗਿਆਨੀ ਫੂਲਾ ਸਿੰਘ, ਮੈਨੇਜਰ ਸ. ਭਾਗ ਸਿੰਘ, ਬਾਬਾ ਮਨਮੋਹਨ ਸਿੰਘ ਬਾਰਨਵਾਲੇ, ਬਾਬਾ ਭੁਪਿੰਦਰ ਸਿੰਘ ਪਟਿਆਲਾ, ਗਿਆਨੀ ਸ਼ੇਰ ਸਿੰਘ, ਬਾਬਾ ਨਛੱਤਰ ਸਿੰਘ ਕੱਲਰਭੈਣੀ, ਸ. ਤਲਵਿੰਦਰ ਸਿੰਘ ਬੁੱਟਰ, ਬਾਬਾ ਕਰਮਵੀਰ ਸਿੰਘ ਬੇਦੀ, ਬਾਬਾ ਦਵਿੰਦਰ ਸਿੰਘ ਸਰਾਨਾ, ਬਾਬਾ ਸਰਬਜੀਤ ਸਿੰਘ ਭੱਲਾ, ਬਾਬਾ ਅਰਜਨ ਸਿੰਘ ਆਲਮਪੁਰ, ਸ. ਜਗਜੀਤ ਸਿੰਘ ਦਰਦੀ, ਡਾ ਧਰਮਿੰਦਰ ਸਿੰਘ ਉੱਭਾ, ਇੰਚਾਰਜ ਸ. ਬਲਦੇਵ ਸਿੰਘ, ਸ.ਅਮਰਿੰਦਰ ਸਿੰਘ ਬਜਾਜ, ਸ. ਜਸਪਾਲ ਸਿੰਘ ਬਿੱਟੂ ਚੱਠਾ, ਸ.ਸੁਰਜੀਤ ਸਿੰਘ ਬਘੌਰਾ, ਸ. ਕ੍ਰਿਸ਼ਨ ਸਿੰਘ ਸਨੌਰ, ਬੀਬੀ ਹਰਪ੍ਰੀਤ ਕੌਰ ਮੁਖਮੈਲਪੁਰ, ਬੰਦੀ ਸਿੰਘ ਭਾਈ ਨੰਦ ਸਿੰਘ, ਸ. ਸੁਰਜੀਤ ਸਿੰਘ ਰੱਖੜਾ, ਸ. ਹਰਿੰਦਰਪਾਲ ਸਿੰਘ ਚੰਦੂਮਾਜਰਾ, ਸ. ਅਮਿਤ ਸਿੰਘ ਰਾਠੀ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।